# ਸੋਧ

ਅਪ੍ਰੈਲ 1979 (ਜਿਲਦ 8 ਨੰਬਰ 4)

**April 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price : Rs. 1.50
APRIL 1979
Vol. 8
No. 4

"...before the proletariat fights out its battles on the barricades, it announces the coming of its rule in a series of intellectual victories." Marx

# ਸੇਧ

## ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


- ਆਏ ਇਨਕਲਾਬ ਕੁਰਾਹੇ ਕਿਉਂ ? — ਕਿਸ਼ਨ ਸਿੰਘ
- ਪੰਜਾਬੀ ਆਲੋਚਨਾ ਤੇ ਪੱਛਮੀ-ਆਲੋਚਨਾ-ਪ੍ਰਣਾਲੀ—2
  ਅਮਰੀਕਾ ਦਾ 'ਨਵੀਨ ਆਲੋਚਨਾ ਸਕੂਲ' — ਡਾ: ਰਵਿੰਦਰ ਸਿੰਘ ਰਵੀ
- ਪੰਜਾਬ ਵਿਚ ਮਾਰਕਸਵਾਦ-14
  ਸਾਮਰਾਜ-ਵਿਰੋਧੀ ਕੌਮੀ ਲਹਿਰ (1936-39) — ਭਗਵਾਨ ਸਿੰਘ ਜੋਸ਼
- ਪ੍ਰੀਤ-ਫਲਸਫ਼ੇ ਦੀ ਸ਼ਵ-ਪ੍ਰੀਖਿਆ—6
  ਮਾਰਕਸਵਾਦ ਦੀ ਚਾਦਰ — ਹਿੰਮਤ ਸਿੰਘ ਸੋਢੀ
- ਨਾਨਕ ਸਿੰਘ ਦਾ ਨਾਵਲ 'ਅਧਖਿੜਿਆ ਫ਼ੁਲ'
  ਇਸ਼ਕ ਨਾ ਏਡ ਆਸਾਨ — ਹਰਚਰਨ ਸਿੰਘ ਸੋਬਤੀ
- ਭਵਾਨੀ—ਕੁਝ ਸਮਸਿਆਵਾਂ — ਸੁਰਜੀਤ ਗਿੱਲ
- ਲੇਖਕ/ਪਾਠਕ ਕਹਿੰਦੇ ਹਨ — ਪਰਮਜੀਤ, ਦਲੇਰ ਸੰਧੂ ਤੇ ਸਾਥੀ, ਬਲਬੀਰ ਸਿੰਘ ਅਤੇ ਕੁਝ ਹੋਰ


Edited, Printed & Published By
Gurvel Singh Pannu,

S E D H, A/42, Defence Colony,
New Delhi-110024. Ph. No. 626300

Hony. Co Editor
Harcharan Singh Sobti

Printed at 'LOK PRINTERS'
A1/12 Krishan Nagar, Delhi-51

## 'ਸੇਧ' ਇਕ ਸਾਲ ਲਈ ਬਿਲਕੁਲ ਮੁਫ਼ਤ

**ਸੇਧ** ਪੰਜਾਬੀ ਦਾ ਇਕੋ-ਇਕ ਮਾਸਕ ਪਤਰ ਹੈ, ਜਿਹੜਾ ਮਾਰਕਸਵਾਦ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਉਹਦੀਆਂ ਅਜੋਕੀਆਂ ਸਮੱਸਿਆਵਾਂ ਦਾ ਨਿਤਾਰਾ ਕਰਦਾ ਹੈ। ਇਸ ਉਪਰੰਤ ਇਹ ਸਮਕਾਲੀ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਮਾਮਲਿਆਂ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਘੋਖਦਾ ਹੈ।

ਮਾਰਕਸਵਾਦ ਇਕ ਵਿਗਿਆਨ ਹੈ। ਇਸੇ ਕਰ ਕੇ ਹਰ ਵਿਗਿਆਨ ਵਾਂਗ ਇਹਦੀ ਆਪਣੀ ਹੀ ਇਕ ਸ਼ਬਦਾਵਲੀ ਹੈ। ਇਸ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਵਿਸ਼ੇਸ਼ ਪਿਛੋਕੜ, ਵਿਸ਼ੇਸ਼ ਸੰਕਲਪ-ਪਸਾਰਾ ਅਤੇ ਵਿਸ਼ੇਸ਼ ਅਰਥ ਹੁੰਦਾ ਹੈ।

ਸਾਡੇ ਕਈਆਂ ਪਾਠਕਾਂ ਨੇ ਮਾਰਕਸਵਾਦੀ ਸ਼ਬਦਾਵਲੀ ਦੀ ਪੂਰੀ ਪੂਰੀ ਜਾਣਕਾਰੀ ਨਾ ਹੋਣ ਦੀ ਆਪਣੀ ਸਮਸਿਆ ਸਾਡੇ ਸਾਹਮਣੇ ਰਖੀ ਹੈ ਅਤੇ ਸਾਥੋਂ ਇਹਦੇ ਬਾਰੇ ਪੁਛਿਆ ਹੈ। ਇਹ ਉਹਨਾਂ ਪਾਠਕਾਂ ਦੀ ਹੀ ਸਮਸਿਆ ਨਹੀਂ ਹੈ, ਜਿਨ੍ਹਾਂ ਨੇ ਸਾਨੂੰ ਚਿੱਠੀਆਂ ਲਿਖ ਕੇ ਅਜਿਹਾ ਪੁਛਿਆ ਹੈ, ਸਗੋਂ ਇਹ ਬਹੁਤ ਵੱਧ ਫੈਲਵੀਂ ਅਤੇ ਡੂੰਘੀ ਹੈ।

ਸਾਰੀਆਂ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਨੂੰ ਹੀ ਇਹ ਮਾਣ ਹੈ ਕਿ ਇਸ ਵਿਚ ਸਭ ਤੋਂ ਪਹਿਲਾਂ ਮਾਰਕਸਵਾਦੀ ਸ਼ਬਦਾਂ ਦਾ ਕੋਸ਼ ਤਿਆਰ ਹੋਇਆ ਹੈ। ਮਾਰਕਸਵਾਦੀ ਸਾਹਿਤ ਦੇ ਅਨੁਵਾਦਕ, ਸੰਪਾਦਕ, ਅਤੇ ਪੰਜਾਬੀ ਲੇਖਕ ਸ: ਗੁਰਬਚਨ ਸਿੰਘ ਭੁੱਲਰ ਨੇ **ਅਰਥ-ਸ਼ਾਸਤਰ ਅਤੇ ਰਾਜਨੀਤੀ ਦਾ ਸ਼ਬਦਕੋਸ਼** ਤਿਆਰ ਕਰਦਿਆਂ ਜਿਥੇ ਮਾਰਕਸਵਾਦੀ ਸਾਹਿਤ ਵਿਚ ਆਉਂਦੇ ਸ਼ਬਦਾਂ ਦੇ ਅੰਗਰੇਜ਼ੀ ਰੂਪ ਦੇ ਟਾਕਰੇ ਦੇ ਪੰਜਾਬੀ ਸ਼ਬਦ ਦਿਤੇ ਹਨ, ਉਥੇ ਹਰੇਕ ਸ਼ਬਦ ਦੀ ਲੜੀ ਦੀ ਵਿਆਖਿਆ ਵੀ ਕੀਤੀ ਹੈ। ਇਹ ਮਾਰਕਸਵਾਦੀ ਸਾਹਿਤ ਦੇ ਪਾਠਕਾਂ ਤੋਂ ਇਲਾਵਾ ਅਧਿਆਪਕਾਂ, ਵਿਦਿਆਰਥੀਆਂ, ਖੋਜਕਾਰਾਂ ਅਤੇ ਅਨੁਵਾਦਕਾਂ ਲਈ ਵੀ ਇਕ ਵਡਮੁੱਲੀ ਸੁਗਾਤ ਹੈ। ਕੋਸ਼ ਬਹੁਤ ਹੀ ਮਹੱਤਵਪੂਰਨ ਮਾਰਕਸਵਾਦੀ ਗ੍ਰੰਥ ਹੋਣ ਦੇ ਨਾਲ ਨਾਲ ਛਪਾਈ, ਕਪੜੇ ਦੀ ਪੱਕੀ ਜਿਲਦ ਅਤੇ ਕਵਰ ਦੇ ਪਖੋਂ ਵੀ ਅਦੁਤੀ ਹੈ।

**ਸੇਧ** ਅਤੇ **ਇਹ ਕੋਸ਼** ਵੱਧ ਤੋਂ ਵੱਧ ਪਾਠਕਾਂ ਤੱਕ ਪੁਜਦਾ ਕਰਨ ਦੀ ਇਕ ਵਿਉਂਤ ਅਧੀਨ, ਕੋਸ਼ ਦੀ 36 ਰੁਪਏ ਕੀਮਤ ਭੇਜਣ ਵਾਲੇ ਸੱਜਣ ਨੂੰ ਅਸੀਂ, ਡਾਕ-ਖ਼ਰਚ ਲਏ ਬਿਨਾਂ, ਇਹ ਗ੍ਰੰਥ ਰਜਿਸਟਰਡ-ਡਾਕ ਰਾਹੀਂ ਪੁਜਦਾ ਕਰਨ ਤੋਂ ਇਲਾਵਾ **ਸੇਧ** ਵੀ ਸਾਲ-ਭਰ ਮੁਫ਼ਤ ਭੇਜਾਂਗੇ। (**ਸੇਧ** ਦਾ ਸਾਲਾਨਾ ਚੰਦਾ 15 ਰੁਪਏ ਹੈ)।

ਪੁਰਾਣੇ ਪਾਠਕਾਂ ਦੇ ਚੰਦੇ ਵਿਚ, ਜੇ ਉਹ ਹੁਣ 36 ਰੁਪਏ ਸਾਨੂੰ ਭੇਜਣਗੇ, ਬਾਰਾਂ ਮਹੀਨੇ ਹੋਰ ਜੋੜ ਦਿਤੇ ਜਾਣਗੇ।

ਅੱਜ ਹੀ ਕੋਸ਼ ਦਾ ਮੁੱਲ 36 ਰੁਪਏ ਸਾਡੇ ਪਤੇ ਉਤੇ ਭੇਜ ਕੇ ਕੋਸ਼ ਅਤੇ ਸਾਲ ਭਰ ਲਈ ਮੁਫ਼ਤ **ਸੇਧ** ਪ੍ਰਾਪਤ ਕਰੋ।

—ਮੈਨੇਜਰ, **ਸੇਧ**



ਕਿਸ਼ਨ ਸਿੰਘ

## ਆਏ ਇਨਕਲਾਬ ਕੁਰਾਹੇ ਕਿਉਂ ?

ਸਰਮਾਏਦਾਰੀ ਦੇ ਵਿਰੁਧ ਇਨਕਲਾਬ ਲਿਆਉਣਾ ਕੋਈ ਖਾਲਾ ਜੀ ਦਾ ਵਾੜਾ ਤਾਂ ਨਹੀਂ, ਪਰ ਆਏ ਹੋਏ ਇਨਕਲਾਬ ਦਾ ਕੁਰਾਹੇ ਪੈ ਜਾਣਾ ਸਭ ਕੀਤੀ ਕੱਤਰੀ ਦਾ ਖੂਹ ਵਿਚ ਪੈ ਜਾਣਾ ਹੈ। ਲੈਨਿਨ ਦੀ ਅਗਵਾਈ ਹੇਠ ਰੂਸੀ ਪਰੋਲਤਾਰੀ ਦਾ ਲਿਆਂਦਾ ਹੋਇਆ ਇਨਕਲਾਬ ਉਲਟੇ ਪਾਸੇ ਤੁਰ ਪਿਆ। ਮਾਓ ਦੇ ਮਰਦਿਆਂ ਹੀ ਚੀਨੀ ਇਨਕਲਾਬ ਬੁਰਜੁਆ ਰਾਹੇ ਹੋ ਤੁਰਿਆ। ਇਹਨਾਂ ਦੀਆਂ ਉਲਟ-ਬਾਜ਼ੀਆਂ ਦੇ ਕਾਰਨਾਂ ਨੂੰ ਸਾਇੰਟਿਫਿਕ ਤੌਰ 'ਤੇ ਸਮਝਣਾ ਐਵੇਂ ਰਾਹ ਜਾਂਦਿਆਂ 'ਤੇ ਫਤਵੇ ਲਾਉਣਾ ਨਹੀਂ। ਵੈਸੇ ਤਾਂ ਹਰ ਮਾਰਕਸਵਾਦੀ ਲਹਿਰ ਦੀ ਹਰ ਹਾਰ ਜਿੱਤ ਦੀ ਤੈਹ ਤਕ ਜਾਣਾ, ਉਸ ਦੇ ਸਮਾਜਕ ਇਤਿਹਾਸਕ ਹਾਲਾਤ ਦੇ ਪ੍ਰਸੰਗ ਵਿਚ ਉਸ ਦੇ ਕਾਰਨਾਂ ਨੂੰ ਸਮਝਣਾ ਹੀ ਮਾਰਕਸਵਾਦ ਹੈ, ਆਪਣੇ ਸਮਾਜ ਵਿਚ ਇਨਕਲਾਬ ਲਿਆਉਣ ਤੇ ਉਸ ਨੂੰ ਲਿਆ ਕੇ ਸਮਾਜਵਾਦ ਦੀ ਉਸਾਰੀ ਦੇ ਰਾਹ ਪੈਣ ਵਾਸਤੇ ਤਜਰਬਾ ਹਾਸਲ ਕਰਨਾ ਹੈ, ਰਾਹ ਵਿਚ ਆਉਂਦੇ ਟੋਇਆਂ ਵਿਚ ਪੈਣੋ ਬਚਣ ਵਾਸਤੇ ਚੌਕੰਨੇ ਹੋਣਾ ਹੈ।

ਆਏ ਇਨਕਲਾਬਾਂ ਦਾ ਉਲਟੇ ਰਾਹੇ ਪੈ ਜਾਣਾ ਆਮ ਲਫ਼ਜ਼ਾਂ ਵਿਚ ਹੀ ਸੰਸਾਰ ਦੀ ਮਾਰਕਸਵਾਦੀ ਲਹਿਰ ਦਾ ਹੀ ਮਸਲਾ ਨਹੀਂ ਹੈ, ਇਹ ਤਾਂ ਸਰਬਤ ਦੀ ਆਜ਼ਾਦੀ ਦੇ ਨੇੜੇ ਆ ਰਹੀ ਦੇ ਦੂਰ ਹੋ ਜਾਣ ਦਾ ਮਸਲਾ ਹੈ। ਇਸ ਮਸਲੇ ਨੂੰ ਹਲ ਕਰਨ ਵਲ ਨਾ ਕਦਮ ਉਠਾਉਣਾ ਮਨੁਖ-ਜਾਤੀ ਦੀ ਨਿਜਾਤ ਵਲੋਂ ਹੱਥ ਧੋ ਬਹਿਣ ਵਾਲੀ ਗੱਲ ਹੈ। ਇਸ ਦਾ ਪਹਿਲਾ ਕਦਮ ਹੈ ਸਭ ਮੇਹਨਤਕਸ਼ ਤਬਕੇ ਨੂੰ ਇਸ ਮਸਲੇ ਦੇ ਹਲ ਵਿਚ ਪਾਉਣਾ, ਉਹਨਾਂ ਨਾਲ ਇਸ ਦੀ ਖੁਲ੍ਹੀ ਗੱਲਬਾਤ ਤੋਰਨਾ। ਇਸ ਵਿਚ ਉਸ ਦੀ ਤਕਦੀਰ ਕਿਸ ਤਰ੍ਹਾਂ ਉਲਝੀ ਹੋਈ ਹੈ—ਉਸ ਨੂੰ ਸਾਫ਼ ਕਰਨਾ। ਇਸ ਮਸਲੇ ਬਾਬਤ ਮੁਲੱਖਈਏ ਦੀ ਜ਼ਬਾਨ ਨੂੰ ਖੋਲ੍ਹਣਾ।

ਇਹ ਗੱਲ, ਪਰ ਵਿਸ਼ੇਸ਼ਣ ਵਰਤਿਆਂ ਜਾਂ ਤੁਹਮਤਾਂ ਲਾਇਆਂ ਨਹੀਂ ਬਣ ਸਕਦੀ। ਸਿਰਫ਼ ਤੱਥਾਂ ਦੀ ਸਾਇੰਟਿਫਿਕ ਖੋਜ ਤੇ ਪੁਜ਼ੀਸ਼ਨ ਦੇ ਵਿਸ਼ਲੇਸ਼ਨ ਤੋਂ ਹੀ ਹਿੱਲ ਸਕਦੀ ਹੈ। ਐਡੇ ਐਡੇ ਮਸਲੇ ਐਵੇਂ ਕੈਵੇਂ ਸੁਤਿਆਂ ਪਿਆਂ ਹੀ ਹਲ ਨਹੀਂ ਹੋ ਜਾਂਦੇ। ਪੇਸ਼ ਸਵਾਲ ਵੱਡਾ ਹੋਵੇ ਭਾਵੇਂ ਛੋਟਾ, ਉਸ ਦੇ ਹਲ ਵਲ ਨੂੰ ਪਹਿਲਾ ਕਦਮ ਹੁੰਦਾ ਹੈ ਉਸ ਨੂੰ ਸਹੀ ਤੌਰ 'ਤੇ ਖੜਾ ਕਰਨਾ। (to pose

the problem correctly) ਏਹੋ ਜੇਹੇ ਮਸਲਿਆਂ ਦੇ ਖੜਾ ਕਰਨ ਤੇ ਹੱਲ ਕਰਨ ਦੇ ਦਰਮਿਆਨ ਬਹੁਤ ਸਫ਼ਰ ਹੁੰਦਾ ਹੈ। ਪਰ ਅਸਲੀਅਤ ਨੂੰ ਬਦਲਣ ਵਾਸਤੇ ਪਹਿਲਾ ਕਦਮ ਹਮੇਸ਼ਾਂ ਹੀ ਉਸ ਨੂੰ ਸਮਝਣ ਦਾ ਹੁੰਦਾ ਹੈ। ਅਤੇ ਉਸ ਦੀ ਸਮਝ ਵੀ ਆਉਂਦੀ ਹੈ ਉਸ ਨੂੰ ਬਦਲਣ ਦੇ ਵੇਗ ਵਿਚੋਂ।

ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਨੀ ਹੈ ਕਿ ਆਏ ਹੋਏ ਇਹ ਦੋਵੇਂ ਇਨਕਲਾਬ ਕੁਰਾਹੇ ਕਿਉਂ ਪੈ ਗਏ। ਇਸ ਕੋਸ਼ਿਸ਼ ਦਾ ਰਾਹ ਤਾਂ ਇਹ ਹੈ 'ਕਿ ਦੋਹਾਂ ਇਨਕਲਾਬਾਂ ਦੇ ਇਤਿਹਾਸ ਨੂੰ ਉਹਨਾਂ ਦੇ ਸਮਾਜਾਂ ਦੀ ਇਤਿਹਾਸਕ ਉਸਾਰੀ ਦੇ ਪ੍ਰਸੰਗ ਵਿਚ ਰਖ ਕੇ ਅੱਛੀ ਤਰ੍ਹਾਂ ਫੋਲਿਆ ਜਾਵੇ ਤੇ ਵੇਖਿਆ ਜਾਵੇ ਕਿ ਕਿਥੋਂ ਕਿਥੋਂ ਤੇ ਕਿਸ ਤਰ੍ਹਾਂ ਇਨਕਲਾਬ ਥਿੜਕੇ ਤੇ ਥਿੜਕਦੇ ਥਿੜਕਦੇ ਅੰਤ ਉਲਟ-ਰਾਹੇ ਪੈ ਗਏ। ਇਹਨਾਂ ਦੇ ਇਤਿਹਾਸ ਨੂੰ ਪੂਰੀ ਗਹਿਰਾਈ ਤਕ ਫੋਲਣਾ ਸਾਡੇ ਵਸ ਤੋਂ ਬਾਹਰੀ ਗੱਲ ਹੈ। ਪਰ ਕੁਛ ਨੁਕਤਿਆਂ ਤੇ ਤੱਥਾਂ ਵਲ ਧਿਆਨ ਜ਼ਰੂਰ ਦਵਾਇਆ ਜਾ ਸਕਦਾ ਹੈ ਅਤੇ ਇਸ ਮਸਲੇ 'ਤੇ ਚਰਚਾ ਛੇੜੀ ਜਾ ਸਕਦੀ ਹੈ। ਪਹਿਲਾ ਸਪਸ਼ਟ ਤੱਥ ਇਹ ਹੈ ਕਿ ਇਹ ਦੋਵੇਂ ਇਨਕਲਾਬ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ ਆਏ ਅਤੇ ਦੋਵੇਂ ਹੀ ਕੁਰਾਹੇ ਪੈ ਗਏ।* ਇਹ ਤੱਥ ਦੋਹਾਂ ਨੂੰ ਸਾਂਝਾ ਹੈ। ਇਹ ਕਹਿਣਾ ਤੇ ਬੇਲੋੜਾ ਹੈ ਕਿ ਦੋਵੇਂ ਇਨਕਲਾਬ ਸਮਾਜਵਾਦੀ ਸਨ ਅਤੇ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਹੇਠ ਆਏ। ਇਸ ਬੁਨਿਆਦੀ ਤੱਥ ਤੋਂ ਇਲਾਵਾ ਦੋਹਾਂ ਇਨਕਲਾਬਾਂ ਦਾ ਇਤਿਹਾਸ ਵੱਖਰਾ ਵੱਖਰਾ—ਆਪੋ ਆਪਣਾ ਹੈ, ਪਰ ਤਕਦੀਰ ਦੋਹਾਂ ਦੀ ਇਕੋ ਹੈ। ਇਨਕਲਾਬ ਲਿਆ ਕੇ ਕਾਬਜ਼ ਬੁਰਜੁਆਜ਼ੀ ਨੂੰ ਹਰਾਇਆ, ਪਰ ਪਰੋਲਤਾਰੀ ਦਾ ਪੈਂਤੜਾ ਜਿੱਤ ਕੇ ਅੰਤ ਨੂੰ ਹਾਰ ਗਿਆ। ਨਾ ਪੈਦਾਵਾਰ ਦੇ ਰਿਸ਼ਤੇ, ਸਮਾਜਕ ਰਿਸ਼ਤੇ ਹੀ ਸਮਾਜਵਾਦੀ ਉਸਰੇ ਤੇ ਨਾ ਹੀ ਬੰਦੇ ਦੀ ਬਣਤਰ ਹੀ ਬੁਰਜੁਆ ਤੋਂ ਸਮਾਜਵਾਦੀ ਬਣੀ। ਕੰਮ ਗੁਲੱਮ ਹੀ ਰਿਹਾ, ਕੰਮ ਦੀ ਪਰੇਰਨਾ ਪੈਸਾ ਹੀ ਰਹੀ, ਸੇਵਾ ਨਾ ਬਣੀ। ਕੰਮ ਦੀ ਵੰਡ ਬੁਰਜੁਆ ਰਹੀ, ਪੈਦਾਵਾਰ ਦਾ ਰੂਪ ਸਮਾਜਵਾਦੀ ਨਾ ਬਣ ਪਾਇਆ, ਬੁਰਜੁਆ ਹੀ ਰਿਹਾ। ਪਰੋਲਤਾਰੀ ਦੀ ਡਿਕਟੇਟਰਸ਼ਿਪ ਬੁਰਜੁਆ ਡਿਕਟੇਟਰਸ਼ਿਪ ਵਿਚ ਬਦਲ ਗਈ। ਸਟੇਟ ਬੁਰਜੁਆਜ਼ੀ ਪੈਦਾ ਹੋ ਕੇ ਕਾਬਜ਼ ਹੋ ਗਈ। ਇਸ ਵੇਗ ਵਿਚ ਕਲਚਰ ਨੇ ਤਾਂ ਕੀ ਸਮਾਜਵਾਦੀ ਬਣਨਾ ਸੀ ?

ਰੂਸੀ ਇਨਕਲਾਬ ਪਹਿਲਾ ਇਨਕਲਾਬ ਸੀ ਜਿਸ ਨੇ ਸਮਾਜਵਾਦ ਉਸਾਰਨ ਦਾ ਬੀੜਾ ਚੁਕਿਆ। ਪੈਰਿਸ ਕਮਿਊਨ ਨੂੰ ਤਾਂ ਇਹ ਮੌਕਾ ਹੀ ਨਹੀਂ ਸੀ ਮਿਲ ਸਕਿਆ। ਸੋ ਸਮਾਜਵਾਦ ਦੀ ਉਸਾਰੀ ਵਾਸਤੇ ਰੂਸੀ ਪਾਰਟੀ ਦੇ ਸਾਹਮਣੇ ਕੋਈ ਹੋ ਚੁਕਿਆ ਤਜਰਬਾ ਨਹੀਂ ਸੀ ਜਿਸ ਦੀਆਂ ਜਿੱਤਾਂ ਤੇ ਹਾਰਾਂ ਤੋਂ ਉਹ ਸਬਕ ਸਿਖ ਸਕਦੀ ਜਾਂ ਜਿਸ ਦੀ ਅਗਵਾਈ ਲੈ ਸਕਦੀ। ਤੇ ਜੋ ਉਸ ਨੂੰ ਮਾਰਕਸਵਾਦ ਮਿਲਿਆ ਉਸ ਦੇ ਰੋਮ ਰੋਮ ਵਿਚ ਇਕਾਨੋਮਿਜ਼ਮ ਸੀ। ਮਾਰਕਸਵਾਦ ਵਿਚੋਂ ਇਕਾਨੋਮਿਜ਼ਮ ਨੂੰ ਖ਼ਤਮ ਕਰਨਾ ਵਿਚਾਰਧਾਰਕ ਮੁਹਾਜ਼ 'ਤੇ ਜਮਾਤੀ ਜਦੋ-ਜਹਿਦ ਦਾ ਵੱਡਾ ਮਸਲਾ

---

* ਦੋਹਾਂ ਮੁਲਕਾਂ ਦੇ ਇਨਕਲਾਬਾਂ ਨੂੰ ਬਾਹਰਲੇ ਹਮਲੇ ਤੋਂ ਬਚਾਉਣ ਦਾ, ਮੁਲਕ ਦੀ ਰਾਸ਼ਟਰੀ ਆਜ਼ਾਦੀ ਨੂੰ ਕਾਇਮ ਰਖਣ ਦਾ ਮਸਲਾ ਪੇਸ਼ ਹੋਇਆ। ਜੇ ਰੂਸੀ ਇਨਕਲਾਬ ਸਮਾਜਵਾਦੀ ਰਾਹੇ ਰਹਿੰਦਾ ਤਾਂ ਚੀਨੀ ਇਨਕਲਾਬ ਨੂੰ ਇਹ ਮਸਲਾ ਐਨਾ ਔਖਿਆਂ ਨਾ ਕਰਦਾ। ਪਰ ਉਸ ਦੇ ਕੁਰਾਹੇ ਪੈਣ ਨਾਲ ਚੀਨੀਆਂ ਨੂੰ ਵੀ ਆਪਣੀ ਰਾਖੀ ਕਰਨ ਦਾ ਸਵਾਲ ਤਕਰੀਬਨ ਉਸ ਤਰ੍ਹਾਂ ਹੀ ਪੇਸ਼ ਹੋਇਆ ਜਿਸ ਤਰ੍ਹਾਂ ਰੂਸੀਆਂ ਨੂੰ ਇਸ ਸੁਆਲ ਦਾ ਸਾਹਮਣਾ ਕਰਨਾ ਪਿਆ ਸੀ। ਸਮਾਜਵਾਦ ਦੀ ਉਸਾਰੀ ਤੋਂ ਇਲਾਵਾ ਆਪਣੀ ਰਾਸ਼ਟਰੀ ਆਜ਼ਾਦੀ ਵਾਸਤੇ ਵੀ ਦੋਹਾਂ ਮੁਲਕਾਂ ਦੇ ਸਾਹਮਣੇ ਫੌਰੀ ਤੌਰ 'ਤੇ ਸਨਅਤੀ ਉਸਾਰੀ ਕਰਨ ਦਾ ਸਵਾਲ ਖੜਾ ਹੋਇਆ।



ਸੀ। ਮੁਲਕ ਦੀ ਵਸੋਂ ਦੀ ਭੰਨਵੀਂ ਬਹੁਗਿਣਤੀ ਪੇਂਡੂ ਸੀ, ਕਿਸਾਨੀ ਤਬਕੇ ਦੀ ਸੀ ਅਤੇ ਉਸ ਤਬਕੇ ਵਿਚ ਪਾਰਟੀ ਦੀਆਂ ਜੜ੍ਹਾਂ ਨਾ ਹੋਣ ਦੇ ਬਰਾਬਰ ਸਨ। ਉਸ ਤਬਕੇ ਵਿਚ ਜੜ੍ਹਾਂ ਨਾ ਹੋਣ ਕਰਕੇ ਇਕ ਤਾਂ ਪਾਰਟੀ ਨੂੰ ਕਿਸਾਨੀ ਮਸਲੇ ਦੀ ਸਮਝ ਹੀ ਨਹੀਂ ਸੀ ਅਤੇ ਦੂਸਰੇ ਕਿਸਾਨੀ ਤਬਕੇ ਉਤੇ ਪਾਰਟੀ ਨੂੰ ਤੈਹ ਤਕ ਬੇਇਤਬਾਰੀ ਸੀ। ਜੋ ਤਬਕਾ ਪਿੰਡੋਂ ਉਠ ਕੇ ਸ਼ਹਿਰ ਵਿਚ ਆ ਕੇ ਸਨਅਤੀ ਮਜ਼ਦੂਰ ਵੀ ਬਣਦਾ, ਪਾਰਟੀ ਨੂੰ ਉਸ ਉਤੇ ਵੀ ਇਤਬਾਰ ਨਾ ਜੰਮਦਾ। ਕਿਸਾਨੀ ਤਬਕੇ ਉਤੇ ਇਹ ਡੂੰਘੀ ਬੇਇਤਬਾਰੀ ਉਸ ਵੇਲੇ ਤਕ ਦੇ ਯੂਰਪੀਨ ਮਾਰਕਸਵਾਦ ਦੀ ਪਾਰਟੀ ਨੂੰ ਦੇਣ ਸੀ। ਕਿਸਾਨੀ ਤਬਕੇ ਦੀ, ਖੇਤੀਬਾੜੀ ਦੇ ਖੇਤਰ ਦੀ ਪੈਦਾਵਾਰ ਦਾ ਪੈਟਰਨ ਛੋਟੇ ਪੈਮਾਨੇ ਦਾ ਸੀ। ਕਿਸਾਨ ਤਬਕਾ ਆਪਣੇ ਉਤੋਂ ਜਾਗੀਰਦਾਰ, ਲੈਂਡਲਾਰਡ ਦੀ ਛੱਟ ਤਾਂ ਲਾਹੁਣ ਨੂੰ ਹਰ ਵਕਤ ਤਿਆਰ ਸੀ, ਤੇ ਜਦੋਂ ਮੌਕਾ ਮਿਲਿਆ ਉਸ ਨੇ ਉਹਨਾਂ ਨੂੰ ਭਜਾ ਕਢਿਆ। ਪਰ ਉਹ ਜ਼ਮੀਨ ਦੇ ਆਪਣੇ ਟੁਕੜੇ ਨੂੰ ਚੰਬੜਿਆ ਹੋਇਆ ਸੀ, ਉਸ ਉਤੋਂ ਆਪਣੀ ਜ਼ਾਤੀ ਮਾਲਕੀ ਛੱਡਣ ਨੂੰ ਉਹ ਬਿਲਕੁਲ ਤਿਆਰ ਨਹੀਂ ਸੀ। ਵਿਚਾਰਧਾਰਕ, ਕਲਚਰਲ ਤੌਰ 'ਤੇ ਉਹ ਸਮਾਜਵਾਦੀ ਰਾਹੇ ਪੈਣ ਨੂੰ, ਉਸ ਬਾਰੇ ਸੁਣਨ ਨੂੰ ਵੀ ਤਿਆਰ ਨਹੀਂ ਸੀ। ਉਸ ਰਾਹੇ ਪੈਣ ਨੂੰ ਉਹ ਆਪਣੀ ਜ਼ਮੀਨ ਉਤੋਂ ਆਪਣੀ ਮਾਲਕੀ ਖੁਸਣਾ ਸਮਝਦਾ ਸੀ। ਸੋ ਰੂਸੀ ਇਨਕਲਾਬ ਦਾ ਸ਼ਹਿਰਾਂ ਵਿਚ, ਸਨਅਤੀ ਖੇਤਰ ਵਿਚ ਖ਼ਾਸਾ ਸਮਾਜਵਾਦੀ ਸੀ, ਤੇ ਪਿੰਡ ਦੇ ਸੀਨ 'ਤੇ ਉਸੇ ਇਨਕਲਾਬ ਦਾ ਅਸਲਾ ਬੁਰਜੁਆ ਸੀ।

ਕਿਸਾਨੀ ਤਬਕੇ ਉਤੇ ਇਨਕਲਾਬ ਵੇਲੇ ਤੇ ਬਾਹਰੋਂ ਹੋਈ ਮੁਦਾਖਲਤ ਵੇਲੇ ਵੀ ਪਾਰਟੀ ਦੀ ਅਗਵਾਈ ਸਿਰਫ਼ ਸਿਆਸੀ ਸੀ, ਵਿਚਾਰਧਾਰਕ ਬਿਲਕੁਲ ਨਹੀਂ ਸੀ। ਮਤਲਬ ਹੈ ਕਿ ਇਨਕਲਾਬ ਵਿਚ ਕਿਸਾਨੀ ਤਬਕੇ ਨੇ ਸਨਅਤੀ ਮਜ਼ਦੂਰ ਜਮਾਤ ਦਾ ਸਾਥ ਏਸ ਵਾਸਤੇ ਦਿੱਤਾ ਕਿ ਉਸ ਦੇ ਗਲੋਂ ਜਾਗੀਰਦਾਰ ਦਾ ਜੂਲਾ ਲਹਿੰਦਾ ਸੀ ਤੇ ਉਸ ਨੂੰ ਜ਼ਮੀਨ ਦੀ ਮਾਲਕੀ ਮਿਲਦੀ ਸੀ। ਬਾਹਰੋਂ ਹੋਈ ਮੁਦਾਖਲਤ ਵੇਲੇ ਉਸ ਨੂੰ ਪਾਰਟੀ ਦੀ ਅਗਵਾਈ ਏਸ ਵਾਸਤੇ ਪੁੱਗੀ ਤੇ ਇਸ ਵਾਸਤੇ ਉਹ ਉਸ ਦੇ ਝੰਡੇ ਹੇਠ ਜਾਨ ਤੋੜ ਕੇ ਲੜਿਆ ਕਿ ਉਸ ਨੂੰ ਡਰ ਸੀ ਕਿ ਜੇ ਇਨਕਲਾਬੀ ਸਰਕਾਰ ਹਾਰ ਗਈ ਤਾਂ ਉਸ ਉਤੇ ਜਾਗੀਰਦਾਰ ਦੀ ਛੱਟ ਮੁੜ ਪੈ ਜਾਵੇਗੀ। ਪਰ ਇਸ ਤਬਕੇ ਨੇ ਸਮਾਜਵਾਦ ਦੀ ਉਸਾਰੀ ਵਾਸਤੇ ਪਾਰਟੀ ਦੀ ਅਗਵਾਈ ਕਦੇ ਵੀ ਪ੍ਰਵਾਨ ਨਾ ਕੀਤੀ। ਪਾਰਟੀ ਇਸ ਤਬਕੇ ਵਿਚ ਨਾ ਹਾਜ਼ਰ ਸੀ ਤੇ ਇਸ ਵਾਸਤੇ ਨਾ ਹੀ ਉਹ ਮਾਰਕਸਵਾਦ ਨੂੰ ਕਿਸਾਨੀ ਤਬਕੇ ਦੇ ਅੰਦਰ ਪਾ ਸਕੀ। ਨਾ ਹੀ ਪਿੰਡ ਦੇ ਸੀਨ ਦੀ ਸਥਿਤੀ ਦੀ ਤਸ਼ਖੀਸ ਕੀਤੀ ਗਈ, ਨਾ ਮੁਖੀ ਵਿਰੋਧ ਸਮਝਿਆ ਗਿਆ ਤੇ ਨਾ ਹੀ ਸਹੀ ਤੌਰ 'ਤੇ ਲਗਾਤਾਰ ਆਰਥਕ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਿੱਢੀ ਗਈ। ਜਦੋਂ ਪਾਰਟੀ ਨੇ collectivization ਕੀਤੀ (ਸਾਂਝੇ ਫਾਰਮ ਬਣਾਏ) ਉਹ ਉਪਰੋਂ ਕੀਤੀ. ਡੰਡੇ ਨਾਲ ਕੀਤੀ, ਰਾਜ-ਪ੍ਰਬੰਧ ਦੇ ਰਾਹੀਂ ਕੀਤੀ। ਧੌਂਸ ਨਾਲ ਨਾ ਬੰਦੇ ਦੀ, ਨਾ ਮੁਲੱਖਈਏ ਦੀ ਬਣਤਰ ਕਦੀ ਬਦਲੀ ਹੈ ਨਾ ਬਦਲ ਹੀ ਸਕਦੀ ਹੈ। ਡੰਡੇ ਨਾਲ, ਰਾਜ ਪ੍ਰਬੰਧ ਰਾਹੀਂ ਨਾ ਹੀ ਸਮਾਜਵਾਦੀ ਰਿਸ਼ਤੇ ਕਦੇ ਉਸਰੇ ਹਨ, ਨਾ ਹੀ ਉਸਰ ਸਕਦੇ ਹਨ। ਇਹ ਲਗਾਤਾਰ ਕਰੀਦੀ ਆਉਂਦੀ ਆਰਥਕ ਸਿਆਸੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ, ਕਲਚਰਲ ਇਨਕਲਾਬ ਦਾ ਮਸਲਾ ਹੈ ਤੇ ਕਲਚਰਲ ਇਨਕਲਾਬ ਦੇ ਰਾਹੇ ਰੂਸੀ ਪਾਰਟੀ ਪਈ ਹੀ ਨਾ। ਭੋਂ ਦੇ ਸਾਂਝੀਕਰਨ ਦਾ ਅਸਲਾ ਸਮਾਜਵਾਦੀ ਨਾ ਹੋ ਸਕਿਆ। ਕੰਮ ਵੇਜ-ਲੇਬਰ ਰਿਹਾ। ਰਿਸ਼ਤੇ ਧੌਂਸ ਦੇ ਰਹੇ, ਬੁਰਜੁਆ ਹੀ ਰਹੇ।

ਰੂਸੀ ਪਾਰਟੀ ਦੀਆਂ ਜੜ੍ਹਾਂ ਸਨਅਤੀ ਮਜ਼ਦੂਰ ਜਮਾਤ ਵਿਚ ਸਨ ਅਤੇ ਉਹ ਸ਼ਹਿਰਾਂ ਵਿਚ

ਸੀ । ਇਸ ਜਮਾਤ ਦਾ ਬਹੁਤ ਸਾਰਾ ਚੇਤੰਨ ਤਬਕਾ ਆਪਣੇ ਇਨਕਲਾਬ ਨੂੰ ਬਚਾਉਂਦਾ ਜੰਗ ਦੀ ਭੇਟ ਹੋ ਗਿਆ ਸੀ । ਇਸ ਸਮੇਂ ਵਿਚ ਇਸ ਵਿਚ ਕਾਫੀ ਤਬਕਾ ਅਜਿਹਾ ਆਣ ਰਲਿਆ ਸੀ ਜਿਸ ਨੂੰ ਇਸ ਜਮਾਤ ਦੀ ਸਿਆਸੀ ਜ਼ਿੰਦਗੀ ਦਾ, ਕੀਤੀਆਂ ਜਮਾਤੀ ਜਦੋ-ਜਹਿਦਾਂ ਦਾ ਕੋਈ ਤਜਰਬਾ ਨਹੀਂ ਸੀ । ਅਸਲੀਅਤ ਬਿਆਨ ਕਰਨੀ ਹੋਵੇ ਤਾਂ ਉਹ ਤਬਕਾ ਨਿਰੀ ਲੇਬਰ ਫੋਰਸ (labour force) ਸੀ, ਇਨਕਲਾਬੀ ਤਾਕਤ (revolutionary force) ਨਹੀਂ ਸੀ । ਪੁਜ਼ੀਸ਼ਨ ਇਸ ਤੋਂ ਵੀ ਜ਼ਿਆਦਾ ਵਿਗੜ ਗਈ । ਇਸ ਜਮਾਤ ਵਿਚ ਜਮਾਤੀ ਗੰਗਲ ਵੀ ਪੈ ਗਿਆ । ਵਰਕਰ ਬਣ ਕੇ ਰਾਸ਼ਨ ਲੈਣ ਵਾਸਤੇ ਅਤੇ ਆਪਣਾ ਜਮਾਤੀ ਪਿੱਛਾ ਲੁਕਾਉਣ ਵਾਸਤੇ ਇਸ ਵਿਚ ਕਾਫੀ ਤਬਕਾ ਨਿਗੂਣੀ ਬੁਰਜੁਆਜ਼ੀ ਦਾ ਵੀ ਆਣ ਘੁਸਿਆ । ਇਹ ਤਬਕਾ ਨਾ ਪਰੋਲਤਾਰੀ ਦੇ ਪੈਂਤੜੇ ਦਾ ਸੀ, ਨਾ ਇਸ ਪੈਂਤੜੇ ਦਾ ਬਣਨਾ ਹੀ ਚਾਹੁੰਦਾ ਸੀ । ਸਗੋਂ ਤੈਹ-ਦਿਲੋਂ ਇਸ ਦੇ ਵਿਰੁਧ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਵਿਰੁਧ ਹੀ ਰਿਹਾ । ਪਾਰਟੀ ਦੀ ਨੀਂਹ ਬੁਨਿਆਦੀ ਤੌਰ 'ਤੇ ਸਨਅਤੀ ਮਜ਼ਦੂਰ ਜਮਾਤ ਹੀ ਸੀ ਅਤੇ ਉਹ ਉਸ ਨੂੰ ਵੀ ਤੁੰਦ ਨਾ ਰਖ ਸਕੀ । ਜਮਾਤੀ ਚੇਤਨਤਾ ਦੇ ਨੁਕਤੇ ਤੋਂ. ਸਿਆਸੀ, ਇਨਕਲਾਬੀ ਅਮਲ ਦੇ ਨੁਕਤੇ ਤੋਂ ਜਿਸ ਪੱਧਰ 'ਤੇ ਇਹ ਜਮਾਤ ਇਨਕਲਾਬ ਤੋਂ ਪਹਿਲਾਂ ਜਾਂ ਇਨਕਲਾਬ ਦੇ ਦਿਨੀਂ ਸੀ ਇਹ ਮੁੜ ਉਸ ਪੱਧਰ 'ਤੇ ਨਾ ਆਈ, ਨਾ ਲਿਆਂਦੀ ਗਈ । ਸਨਅਤ ਚੂੰਕਿ ਕਾਫੀ ਹੱਦ ਤਕ ਅਧਰੰਗੀ ਗਈ ਸੀ, ਆਰਥਕ ਹਨੇਰ-ਗਰਦੀ ਸੀ, ਇਸ ਵਾਸਤੇ ਗਿਣਤੀ ਵਿਚ ਵੀ ਇਹ ਜਮਾਤ ਘਟ ਹੋ ਗਈ ਸੀ ।

ਬੁਨਿਆਦੀ ਨੁਕਸ ਇਹ ਪਿਆ ਕਿ ਸਨਅਤੀ ਮਜ਼ਦੂਰ ਜਮਾਤ ਅਸਲਿਉਂ ਕਾਫੀ ਹੱਦ ਤਕ ਗ਼ੈਰ ਪਰੋਲਤਾਰੀ (deproletarianized) ਹੋ ਗਈ । ਲੈਨਿਨ ਦੇ ਮਗਰੋਂ ਤਾਂ ਇਸ ਜਮਾਤ ਨੂੰ ਉਸਾਰਿਆ ਹੀ ਬਤੌਰ ਲੇਬਰ ਫੋਰਸ ਗਿਆ । ਇਨਕਲਾਬੀ ਤਾਕਤ ਬਣਨ ਦੇ ਰਾਹੇ ਹੀ ਨਾ ਪੈਣ ਦਿੱਤਾ ਗਿਆ । ਹਰ ਨੁਕਤੇ ਤੋਂ ਇਸ ਦੀ ਪਹਿਲ-ਕਦਮੀ ਨੂੰ ਰੋਕਿਆ ਗਿਆ । ਉਸ ਦੀ ਹੌਸਲਾ-ਅਫਜ਼ਾਈ ਤਾਂ ਹੋਣੀ ਹੀ ਕੀ ਸੀ ? ਪਹਿਲਾਂ ਲੜਾਈ ਤੇ ਫੇਰ ਖ਼ਾਨਾ-ਜੰਗੀ ਤੇ ਬਾਹਰਲੀ ਮੁਦਾਖਲਤ ਨਾਲ ਪੈਦਾਵਾਰ ਦਾ ਵੇਗ ਤਾਂ ਖੁਰਦ ਬੁਰਦ ਹੋ ਹੀ ਗਿਆ ਸੀ । ਆਉਂਦਾ ਕਾਲ ਝਾਤੀਆਂ ਮਾਰਦਾ ਸੀ । ਲੋਕਾਂ ਨੂੰ ਭੁਖ ਦੇ ਦੁਖੋਂ ਬਚਾਉਣਾ ਹੀ ਸਭ ਨਾਲੋਂ ਫੌਰੀ ਤੇ ਭਾਰੂ ਕੰਮ ਹੋ ਗਿਆ ਸੀ । ਸੋਵੀਅਤ ਤਾਕਤ ਨੂੰ ਬਹਾਲ ਰਖਣ ਵਾਸਤੇ ਇਹ ਲਾਜ਼ਮੀ ਸੀ ਕਿ ਲੋਕਾਂ ਨੂੰ ਉਹਨਾਂ ਦੀ ਜ਼ਿੰਦਗੀ ਦੇ ਵਸੀਲੇ ਦਿਤੇ ਜਾਂਦੇ ।

ਲੈਨਿਨ ਦੀ ਅਗਵਾਈ ਹੇਠ ਹੀ ਪੈਦਾਵਾਰ ਨੂੰ ਬਹਾਲ ਕਰਨ ਵਾਸਤੇ ਜਿਸ ਰਾਹੇ ਪਾਰਟੀ ਪਈ (ਮਜਬੂਰਨ ਹੀ ਪਈ) ਉਹ ਰਾਹ ਬੁਰਜੂਆ ਸੀ । ਕਮਾਨ ਆਰਥਕਤਾ ਦੇ ਹੱਥ ਫੜਾਈ ਗਈ । ਪੈਦਾਵਾਰ ਦੇ ਕੇਂਦਰਾਂ ਵਿਚ ਸਾਰੀ ਤਾਕਤ ਮਾਹਿਰਾਂ, ਪ੍ਰਬੰਧਕਾਂ ਦੇ ਹੱਥ ਦਿੱਤੀ ਗਈ ਤੇ ਵਰਕਰਾਂ ਨੂੰ ਉਹਨਾਂ ਦੇ ਹਵਾਲੇ ਕੀਤਾ ਗਿਆ । ਪੈਦਾਵਾਰ ਦੇ ਕੇਂਦਰ ਦਾ ਬੰਦੋਬਸਤ ਇਕ ਆਦਮੀ ਦੇ ਹਵਾਲੇ (one-man management); ਐਸੇ ਆਦਮੀਆਂ ਦੇ ਹਵਾਲੇ ਜਿਹਨਾਂ ਨੂੰ ਇਸ ਕੰਮ ਦਾ ਤਜਰਬਾ ਸੀ ਅਤੇ ਉਸ ਵੇਲੇ ਉਹ ਆਦਮੀ ਸਨ, ਸਪਸ਼ਟ ਹੀ, ਬੁਰਜੂਆ ਜਮਾਤ ਦੇ । ਵਿਚਾਰਧਾਰਕ ਜਮਾਤੀ ਜਦੋ-ਜਹਿਦ ਭੁਲ ਗਈ । ਮੁਲੱਖਈਆ ਲਾਈਨ (mass line) ਕੀਹਦੇ ਚੇਤੇ ਰਹਿਣੀ ਸੀ ? ਪੈਦਾਵਾਰ ਦੇ ਰਿਸ਼ਤਿਆਂ ਨੂੰ, ਸਮਾਜਕ ਰਿਸ਼ਤਿਆਂ ਨੂੰ ਬਦਲਣ ਦਾ ਕੰਮ ਤਾਂ ਪਟੜੀਏ ਹੀ ਨਹੀਂ ਸੀ । ਉਹ ਕਦੇ ਪਟੜੀਏ ਚੜ੍ਹ ਹੀ ਨਾ ਪਾਇਆ । ਸਨਅਤੀ ਪੈਦਾਵਾਰ ਦੇ ਕੇਂਦਰ ਬਹੁਤ ਹੱਦ ਤਕ ਸਟੇਟ ਦੀ ਮਲਕੀਅਤ ਤਾਂ ਹੋ ਗਏ ਸਨ ਅਤੇ ਉਹਨਾਂ ਵਿਚ ਪੈਦਾਵਾਰ ਕਿਸੇ ਦੇ ਜ਼ਾਤੀ ਮੁਨਾਫੇ ਵਾਸਤੇ ਨਹੀਂ



ਸੀ ਹੁੰਦੀ । ਸੋਵੀਅਤ ਤਾਕਤ ਦੇ ਮਿਥੇ ਮਨੋਰਥਾਂ ਵਾਸਤੇ ਹੁੰਦੀ ਸੀ । ਉਹਨਾਂ ਵਿਚ ਇਸ ਹੱਦ ਤਕ ਤਾਂ ਪੈਦਾਵਾਰ ਦਾ ਵੇਗ ਬਦਲਿਆ ।

ਪਰ ਇਹਨਾਂ ਕੇਂਦਰਾਂ ਵਿਚ ਵੀ ਕੰਮ ਦੀ ਵੰਡ ਤੇ ਪੈਦਾਵਾਰ ਦੇ ਰਿਸ਼ਤੇ ਪਹਿਲੇ ਹੀ ਰਹੇ—ਬੁਰਜੁਆ ਹੀ ਰਹੇ । ਜੇ ਇਹਨਾਂ ਵਿਚ ਵੀ ਪੈਦਾਵਾਰ ਦੇ ਰਿਸ਼ਤੇ ਨਾ ਬਦਲ ਸਕੇ ਤਾਂ ਆਰਥਕਤਾ ਦੇ ਬਾਕੀ ਸੈਕਟਰਾਂ ਵਿਚ ਉਹਨਾਂ ਨੂੰ ਤਬਦੀਲ ਕਰਨ ਵਲ ਕਿਸੇ ਨੇ ਕੀ ਧਿਆਨ ਦੇਣਾ ਸੀ । ਸਪਸ਼ਟ ਲਫ਼ਜ਼ਾਂ ਵਿਚ ਕਿਹਾ ਜਾਵੇ ਤਾਂ ਤੱਥ ਇਹ ਹੈ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਆਰਥਕ ਨੀਂਹ ਸਮਾਜਵਾਦੀ ਨਹੀਂ ਸੀ ਤੇ ਨਾ ਹੀ ਉਹ ਮਗਰੋਂ ਬਣੀ । ਇਹਨਾਂ ਤੱਥਾਂ ਨੂੰ ਮੁਖ਼ਾਤਬ ਹੁੰਦਾ ਹੋਇਆ ਹੀ ਲੈਨਿਨ ਬੇਝਿਜਕ ਮੰਨਿਆ ਕਿ ਕੁਝ ਵਕਤ ਲਈ ਸਾਨੂੰ ਸਰਮਾਏਦਾਰੀ ਵਿਚ ਹੀ ਰਹਿਣਾ ਹੋਵੇਗਾ । ("For a time we shall have to live in the midst of capitalist system.") ਸੋ ਕਾਬਜ਼ ਸਟੇਟ ਤੇ ਸਮਾਜ ਦੀ ਆਰਥਕ ਨੀਂਹ ਦਾ ਆਪਸ ਵਿਚ ਵੱਡਾ ਵਿਰੋਧ ਸੀ । ਸਟੇਟ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸੀ ਅਤੇ ਸਮਾਜ ਦੀ ਆਰਥਕ ਨੀਂਹ ਤਕਰੀਬਨ ਨਿਰੋਲ ਬੁਰਜੁਆ ਸੀ । ਸਵਾਲ ਸਿੱਧਾ ਸੀ । ਜਾਂ ਤਾਂ ਸਟੇਟ, ਉਸਾਰ ਸਮਾਜ ਦੀ ਆਰਥਕ ਨੀਂਹ ਨੂੰ ਆਪਣੇ ਅਨੁਸਾਰੀ ਕਰ ਲੈਂਦਾ; ਨਹੀਂ ਤੇ ਨੀਂਹ ਨੇ ਅੰਤ ਸਟੇਟ ਨੂੰ ਆਪਣੀ ਰਾਸੇ ਕਰ ਹੀ ਲੈਣਾ ਸੀ । ਸੋ ਅੰਤ ਕਰ ਲਿਆ । ਅੰਤ ਪਰੋਲਤਾਰੀ ਦੀ ਡਿਕਟੇਟਰਸ਼ਿਪ ਬੁਰਜੁਆ ਡਿਕਟੇਟਰਸ਼ਿਪ ਵਿਚ ਬਦਲ ਗਈ ।

ਲੈਨਿਨ ਦੇ ਜੀਉਂਦਿਆਂ ਜੀਅ ਹੀ ਸੋਵੀਅਤ ਜਥੇਬੰਦੀਆਂ ਨੂੰ ਅਧਰੰਗ ਹੋ ਚੁਕਾ ਸੀ । ਖ਼ਿਆਲ ਤਾਂ ਇਹ ਸੀ ਕਿ ਮੁਲੱਖਈਏ ਦੀ ਤਾਕਤ ਨਾਲ ਉਹ ਬੁੜ੍ਹਕਣਗੀਆਂ ਅਤੇ ਮੁਲੱਖਈਆ ਲਾਈਨ (mass line) ਦਾ ਵਸੀਲਾ ਬਣਨਗੀਆਂ, ਪਰ ਉਹ ਐਸੀਆਂ ਸੁਸਰੀ ਵਾਂਗ ਸੁੱਤੀਆਂ ਕਿ ਮੁੜ ਉਹਨਾਂ ਵਿਚ ਜਾਨ ਪਈ ਹੀ ਨਹੀਂ । ਰਾਜ-ਪ੍ਰਬੰਧ 'ਤੇ ਉਹ ਅਡੰਬਰ ਛਾਇਆ ਹੋਇਆ ਸੀ ਜੋ ਕਿ ਮੁਲਖੱਈਏ ਤੇ ਵਰਕਰਾਂ ਦੇ ਜ਼ਰਾ ਵੀ ਵਸ ਵਿਚ ਨਹੀਂ ਸੀ । ਪਰੋਲਤਾਰੀ ਦੀ ਡਿਕਟੇਟਰਸ਼ਿਪ ਪਰੋਲਤਾਰੀ ਦੇ, ਸਨਅਤੀ ਜਮਾਤ ਤੇ ਉਸ ਦੀ ਸੰਗੀ ਕਿਸਾਨੀ ਜਮਾਤ ਦੇ ਹੱਥ ਨਹੀਂ ਸੀ । ਉਹ ਪਾਰਟੀ ਦੇ ਹੱਥ ਸੀ ਜੋ ਕਿ ਵਰਕਰ ਜਮਾਤ ਦੇ ਖਾੜਕੂ ਤਬਕੇ ਨਾਲ ਇਕ-ਮਿੱਕ ਹੋਈ ਹੋਈ ਸੀ । ਇਹ ਤਬਕਾ ਤਾਂ ਸਮਾਜਵਾਦ ਲਿਆਉਣ ਦੇ ਰਾਹ ਨੂੰ ਅਰਪਨ ਹੋਇਆ ਹੋਇਆ ਸੀ, ਪਰ ਇਸ ਦੀ ਗਿਣਤੀ ਸਿਰਫ਼ ਚੰਦ ਲੱਖ ਹੀ ਸੀ । ਇਸ ਤੋਂ ਉਪਰੰਤ ਪਰੋਲਤਾਰੀ ਦੀ ਡਿਕਟੇਟਰਸ਼ਿਪ ਆਧਾਰਤ ਸੀ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਉਤੇ, ਉਸ ਲੀਡਰਸ਼ਿਪ ਉਤੇ ਜਿਸ ਦੀ ਅਗਵਾਈ ਇਨਕਲਾਬ ਲਿਆਉਣ ਵਿਚ ਕਾਮਯਾਬ ਹੋਈ ਸੀ, ਜੋ ਖ਼ਾਨਾ-ਜੰਗੀ ਤੇ ਬਾਹਰਲੀ ਮੁਦਾਖਲਤ ਵਿਚੋਂ ਸੁਰਖ਼ਰੂ ਹੋ ਕੇ ਨਿਕਲੀ ਸੀ । ਅਤੇ ਜੋ ਆਪਣੀ ਨੀਤੀ ਇਨਕਲਾਬੀ ਮਾਰਕਸਵਾਦ ਦੇ ਆਧਾਰ 'ਤੇ ਚਲਾ ਰਹੀ ਸੀ । ਅਤੇ ਜਿਸ ਵਿਚ ਆਪਣੀਆਂ ਗ਼ਲਤੀਆਂ ਮੰਨਣ ਦੀ, ਅਤੇ ਉਹਨਾਂ ਨੂੰ ਸੋਧਣ ਦੀ ਸ਼ਕਤੀ ਸੀ । ਪਰੋਲਤਾਰੀ ਦੀ ਡਿਕਟੇਟਰਸ਼ਿਪ ਭਾਵੇਂ ਕਿੰਨੀ ਵੀ ਤੁੰਦ ਮਾਰਕਸਵਾਦੀ ਲੀਡਰਸ਼ਿਪ ਦੇ ਹੱਥ ਵਿਚ ਸੀ, ਵਸੋਂ ਵਿਚ ਉਸ ਦੀ ਨੀਂਹ ਬਹੁਤ ਵਿਸ਼ਾਲ ਨਹੀਂ ਸੀ । ਇਹ ਉਸ ਦੀ ਬਹੁਤ ਵੱਡੀ ਤੇ ਬੁਨਿਆਦੀ ਕਮਜ਼ੋਰੀ ਸੀ । ਇਸ ਨੇ ਅੰਤ ਆਪਣਾ ਰੰਗ ਵਿਖਾਉਣਾ ਹੀ ਸੀ । ਸੋ ਇਸ ਨੇ ਵਿਖਾਇਆ ।

ਲਾਲ ਫ਼ੌਜ ਮਾਰਕਸਵਾਦੀ ਲਹਿਰ ਦੀ ਉਸਾਰੀ ਹੋਈ ਨਹੀਂ ਸੀ ਤੇ ਨਾ ਹੀ ਉਸ ਦੀ ਚੇਤਨਤਾ ਵਿਚ ਮਾਰਕਸਵਾਦ ਪੁੜਿਆ ਹੋਇਆ ਸੀ । ਇਨਕਲਾਬ ਦੇ ਮਗਰੋਂ ਇਹ ਜ਼ਾਰ ਦੀ ਫ਼ੌਜ ਦੇ ਜਰਨੈਲਾਂ ਤੇ

ਅਫ਼ਸਰਾਂ ਦੇ ਅਧੀਨ ਹੀ ਖੜੀ ਕੀਤੀ ਗਈ ਸੀ। ਜਿਸ ਤਰ੍ਹਾਂ ਸਨਅਤੀ ਪੈਦਾਵਾਰ ਦੇ ਕੇਂਦਰ ਸਟੇਟ ਦੀ ਮਲਕੀਅਤ ਤਾਂ ਬਣਾਏ ਗਏ ਸਨ ਅਤੇ ਉਹਨਾਂ ਦੀ ਪੈਦਾਵਾਰ ਇਨਕਲਾਬੀ ਸਰਕਾਰ ਦੇ ਮਿਥੇ ਮਨੋਰਥਾਂ ਵਾਸਤੇ ਕੀਤੀ ਜਾਂਦੀ ਸੀ ਪਰ ਉਹਨਾਂ ਵਿਚ ਹੁੰਦੀ ਪੈਦਾਵਾਰ ਤੇ ਬੰਦੋਬਸਤ ਬੁਰਜੂਆ ਮਾਹਿਰਾਂ ਤੇ ਪ੍ਰਬੰਧਕਾਂ ਦੇ ਹੱਥ ਵਿਚ ਹੀ ਸੀ, ਏਸੇ ਤਰ੍ਹਾਂ ਹੀ ਲਾਲ ਫ਼ੌਜ ਵਰਤੀ ਤਾਂ ਇਨਕਲਾਬ ਨੂੰ ਬਚਾਉਣ ਵਾਸਤੇ ਗਈ ਪਰ ਉਸ ਵਿਚ ਵੀ ਲੜਾਈ ਦਾ ਤਰੀਕਾ, ਯੁਧਨੀਤੀ, ਦਾਅ-ਪੇਚ ਸਭ ਬੁਰਜੂਆ ਸਨ। ਉਸ ਵੇਲੇ ਪਾਰਟੀ ਵਿਚ ਸੰਕਲਪ ਇਹ ਸਵਾਰ ਸੀ ਕਿ ਟੈਕਨੀਕ ਨਿਰਪੱਖ ਹੈ; ਸਵਾਲ ਸਿਰਫ਼ ਇਹ ਹੈ ਕਿ ਉਹ ਹੱਥ ਕਿਸ ਦੇ ਹੈ ਅਤੇ ਉਸ ਨੂੰ ਵਰਤਦਾ ਕੌਣ ਹੈ ਅਤੇ ਕਿਨ੍ਹਾਂ ਮਨੋਰਥਾਂ ਵਾਸਤੇ। ਸੋ ਲਾਲ ਫ਼ੌਜ ਦੇ ਅੰਦਰੂਨੀ ਰਿਸ਼ਤੇ ਬੁਰਜੂਆ ਹੀ, ਸਗੋਂ ਜ਼ਾਰ ਦੀ ਫ਼ੌਜ ਵਾਲੇ ਹੀ ਰਹੇ। ਤੁਰੀ ਆਉਂਦੀ ਦਰਜਾ-ਬ-ਦਰਜੀ ਕਾਇਮ ਰਹੀ। ਅਫ਼ਸਰਾਂ ਦੇ ਜਵਾਨਾਂ ਨਾਲ ਰਿਸ਼ਤੇ ਧੌਂਸ ਦੇ ਹੀ ਰਹੇ। ਫ਼ੌਜ ਦੀ ਮਰਯਾਦਾ, ਉਸ ਦੀ ਜਥੇਬੰਦੀ ਦਾ ਬੰਧੇਜ, ਡਿਸਿਪਲਿਨ, ਕੰਮ ਦੇ ਤਰੀਕੇ ਬੁਰਜੂਆ ਹੀ ਰਹੇ। ਵਰਕਰਾਂ ਦੀ ਜਮਾਤ ਵਿਚੋਂ ਟਰੇਂਡ ਹੋ ਕੇ ਆਉਂਦੇ ਅਫ਼ਸਰ ਵੀ ਉਸੇ ਦਰਜਾ-ਬ-ਦਰਜੀ ਵਿਚ ਹੀ ਫਿੱਟ ਕੀਤੇ ਜਾਂਦੇ ਸਨ ਤੇ ਉਹਨਾਂ ਦੀ ਜ਼ਹਿਨੀਅਤ ਵੀ ਹੁੰਦੀ ਹੁੰਦੀ ਪਹਿਲਿਆਂ ਅਫ਼ਸਰਾਂ ਵਰਗੀ, ਅਫ਼ਸਰਾਨਾ ਹੀ ਬਣ ਜਾਂਦੀ ਸੀ। ਫ਼ੌਜ ਵਿਚ ਜਮਾਤੀ ਚੇਤਨਤਾ ਪੁੜ੍ਹਨ ਵਲ, ਉਸ ਦੇ ਵਿਚਲੇ ਰਿਸ਼ਤਿਆਂ ਨੂੰ ਸਮਾਜਵਾਦੀ ਬਣਾਉਣ ਵਲ ਕਿਸੇ ਦਾ ਧਿਆਨ ਹੀ ਨਹੀਂ ਸੀ। ਸੋ ਜਥੇਬੰਦੀ, ਅੰਦਰੂਨੀ ਰਿਸ਼ਤਿਆਂ ਤੇ ਚੇਤਨਤਾ ਦੇ ਨੁਕਤੇ ਤੋਂ ਲਾਲ ਫ਼ੌਜ ਨੂੰ ਨਾ ਕਿਸੇ ਨੇ ਪਰੋਲਤਾਰੀ ਦੇ ਪੈਂਤੜੇ 'ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਤੇ ਨਾ ਉਹ ਉਸ ਪੈਂਤੜੇ 'ਤੇ ਆਈ।

ਵਿਦਿਅਕ ਢਾਂਚਾ ਵੀ ਤਕਰੀਬਨ ਉਹ ਹੀ ਤੁਰਿਆ ਆਇਆ ਜੋ ਪਹਿਲਾਂ ਸੀ। ਜੋ ਪੜ੍ਹਾਇਆ ਜਾ ਰਿਹਾ ਸੀ ਤੇ ਜਿਸ ਤਰ੍ਹਾਂ ਪੜ੍ਹਾਇਆ ਜਾ ਰਿਹਾ ਸੀ ਉਹ ਸਮਾਜਵਾਦ ਦੀ ਉਸਾਰੀ ਦੇ ਅਨੁਕੂਲ ਨਹੀਂ ਸੀ। ਵਿਦਿਆਰਥੀ ਦੇ ਮਨ ਵਿਚ ਵਿਦਿਆ ਦਾ ਕਾਬਜ਼ ਢਾਂਚਾ ਇਕ ਹੀ ਮਨੋਰਥ ਪਾਉਂਦਾ ਸੀ ਤੇ ਉਹ ਸੀ ਕਿ ਵਿਦਿਆ ਦਾ ਮਨੋਰਥ ਹੈ ਆਪਨੀ ਤਰੱਕੀ, ਆਪਨੇ ਆਪ ਦਾ ਵਾਧਾ। ਇਹ ਸਿਧਾਂਤ ਤੇ ਅਮਲ ਦਾ ਆਪਸ ਵਿਚ ਉਹ ਹੀ ਰਿਸ਼ਤਾ ਕਾਇਮ ਕਰਦਾ ਸੀ ਜੋ ਬੁਰਜੁਆਜ਼ੀ ਦੇ ਹਿੱਤੀ ਸੀ। ਇਹ ਅਮਲ ਨੂੰ ਪਹਿਲ ਨਹੀਂ ਸੀ ਦੇਂਦਾ। ਤੇ ਮਨ ਵਿਚ ਇਹ ਨਹੀਂ ਸੀ ਪੁੜ੍ਹਦਾ ਕਿ ਸਭ ਗਿਆਨ, ਸਭ ਸਿਧਾਂਤ ਅਮਲ ਵਿਚੋਂ ਪੈਦਾ ਹੁੰਦਾ ਹੈ। ਇਹ ਸਿਧਾਂਤ ਤੇ ਅਮਲ ਦਾ ਆਪਸ ਵਿਚ ਡਾਇਲੈਕਟਿਕ ਰਿਸ਼ਤਾ ਸਥਾਪਤ ਨਹੀਂ ਸੀ ਕਰਦਾ। ਸਿਧਾਂਤ ਨੂੰ ਸਭ ਕਾਸੇ ਦਾ ਸੋਮਾਂ ਬਣਾਉਂਦਾ ਸੀ ਤੇ ਉਸ ਦੀ ਅਮਲ 'ਤੇ ਸਰਦਾਰੀ ਸਥਾਪਤ ਕਰਦਾ ਸੀ।

ਜਿਸ ਤਰ੍ਹਾਂ ਵਿਦਿਅਕ ਅਡੰਬਰ ਬੁਰਜੂਆ ਬਣਤਰ ਵਾਲਾ ਹੀ ਰਿਹਾ, ਏਸੇ ਤਰ੍ਹਾਂ ਹੀ ਟੱਬਰ ਦੀ ਅੰਦਰੂਨੀ ਬਣਤਰ ਵੀ ਬਹੁਤ ਹੱਦ ਤਕ ਉਹੀ ਬੁਰਜੂਆ, ਫ਼ੀਊਡਲ ਹੀ ਰਹੀ। ਸਵਾਏ ਜਮਾਤੀ ਤੌਰ 'ਤੇ ਚੇਤੰਨ ਤਬਕੇ ਦੇ ਇਸ ਵਿਚ ਹੀ ਘਟ ਤਬਦੀਲੀ ਆਈ। ਚੂੰਕਿ ਜ਼ਿੰਦਗੀ ਦੇ ਅਹਿਮ ਤੇ ਬੁਨਿਆਦੀ ਪਹਿਲੂਆਂ ਵਿਚ ਸਮਾਜਕ ਰਿਸ਼ਤੇ ਤਬਦੀਲ ਹੀ ਨਾ ਹੋਏ, ਉਹਨਾਂ ਦੀ ਬਣਤਰ ਬਹੁਤ ਹੱਦ ਤਕ ਉਹ ਹੀ ਰਹੀ ਜੋ ਮੂਲ ਰੂਪ ਵਿਚ ਪਹਿਲਾਂ ਸੀ। ਇਸ ਵਾਸਤੇ ਵਸੋਂ ਦੇ ਬਹੁਤ ਹਿੱਸੇ ਵਿਚ ਤੁਰਿਆ ਆਉਂਦਾ ਮਜ਼ਹਬੀ ਅੰਸਰ ਹੀ ਕਾਬਜ਼ ਰਿਹਾ। ਪਰੋਲਤਾਰੀ ਦੇ ਪੈਂਤੜੇ ਦੇ ਨੁਕਤੇ ਤੋਂ ਪਿੰਡ ਦ ਸੀਨ ਉਤੇ ਤਬਦੀਲੀ ਕਰਨ ਦੇ ਪਾਰਟੀ ਕੋਲ ਵਸੀਲੇ ਹੀ ਨਹੀਂ ਸਨ। ਉਥੇ ਵਿਦਿਅਕ ਸਿਸਟਮ ਦੀ ਵਿਚਾਰਧਾਰਾ ਨੂੰ ਤਬਦੀਲ ਕਰਨ ਦਾ ਸਵਾਲ ਛਿੱਕੇ 'ਤੇ ਹੀ ਟੰਗਿਆ ਰਿਹਾ। ਉਸਤਾਦ ਤਬਕਾ ਇਸ ਤਬਦੀਲੀ ਦੇ ਉਂਜ ਹੀ ਵਿਰੋਧੀ ਸੀ। ਮਾੜੀ ਮੋਟੀ ਜੋ ਕੋਸ਼ਿਸ਼ ਹੋਈ ਉਹ ਨਾ ਸਿਰੇ ਚੜ੍ਹਨੀ



ਸੀ ਨਾ ਚੜ੍ਹੀ। ਅੰਤ ਛੱਡਣੀ ਪਈ। ਤੇ ਛੱਡ ਦਿੱਤੀ ਗਈ। ਪਿੰਡ ਦੇ ਸੀਨ 'ਤੇ ਸਕੂਲ ਦਾ ਢਾਂਚਾ ਅਮੀਰਾਂ ਬਖ਼ਤਾਵਰਾਂ ਦੇ ਹੱਥ ਹੀ ਰਿਹਾ। ਉਸ ਦਾ ਮੂਲ ਮੁਕਾਬਲੇ 'ਤੇ, ਲਿਆਂ ਨੰਬਰਾਂ 'ਤੇ, ਇਮਤਿਹਾਨਾਂ 'ਤੇ ਹੀ ਤੁਰਿਆ ਗਿਆ। ਇਸ ਰਾਹ ਦਾ ਅਮਲ ਬੁਰਜੂਆ ਵਿਚਾਰਧਾਰਾ ਹੀ ਉਸਾਰਦਾ ਤੇ ਪੱਕੀ ਕਰਦਾ ਰਿਹਾ ਤੇ ਉਸਤਾਦ ਤਬਕਾ ਵੀ ਏਸੇ ਵਿਚ ਹੀ ਮਗਨ ਤੇ ਖ਼ੁਸ਼ ਰਿਹਾ। ਚੂੰਕਿ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੀ ਕੋਈ ਨਾ ਹੋਈ, ਇਸ ਲਈ ਪੁਰਾਣੇ ਜੰਮ ਕੇ ਬੈਠੇ ਖ਼ਿਆਲ ਹੀ ਪਿੰਡ ਦੇ ਸੀਨ 'ਤੇ ਭਾਰੂ ਰਹੇ। ਆਰਥਕ ਜਥੇਬੰਦੀਆਂ ਵਿਚ ਵੀ ਉਹ ਹੀ ਅੰਸਰ ਆ ਦਾਖ਼ਿਲ ਹੋਇਆ ਜੋ ਬੁਰਜੂਆ ਨਜ਼ਰੀਏ ਦਾ ਹਾਮੀ ਸੀ। ਸੋ ਤੁਰੀ ਆਉਂਦੀ ਕਲਚਰ, ਸਕੂਲ, ਟੱਬਰ, ਗਿਰਜੇ, ਮੀਰ (MIR) ਸਖੌਡ (SKHOD) ਆਰਥਕ ਜਥੇਬੰਦੀਆਂ—ਸਭ ਦੇ ਅਮਲ ਨੇ ਪਰੋਲਤਾਰੀ ਨਜ਼ਰੀਏ ਤੇ ਪੈਂਤੜੇ ਦੇ ਪੈਰ ਤਾਂ ਕੀ ਲਗਣ ਦੇਣੇ ਸਨ, ਉਹਨਾਂ ਨੂੰ ਲਾਗੇ ਵੀ ਨਾ ਫਟਕਣ ਦਿੱਤਾ। ਪਾਰਟੀ ਚੂੰਕਿ ਪਿੰਡ ਦੇ ਸੀਨ ਦੇ ਮੁਖੀ ਵਿਰੋਧਾਂ ਨੂੰ ਸਹੀ ਹੱਥ ਨਾ ਪਾ ਸਕੀ, ਤੇ ਉਥੋਂ ਦੀ ਤੋਰ ਨੂੰ ਆਪਨੇ ਅੱਗੇ ਨਾ ਲਾ ਸਕੀ ਇਸ ਵਾਸਤੇ ਪਿੰਡ ਦੇ ਸੀਨ 'ਤੇ ਅਮੀਰਾਂ ਤੇ ਸਕਤਿਆਂ ਦਾ ਹੀ ਤਹਿਤ ਰਿਹਾ। ਦਰਜਾ-ਬ-ਦਰਜੀ ਦਾ ਤੁਰਿਆ ਆਉਂਦਾ ਛੱਪਾ ਤੇ ਇੱਜ਼ਤ ਤਕਰੀਬਨ ਪਹਿਲਾਂ ਵਾਂਗ ਹੀ ਤੁਰੀ ਆਈ। ਤੇ ਮਗਰੋਂ ਜਦੋਂ ਪਾਰਟੀ ਖ਼ਾਸ ਕਿਸਮ ਦੀ ਸਨਅਤੀ ਉਸਾਰੀ ਦੇ ਰਾਹੇ ਪੈ ਗਈ, ਜਿਸ ਵਾਸਤੇ ਕਿਸਾਨੀ ਤਬਕੇ ਕੋਲੋਂ ਉਸ ਦੀ ਉਸਾਰੀ ਵਾਸਤੇ ਕਰ ਲੈਣਾ ਲਾਜ਼ਮੀ ਹੋ ਗਿਆ ਤਾਂ ਪਿੰਡ ਦੇ ਸੀਨ ਦੇ ਵਿਰੋਧ ਪਾਰਟੀ ਤੋਂ ਨਾਬਰ ਹੋ ਗਏ।

ਜਦੋਂ ਇਨਕਲਾਬ ਆਇਆ ਤਾਂ ਚਾਹੀਦਾ ਤਾਂ ਇਹ ਸੀ ਕਿ ਜ਼ਾਰ ਦੇ ਰਾਜ-ਪ੍ਰਬੰਧ ਦੇ ਅਡੰਬਰ ਦੇ ਤੂਸੜੇ ਉਡਾਏ ਜਾਂਦੇ ਅਤੇ ਉਸ ਦੀ ਥਾਂ ਮੁੱਢੋਂ ਲੈ ਕੇ ਅਖੀਰ ਤਕ ਪਰੋਲਤਾਰੀ ਦੀ ਡਿਕਟੇਟਰਸ਼ਿਪ ਆਪਨੇ ਅਨੁਸਾਰੀ ਢਾਂਚਾ ਖੜਾ ਕਰਦੀ। ਪਰ ਰੂਸੀ ਪਾਰਟੀ ਕੋਲ ਐਨਾ ਕਾਡਰ ਹੀ ਨਹੀਂ ਸੀ ਕਿ ਉਹ ਜ਼ਾਰ ਵਾਲੇ ਰਾਜ-ਪ੍ਰਬੰਧ ਦੀ ਜੜ੍ਹ-ਮੇਖ ਉਖਾੜ ਸਕਦੀ। ਉਸ ਨੂੰ ਆਪਨਾ ਕੰਮ ਬਹੁਤ ਹੱਦ ਤਕ ਕਾਬਜ਼ ਰਾਜ-ਪ੍ਰਬੰਧ ਰਾਹੀਂ ਹੀ ਚਲਾਉਣਾ ਪਿਆ। ਇਸ ਦਾ ਨਤੀਜਾ ਇਹ ਹੋਇਆ ਕਿ ਪਾਰਟੀ ਦਾ ਕਾਡਰ ਜੋ ਰਾਜ-ਪ੍ਰਬੰਧ ਵਿਚ ਗਿਆ, ਲੈਨਿਨ ਦੇ ਕਹਿਣ ਮੁਤਾਬਕ ਲੁਫ਼ਾਫ਼ਾ ਭਾਵੇਂ ਕੁਛ ਮਾਰਿਆ ਜਾਂਦਾ, ਉਹ ਬਹੁਤ ਵਾਰੀ ਅਗਵਾਈ ਦੇਂਦਾ ਨਹੀਂ ਸੀ, ਅਗਵਾਈ ਲੈਂਦਾ ਸੀ। ਏਥੇ ਹੀ ਬਸ ਨਹੀਂ। ਜੋ ਵੀ ਜਾਣਕਾਰੀ ਪਾਰਟੀ ਨੇ ਲੈਣੀ ਹੁੰਦੀ ਤੇ ਖ਼ਾਸ ਕਰ ਵਸੋਂ ਦੇ ਉਸ ਤਬਕੇ ਵਿਚੋਂ ਜਿਥੇ ਪਾਰਟੀ ਦੀਆਂ ਆਪਨੀਆਂ ਜੜ੍ਹਾਂ ਨਹੀਂ ਸਨ ਉਹ ਰਾਜ-ਪ੍ਰਬੰਧ ਦੇ ਅਡੰਬਰ ਰਾਹੀਂ ਹੀ ਲੈਣੀ ਹੁੰਦੀ ਸੀ। ਤੇ ਉਹ ਹਰ ਗੱਲ ਆਪਨੇ ਹੱਕ ਦੀ ਟੇਢ਼ ਬਣਾ ਕੇ ਹੀ ਪੇਸ਼ ਕਰਦਾ ਸੀ। ਰਾਜ-ਪ੍ਰਬੰਧ ਵਿਚ ਕੰਮ ਕਰਦਾ ਕਰਦਾ ਕਾਡਰ ਬਹੁਤ ਹੱਦ ਤਕ ਹੌਲੀ ਹੌਲੀ ਉਸ ਦੇ ਰੰਗ ਵਿਚ ਰੰਗਿਆ ਜਾਂਦਾ ਸੀ। ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੇ ਤਰੀਕੇ ਨੂੰ ਛੱਡ ਕੇ ਉਹ ਵੀ ਰਾਜ-ਪ੍ਰਬੰਧ ਦੇ ਤਰੀਕੇ ਨਾਲ ਹੀ ਕੰਮ ਕਰਵਾਉਣਾ ਸ਼ੁਰੂ ਕਰ ਦੇਂਦਾ ਸੀ। ਰਾਜ-ਪ੍ਰਬੰਧ ਦਾ ਅਡੰਬਰ ਕਈ ਵੇਰਾਂ ਤਾਂ ਕਈ ਲੀਡਰਾਂ 'ਤੇ ਵੀ ਐਸਾ ਅਸਰ ਪਾਉਂਦਾ ਕਿ ਉਹਨਾਂ ਨੂੰ ਵੀ ਆਪਨੇ ਅੱਡੇ ਚੜ੍ਹਾ ਲੈਂਦਾ। ਰਾਜ-ਪ੍ਰਬੰਧ ਦਾ ਅਡੰਬਰ ਆਪਨੇ ਨੁਕਤੇ ਤੋਂ ਚੁਸਤ ਸੀ। ਉਹ ਪਾਰਟੀ ਦੇ ਕਾਡਰ ਆਦਿ ਨੂੰ ਸਿਰ 'ਤੇ ਧਰ ਕੇ, ਉਸ ਦੇ ਪਰਦੇ ਹੇਠ ਕਰ ਉਹ ਕੁਛ ਹੀ ਜਾਂਦਾ ਜੋ ਉਸ ਨੇ ਆਪਨੀ ਜਮਾਤ ਲਈ ਬੁਰਜੂਆ ਨੁਕਤੇ ਤੋਂ ਕਰਨਾ ਸੀ। ਲੈਨਿਨ ਨੇ ਰਾਜ-ਪ੍ਰਬੰਧ ਦੇ ਅਡੰਬਰ ਬਾਬਤ ਹੀ ਆਖਿਆ ਸੀ ਕਿ ਇਹ ਜ਼ਾਰ ਵਾਲਾ ਹੀ ਅਡੰਬਰ ਹੈ ਸਿਰਫ਼ ਇਸ 'ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਤੇਲ ਚੋਇਆ ਹੋਇਆ ਹੈ।

ਲੈਨਿਨ ਦੇ ਇਉਂ ਸਪਸ਼ਟ ਕਹਿਣ ਦੇ ਬਾਵਜੂਦ ਵੀ ਪਾਰਟੀ ਰਾਜ-ਪ੍ਰਬੰਧ ਦੇ ਅਡੰਬਰ ਦਾ ਜਮਾਤੀ ਜੁੱਸਾ ਸਮਝਣੋਂ ਤੇ ਗ੍ਰਹਿਣ ਕਰਨੋਂ ਅਸਮਰੱਥ ਰਹੀ। ਅਫ਼ਸਰਸ਼ਾਹੀ, ਅਫ਼ਸਰਸ਼ਾਹੀ ਤਾਂ ਕੂਕਦੀ ਰਹੀ। ਉਹ ਤਾਂ ਸਾਹਮਣੇ ਸਪਸ਼ਟ ਹੀ ਸੀ। ਉਸ ਵਲੋਂ ਤਾਂ ਅੱਖਾਂ ਮੀਟੀਆਂ ਹੀ ਨਹੀਂ ਸਨ ਜਾ ਸਕਦੀਆਂ। ਪਰ ਅਫ਼ਸਰਸ਼ਾਹੀ ਦੀ ਕੂਕ ਨੇ ਰਾਜ-ਪ੍ਰਬੰਧ ਦਾ ਜਮਾਤੀ ਵਿਸ਼ਲੇਸ਼ਨ ਨਾ ਹੋਣ ਦਿੱਤਾ। ਅਫ਼ਸਰਸ਼ਾਹੀ ਹੋਰਨਾਂ ਕਾਰਨਾਂ ਦੇ ਸਿਰ ਹੀ ਮੜ੍ਹੀਦੀ ਰਹੀ। ਸਟਾਲਨ ਇਸ ਨੂੰ ਵਿਦਿਆ ਦੀ ਅਣਹੋਂਦ, ਵਿਦਿਆ ਦੇ ਘਾਟੇ ਦੇ ਸਿਰ ਮੜ੍ਹਦਾ ਰਿਹਾ ਤੇ ਟਰਾਟਸਕੀ ਇਹ ਹੀ ਪੱਕ ਪਕਾਉਂਦਾ ਰਿਹਾ ਕਿ ਇਹ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੇ ਪਛੜੀ ਹੋਣ ਕਰਕੇ ਹੈ। ਅਫ਼ਸਰਸ਼ਾਹੀ ਦਾ ਜਮਾਤੀ ਅਸਲਾ ਨਾ ਸਮਝਿਆ ਗਿਆ। ਬੁਰਜੂਆ ਰਿਸ਼ਤਿਆਂ ਦਾ ਖ਼ਾਸਾ ਹੈ ਕਿ ਇਹਨਾਂ ਦੇ ਅਧੀਨ ਰਾਜ-ਪ੍ਰਬੰਧ ਦਾ ਅਡੰਬਰ ਤੇ ਉਸ ਦੀ ਅਫ਼ਸਰਸ਼ਾਹੀ ਅਮਰ-ਵੇਲੇ ਵਾਂਗ ਫੈਲਦੀ ਹੈ! ਜੇ ਕਿਸੇ ਪਹਿਲੂ ਵਿਚ ਅਫ਼ਸਰਸ਼ਾਹੀ ਅੱਤ ਹੀ ਚੁਕ ਲਵੇ ਤਾਂ ਉਸ ਨੂੰ ਸੋਧਣ ਵਾਸਤੇ ਅਫ਼ਸਰਸ਼ਾਹੀ ਦਾ ਹੀ ਇਕ ਹੋਰ ਤਬਕਾ ਖੜਾ ਕੀਤਾ ਜਾਂਦਾ ਹੈ। ਅਫ਼ਸਰਸ਼ਾਹੀ ਦੇ ਜਮਾਤੀ ਅਸਲੇ ਨੂੰ ਸਮਝਣਾ ਪਰੋਲਤਾਰੀ ਦੇ ਪੈਂਤੜੇ ਦਾ ਖ਼ਾਸਾ ਹੈ ਤੇ ਉਹ ਹੀ ਇਸ ਨੂੰ ਮਿਲ ਕੇ ਲੈ ਸਕਦੀ ਹੈ। ਰਾਜ-ਪ੍ਰਬੰਧ ਦੇ ਅਡੰਬਰ ਨੂੰ ਛਾਂਗੀ ਆਉਣਾ, ਉਸ ਨੂੰ ਘਟ ਤੋਂ ਘਟ ਕਰੀ ਆਉਣਾ ਪਰੋਲਤਾਰੀ ਦੇ ਪੈਂਤੜੇ ਦਾ ਹੀ ਕੰਮ ਹੈ, ਕਿਉਂਕਿ ਉਸ ਦਾ ਹੀ ਇਹ ਅਸਲਾ ਤੇ ਹਿੱਤ ਹੈ ਕਿ ਉਹ ਮੁਲੱਖਈਏ ਵਾਸਤੇ ਸਟੇਟ ਨੂੰ ਨਾ ਰਹਿਣ ਦੇਵੇ, ਅਸਟੇਟ (non-state) ਬਣਾਉਂਦਾ ਤੁਰਿਆ ਜਾਵੇ। ਪਰ ਰੂਸੀ ਪਾਰਟੀ ਨਾ ਹੀ ਆਪਣੇ ਰਾਜ-ਪ੍ਰਬੰਧ ਦੇ ਜਮਾਤੀ ਅਸਲੇ ਨੂੰ ਸਮਝੀ ਤੇ ਨਾ ਹੀ ਇਸ ਦੀ ਅਫ਼ਸਰਸ਼ਾਹੀ ਨੂੰ, ਇਸ ਦੀ ਬੁਰਜੂਆ ਬਣਤਰ ਨੂੰ ਖ਼ਤਮ ਕਰ ਕੇ ਇਸ ਨੂੰ ਪਰੋਲਤਾਰੀ ਬਣਤਰ ਦੀ ਬਣਾ ਸਕੀ।

ਚਾਹੀਦਾ ਤਾਂ ਇਹ ਸੀ ਕਿ ਪਾਰਟੀ ਰਾਜ-ਪ੍ਰਬੰਧ ਦੇ ਅਡੰਬਰ ਦੀ ਛੰਗਾਈ ਕਰਦੀ ਤੇ ਵਧ ਤੋਂ ਵਧ ਕੰਮ ਮੁਲੱਖਈਏ ਦੀ ਪਹਿਲ-ਕਦਮੀ ਤੋਂ ਲੈਂਦੀ। ਮੁਲੱਖਈਏ ਨੂੰ ਆਪਣੀ ਜ਼ਿੰਦਗੀ ਦੇ ਪ੍ਰਬੰਧ ਵਾਸਤੇ ਤਿਆਰ ਕਰਦੀ। ਰਾਜ-ਪ੍ਰਬੰਧ ਕੋਲੋਂ ਮਸਲੇ ਹਲ ਕਰਾਉਣ ਦੇ ਤਰੀਕੇ ਦਾ ਗਲ ਘੁਟਦੀ ਆਉਂਦੀ। ਉਸ ਦੀ ਅਫ਼ਸਰਸ਼ਾਹੀ ਨੂੰ, ਅਫ਼ਸਰਾਨਾ ਤਰੀਕੇ ਨੂੰ ਖ਼ਤਮ ਕਰਨ ਵਾਸਤੇ ਲਗਾਤਾਰ ਜਮਾਤੀ ਜਦੋ-ਜਹਿਦ ਵਿੱਢਦੀ। ਪਰ ਹੋਇਆ ਇਸ ਦੇ ਐਨ ਉਲਟ। ਰਾਜ-ਪ੍ਰਬੰਧ ਦੇ ਅਡੰਬਰ ਵਿਚੋਂ, ਤੇ ਪੈਦਾਵਾਰ ਦੇ ਕੇਂਦਰਾਂ ਵਲੋਂ ਪਾਰਟੀ ਵਿਚ ਕਾਫੀ ਬੁਰਜੂਆ ਅਤੇ ਨਿਗੂਣੀ ਬੁਰਜੂਆਜ਼ੀ ਦਾ ਤਬਕਾ ਆਣ ਵੜਿਆ। ਪਾਰਟੀ ਨੇ ਚੂੰਕਿ ਸਮਾਜਕ ਰਿਸ਼ਤਿਆਂ ਨੂੰ ਬਦਲਣਾ ਆਪਣਾ ਮੂਲ ਮਨੋਰਥ ਨਹੀਂ ਸੀ ਬਣਾਇਆ, ਇਸ ਵਾਸਤੇ ਹੁੰਦਾ ਹੁੰਦਾ ਉਸ ਦੇ ਅੰਦਰ ਵੀ ਬੁਰਜੂਆ ਅਮਲ ਹੀ ਜ਼ੋਰ ਫੜਦਾ ਗਿਆ। ਪਾਰਟੀ ਦਾ ਜਮਹੂਰੀ-ਕੇਂਦਰਵਾਦ ਖੁਰਦਾ ਗਿਆ। ਜਮਹੂਰੀ ਅੰਗ ਖੁਸ਼ਕ ਹੁੰਦਾ ਗਿਆ ਤੇ ਉਸ ਦੇ ਸਾਹ ਪੀਤੀ ਦੇ ਜਾਣ ਨਾਲ ਨਿਰਾ ਕੇਂਦਰਵਾਦ ਹੀ ਰਹਿੰਦਾ ਗਿਆ। ਮਸਲਿਆਂ ਦਾ ਹਲ ਸਟੇਟ ਦੇ ਰਾਜ-ਪ੍ਰਬੰਧ ਦੇ ਅਡੰਬਰ ਰਾਹੀਂ ਹੀ ਹੋਣਾ ਸ਼ੁਰੂ ਹੋ ਗਿਆ। ਇਹ ਪਰੋਲਤਾਰੀ ਅਸਲੇ ਦੇ ਉਲਟ ਰਵੱਈਆ ਸੀ। ਮੁਲੱਖਈਏ ਨੂੰ ਹਰਕਤ ਵਿਚ ਲਿਆਉਣ ਤੋਂ ਬਗੈਰ ਉਸ ਨੂੰ ਜਮਾਤੀ ਜਦੋ-ਜਹਿਦ ਵਿਚ ਪਾਉਣ ਤੋਂ ਬਗੈਰ, ਉਸ ਦੇ ਅਮਲ ਤੋਂ ਤੇ ਪਹਿਲ-ਕਦਮੀ ਤੋਂ ਬਗੈਰ ਜੇ ਉਸ ਦੀ ਥਾਂ ਲੰਮੇ ਅਰਸੇ ਵਾਸਤੇ ਸਟੇਟ ਦੇ ਅਡੰਬਰ ਦਾ ਆਸਰਾ ਹੀ ਲਈਦਾ ਜਾਵੇ ਤਾਂ ਉਸ ਨਾਲ ਬੁਰਜੂਆ ਰਿਸ਼ਤੇ ਹੀ ਜੜ੍ਹ ਪਕੜਦੇ, ਪੱਕੇ ਹੁੰਦੇ ਹਨ। ਇਹ ਰਾਹ ਮੁਲੱਖਈਏ ਨੂੰ ਸੁਸਰੀ ਵਾਂਗ ਸੁਆਉਂਦਾ ਹੈ। ਜਿਨ੍ਹਾਂ ਦੇ ਹੱਥ ਵਿਚ ਤਾਕਤ ਹੁੰਦੀ ਹੈ, ਦੂਸਰੇ ਲਫ਼ਜ਼ਾਂ ਵਿਚ ਅਫ਼ਸਰਸ਼ਾਹੀ, ਉਸ ਦੀ ਉਸਾਰੀ, ਉਸ ਦੀ ਮਜ਼ਬੂਤੀ ਤੇ ਉਸ ਦੇ ਵਾਧੇ ਨੂੰ ਰਾਹ ਦੇਂਦਾ ਹੈ। ਸਮਾਜਕ ਰਿਸ਼ਤੇ ਸਿਰਫ਼



ਮੁਲੱਖਈਏ ਦੀ ਕੀਤੀ ਜਮਾਤੀ ਜਦੋ-ਜਹਿਦ ਨਾਲ ਹੀ ਬਦਲ ਸਕਦੇ ਹਨ।

ਪਾਰਟੀ ਦਾ ਮੁਲੱਖਈਏ ਨਾਲ ਰਿਸ਼ਤਾ ਹਮੇਸ਼ਾਂ ਧਿਆਨ ਮੰਗਦਾ ਹੈ। ਜੇ ਮੁਲੱਖਈਏ ਦਾ ਸਰਕਾਰ 'ਤੇ ਇਤਬਾਰ ਹੋਵੇ ਤਾਂ ਉਹ ਆਮ ਤੌਰ 'ਤੇ ਊਂਘਣ ਲਗ ਪੈਂਦਾ ਹੈ। ਜੇ ਸਰਕਾਰ 'ਤੇ ਬੇਇਤਬਾਰੀ ਹੋਵੇ ਤਾਂ ਉਸ ਦੀ ਜਾਗ ਤੇ ਉਸ ਦਾ ਅਮਲ ਸਰਕਾਰ ਦੇ ਵਿਰੋਧੀ ਹੋ ਤੁਰਦਾ ਹੈ। ਸੋ ਸਹੀ ਰਸਤਾ ਇਹ ਹੀ ਹੈ ਕਿ ਪਾਰਟੀ ਲਗਾਤਾਰ ਮੁਲੱਖਈਏ ਨੂੰ ਪੇਸ਼ ਮਸਲਿਆਂ ਦੇ ਹਲ ਦੇ ਮੁਖ਼ਾਤਬ ਕਰੀ ਆਵੇ, ਉਹਨਾਂ ਦੇ ਹਲ ਵਾਸਤੇ ਤਿਆਰ ਕਰੀ ਆਵੇ, ਤਾਕਿ ਮਸਲਿਆਂ ਦਾ ਹਲ ਉਹਨਾਂ ਦੀ ਪਹਿਲ-ਕਦਮੀ ਤੋਂ ਹੀ ਹੋਵੇ। ਪਰ ਰੂਸ ਵਿਚ ਪਾਰਟੀ ਮੁਲੱਖਈਏ ਨੂੰ ਅਗੇਤ ਕਰਨ ਦੇ ਰਾਹੇ ਨਾ ਪੈ ਸਕੀ। ਇਕ ਤਾਂ ਪਾਰਟੀ ਪ੍ਰਬੰਧਕ ਕੰਮ ਵਿਚ ਹੀ ਰੁਝਦੀ ਚਲੀ ਗਈ, ਅਤੇ ਦੂਸਰੇ ਕਿਉਂਕਿ ਵਿਚਾਰਧਾਰਕ ਜਮਾਤੀ ਜਦੋ-ਜਹਿਦ—ਕਲਚਰਲ ਇਨਕਲਾਬ—ਉਸ ਨੇ ਵਿੱਢਿਆ ਹੀ ਨਾ, ਉਸ ਦਾ ਨਤੀਜਾ ਇਹ ਹੋਇਆ ਕਿ ਪਾਰਟੀ ਦੇ ਵਿਚ ਵੀ ਬੁਰਜੂਆ ਰਿਸ਼ਤੇ ਪ੍ਰਬਲ ਹੁੰਦੇ ਗਏ। ਹੋ ਗਏ। ਅਫ਼ਸਰਸ਼ਾਹੀ ਦੀ ਰੱਟ ਨੇ ਪਾਰਟੀ ਵਿਚ ਉੱਸਰ ਰਹੇ ਬੁਰਜੂਆ ਰਿਸ਼ਤਿਆਂ 'ਤੇ ਵੀ ਅਗਿਆਨਤਾ ਦਾ ਪਰਦਾ ਪਾਈ ਰਖਿਆ। ਰਾਜ-ਪ੍ਰਬੰਧ ਤੇ ਆਰਥਕ ਅਡੰਬਰ ਰਾਹੀਂ ਪਾਰਟੀ ਵਿਚ ਆਣ ਘੁਸੇ ਬੁਰਜੂਆ ਅਤੇ ਨਿਗੂਣੀ ਬੁਰਜੂਆਜ਼ੀ ਦੇ ਅੰਸਰ ਦੇ ਅਸਰ ਨੇ ਲੋਕਾਂ ਦੀ ਪਹਿਲ-ਕਦਮੀ ਦੇ ਰਾਹ ਵਿਚ ਰੋਕ ਪਾਈ। ਪਾਰਟੀ ਦੇ ਅੰਦਰ ਬੁਰਜੂਆ ਰਿਸ਼ਤਿਆਂ ਦੇ ਪ੍ਰਬਲ ਹੋਣ ਨਾਲ ਪਾਰਟੀ ਦਾ ਪ੍ਰਬੰਧਕ ਅਡੰਬਰ (Administrative apparatus) ਆਪ-ਹੁਦਰਾ ਹੋ ਬੈਠਾ। ਤਾਕਤ ਪਕੜ ਗਿਆ। ਸੋ ਸਟੇਟ ਤੇ ਪਾਰਟੀ ਦੋਹਾਂ ਦੇ ਅਡੰਬਰ ਵਿਚ ਉਹ ਸਮਾਜਕ ਤਾਕਤਾਂ ਜ਼ੋਰ ਪਕੜ ਗਈਆਂ ਜੋ ਜੰਮ ਕੇ ਬੈਠੀ ਸਰਮਾਏਦਾਰੀ ਨੂੰ, ਬੁਰਜੂਆ ਰਿਸ਼ਤਿਆਂ ਨੂੰ ਹਿਲਣ ਨਹੀਂ ਸੀ ਦੇਣਾ ਚਾਹੁੰਦੀਆਂ। ਨਾ ਸਿਰਫ਼ ਇਹ ਹੀ ਕਿ ਉਹ ਕਾਬਜ਼ ਨੂੰ ਆਂਚ ਨਹੀਂ ਸੀ ਆਉਣ ਦੇਣਾ ਚਾਹੁੰਦੀਆਂ, ਬਲਕਿ ਉਹ ਉਸ ਦੀਆਂ ਜੜ੍ਹਾਂ ਹੋਰ ਪੱਕੀਆਂ ਕਰਨੀਆਂ ਲੋੜਦੀਆਂ ਸਨ। ਅਤੇ ਇਹ ਤਾਕਤਾਂ ਕਮਜ਼ੋਰ ਹੋਣ ਦੀ ਥਾਂ ਦਿਨੋਂ ਦਿਨ ਮਜ਼ਬੂਤ ਹੁੰਦੀਆਂ ਗਈਆਂ।

(ਚਲਦਾ)

---

## ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗਜ਼ ਦੇ ਇਕ ਬੰਨੇ ਹੀ ਲਿਖਿਆ ਕਰਨ. ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ ਸਾਫ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ. ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।
* ਅਗਲੇ ਅੰਕ ਵਿਚ ਜਾਣ ਵਾਲੇ ਲੇਖ, ਚਿੱਠੀਆਂ ਆਦਿ ਸਾਡੇ ਤਕ ਹਰ ਹਾਲਤ ਵਿਚ ਚਾਲੂ ਮਹੀਨੇ ਦੀ ਬਾਰਾਂ ਤਾਰੀਖ਼ ਤਕ ਪੁਜ ਜਾਣੇ ਚਾਹੀਦੇ ਹਨ। ਅਗਲੇ ਅੰਕ ਦਾ ਮੈਟਰ ਤੇਰ੍ਹਾਂ ਤਾਰੀਖ਼ ਨੂੰ ਪ੍ਰੈਸ 'ਚ ਦੇਣਾ ਪੈਂਦਾ ਹੈ। ਪਰਚਾ ਪੰਝੀ ਤਾਰੀਖ਼ ਨੂੰ ਛਪ ਕੇ ਤਿਆਰ ਹੋ ਜਾਂਦਾ ਹੈ ਅਤੇ ਸਤਾਈ ਨੂੰ ਡਾਕੇ ਪਾਇਆ ਜਾਂਦਾ ਹੈ।

## ਪੰਜਾਬੀ ਆਲੋਚਨਾ ਅਤੇ ਪੱਛਮੀ-ਆਲੋਚਨਾ-ਪ੍ਰਣਾਲੀ—2

ਡਾ: ਰਵਿੰਦਰ ਸਿੰਘ ਰਵੀ

# ਅਮਰੀਕਾ ਦਾ ਨਵੀਨ ਆਲੋਚਨਾ 'ਸਕੂਲ' *(The New Criticism)*

ਇਸ ਲੇਖ-ਲੜੀ ਦੀ ਪਹਿਲੀ ਕਿਸ਼ਤ ਸੇਧ, ਦਸੰਬਰ 1978 ਅੰਕ ਵਿਚ ਛਪ ਚੁਕੀ ਹੈ। —ਸੰਪਾਦਕ

ਵੀਹਵੀਂ ਸਦੀ ਵਿਚ ਪੱਛਮ ਵਿਚ ਪ੍ਰਚਲਤ ਹੋਣ ਵਾਲੀਆਂ ਸਾਹਿਤ-ਆਲੋਚਨਾ ਪ੍ਰਣਾਲੀਆਂ ਵਿਚੋਂ ਅਮਰੀਕਾ ਦਾ 'ਨਵੀਨ ਆਲੋਚਨਾ-ਸਕੂਲ,' ਰੂਸੀ ਰੂਪਵਾਦ, ਅਸਤਿਤ੍ਵਵਾਦੀ, ਸੰਰਚਨਾਵਾਦੀ, ਮਨੋਵਿਸ਼ਲੇਸ਼ਣਾਤਮਕ ਆਲੋਚਨਾ-ਵਿਧੀਆਂ ਪ੍ਰਮੁਖ ਹਨ। ਪੰਜਾਬੀ ਵਿਚ ਪਿਛਲੇ ਕੁਝ ਕੁ ਸਾਲਾਂ ਤੋਂ ਇਹਨਾਂ ਦੀ ਹੀ ਚਰਚਾ ਹੈ ਅਤੇ ਇਹਨਾਂ ਦੀ ਹੀ ਸਥਾਪਤੀ ਦੇ ਯਤਨ ਕੀਤੇ ਗਏ ਹਨ। ਉਪਰੋਕਤ ਪ੍ਰਣਾਲੀਆਂ ਵਿਚੋਂ 'ਨਵੀਨ ਆਲੋਚਨਾ' ਦੀ, ਆਲੋਚਨਾ ਦੀ ਇਕ ਪ੍ਰਣਾਲੀ ਵਜੋਂ ਭਾਵੇਂ ਅਜੇ ਤਕ ਜਾਣ-ਪਛਾਣ ਨਹੀਂ ਕਰਵਾਈ ਗਈ, ਪਰੰਤੂ ਇਸ ਪ੍ਰਣਾਲੀ ਨਾਲ ਸੰਬੰਧਤ ਬਹੁਤ ਸਾਰੇ ਸੰਕਲਪ ਪੰਜਾਬੀ ਦੇ ਕੁਝ ਇਕ ਆਲੋਚਕਾਂ ਦੇ ਸਾਹਿਤ ਜਾਂ ਆਲੋਚਨਾ ਪ੍ਰਤਿ ਦ੍ਰਿਸ਼ਟੀਕੋਣ ਦਾ ਸਿੱਧਾਂਤਕ ਆਧਾਰ ਜ਼ਰੂਰ ਹਨ। ਉਪਰੋਕਤ ਆਲੋਚਨਾ-ਦ੍ਰਿਸ਼ਟੀਆਂ ਵਿਚ 'ਨਵੀਨ ਆਲੋਚਨਾ-ਸਕੂਲ' ਦੀ ਆਪਣੀ ਮੌਲਿਕ ਥਾਂ ਅਤੇ ਦੇਣ ਹੈ। ਇਸ ਦੇ ਕੇਂਦਰੀ ਸੰਕਲਪਾਂ ਦੇ ਸੁਭਾਅ ਦੀ ਰੂਸੀ ਰੂਪਵਾਦ, ਸੰਰਚਨਾਵਾਦੀ ਆਲੋਚਨਾ-ਵਿਧੀ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਅਦਿਸਦੀ ਸਾਂਝ ਵੀ ਹੈ, ਜਿਸ ਦਾ ਆਧਾਰ ਕੋਈ ਇਤਿਹਾਸਕ ਆਪਸੀ ਲੈਣ-ਦੇਣ ਜਾਂ ਸਾਮਿਅਕ ਮੇਲ-ਜੋਲ ਨਹੀਂ ਸਗੋਂ ਅੰਤਮ ਰੂਪ ਵਿਚ ਇਕ ਵਿਸ਼ੇਸ਼ ਜੀਵਨ-ਦ੍ਰਿਸ਼ਟੀਕੋਣ ਅਤੇ ਨਤੀਜੇ ਵਜੋਂ ਸਾਹਿਤ ਪ੍ਰਤਿ ਸਮੁੱਚੀ-ਪਹੁੰਚ ਵਿਚਲੀ ਵਿਚਾਰਧਾਰਕ ਸਾਂਝ ਹੈ। ਇਸੇ ਕਰਕੇ ਇਸ ਵਿਧੀ ਦਾ ਵਿਸਤਾਰ-ਸਹਿਤ ਅਧਿਐਨ ਅਤੇ ਮੁੱਲਾਂਕਣ ਜ਼ਰੂਰੀ ਬਣ ਜਾਂਦਾ ਹੈ।

ਇਸ 'ਨਵੀਨ ਆਲੋਚਨਾ' ਦੇ ਅਧੀਨ ਅਮਰੀਕਾ ਅਤੇ ਇੰਗਲੈਂਡ ਦੇ ਕੁਝ ਕੁ ਚਿੰਤਕਾਂ, ਜਿਹਾ ਕਿ ਟੀ. ਈ. ਹਿਊਮ, ਐਜ਼ਰਾ ਪਾਊਂਡ, ਜੇ. ਐਮ. ਮਰੇ, ਇਰਵਿੰਗ ਬੈਬਿਟ, ਟੀ. ਐਸ. ਇਲੀਅਟ, ਆਈ. ਏ. ਰਿਚਰਡਜ਼ ਆਦਿ ਨੂੰ ਕਈ ਵਾਰ ਰੱਖ ਲਿਆ ਜਾਂਦਾ ਹੈ। ਇਹਨਾਂ ਦੀਆਂ ਰਚਨਾਵਾਂ



ਉੱਨ੍ਹਵੀਂ ਸਦੀ ਦੇ ਰੋਮੈਂਟਿਕ-ਵਿਕਟੋਰੀਅਨ ਸਾਹਿਤ-ਆਦਰਸ਼ਾਂ ਅਤੇ ਆਲੋਚਨਾ-ਮਿਆਰਾਂ ਦੇ ਵਿਰੋਧ ਵਿਚ ਨਵੇਂ ਸਮਾਜਕ ਸਾਰ ਅਨੁਕੂਲ ਰਚੇ ਜਾ ਰਹੇ ਸਿਰਜਨਾਤਮਕ ਸਾਹਿਤ ਲਈ ਮੁਕਾਬਲਤਨ ਨਵੀਆਂ ਬਾਹਰਮੁਖੀ ਆਲੋਚਨਾ-ਵਿਧੀਆਂ ਅਤੇ ਸੰਕਲਪਾਂ ਨੂੰ ਸਥਾਪਤ ਕਰਨ ਦਾ ਯਤਨ ਕਰਦੀਆਂ ਸਨ। ਇਸ ਵਿਚ ਸ਼ੱਕ ਨਹੀਂ ਕਿ ਇਨ੍ਹਾਂ ਲੇਖਕਾਂ ਨੇ ਇਸ 'ਨਵੀਨ ਆਲੋਚਨਾ' ਸਕੂਲ ਦੇ ਜਨਮ ਅਤੇ ਵਿਕਾਸ ਦਾ ਠੋਸ ਪਿਛੋਕੜ ਉਸਾਰਿਆ ਹੈ, ਪਰ 'ਨਵੀਨ ਆਲੋਚਨਾ' ਦਾ ਇਹ ਨਾਂ ਕੇਵਲ ਅਮਰੀਕਨ ਆਲੋਚਕਾਂ ਦੇ ਇਕ ਖ਼ਾਸ ਸਮੂਹ, ਉਨ੍ਹਾਂ ਦੇ ਆਲੋਚਨਾਤਮਕ ਸੰਕਲਪਾਂ ਅਤੇ ਲਿਖਤਾਂ ਤਕ ਹੀ ਸੀਮਤ ਅਤੇ ਸਥਾਪਤ ਹੋ ਚੁੱਕਾ ਹੈ। ਇਸ ਪ੍ਰਣਾਲੀ ਨੂੰ ਕਈ ਵਾਰ ਸੁਹਜਵਾਦੀ, ਰੂਪਵਾਦੀ, ਪਾਠਮੂਲਕ (textual) ਅਤੇ ਅਸਤਿਤਵ-ਸ਼ਾਸਤ੍ਰੀ (ontological) ਆਲੋਚਨਾ ਦਾ ਨਾਂਅ ਵੀ ਦੇ ਦਿਤਾ ਜਾਂਦਾ ਹੈ ਪਰ ਪ੍ਰਧਾਨ ਰੂਪ ਵਿਚ ਇਹ ਵਿਧੀ 'ਨਵੀਨ ਆਲੋਚਨਾ' ਦੇ ਨਾਂਅ ਨਾਲ ਹੀ ਜਾਣੀ ਜਾਂਦੀ ਹੈ। ਇਸ ਦੀ ਚੜ੍ਹਤ ਅਤੇ ਪ੍ਰਧਾਨਤਾ ਦਾ ਸਮਾਂ ਮੁਖ ਤੌਰ 'ਤੇ ਵੀਹਵੀਂ ਸਦੀ ਦੇ ਤੀਜੇ ਤੋਂ ਪੰਜਵੇਂ ਦਹਾਕੇ ਦਾ ਸਮਾਂ ਹੈ।

'ਨਵੀਨ ਆਲੋਚਨਾ' ਦਾ ਇਹ ਨਾਂਅ ਇਸੇ ਪ੍ਰਣਾਲੀ ਦੇ ਪ੍ਰਮੁਖ ਆਲੋਚਕ ਜੇ. ਸੀ. ਰੈਨਸਮ ਦੀ 1941 ਵਿਚ ਇਸੇ ਨਾਂਅ (The New Criticism) ਹੇਠ ਛਪੀ ਪੁਸਤਕ ਤੋਂ ਸ਼ੁਰੂ ਅਤੇ ਸਥਾਪਤ ਹੋਇਆ ਮੰਨਿਆ ਜਾਂਦਾ ਹੈ। ਪਰ ਇਸ ਪ੍ਰਣਾਲੀ ਦੇ ਮੂਲ ਦ੍ਰਿਸ਼ਟੀਕੋਣ ਦਾ ਆਰੰਭ ਇਕ ਤਰ੍ਹਾਂ ਨਾਲ ਜੇ. ਈ. ਸਪਿੰਨਗਾਰਨ (J.E. Spingarn) ਦੁਆਰਾ 1910 ਵਿਚ ਕੋਲੰਬੀਆ ਯੂਨੀਵਰਸਿਟੀ ਵਿਖੇ ਇਸੇ ਸਿਰਲੇਖ ਹੇਠ ਦਿੱਤੇ ਗਏ ਇਕ ਭਾਸ਼ਣ (The New Criticism*) ਜਿਹੜਾ ਪਿਛੋਂ (1911) ਇਕ ਲੇਖ ਵਜੋਂ ਪ੍ਰਕਾਸ਼ਿਤ ਹੋਇਆ, ਨਾਲ ਜਾ ਜੁੜਦਾ ਹੈ। ਸਪਿੰਨਗਾਰਨ ਦਾ ਇਹ ਭਾਸ਼ਣ/ਲੇਖ ਅਮਰੀਕਾ ਵਿਚ ਸਾਹਿਤ-ਆਲੋਚਨਾ ਦੇ ਦ੍ਰਿਸ਼ਟੀਕੋਣਾਂ ਦੇ ਵਿਕਾਸ ਨਾਲ ਸਬੰਧਤ ਇਕ ਮਹੱਤਵਪੂਰਣ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿਚ ਉਸ ਨੇ ਫ਼੍ਰਾਂਸੀਸੀ, ਜਰਮਨ, ਅੰਗ੍ਰੇਜ਼ੀ ਸਾਹਿਤ-ਆਲੋਚਨਾ ਦੇ ਇਤਿਹਾਸ ਦਾ ਸਮੁੱਚਾ ਜਾਇਜ਼ਾ ਲੈਂਦਿਆਂ ਕ੍ਰੋਚੇ ਵਾਂਗ ਸਾਹਿਤ ਨੂੰ ਕੇਵਲ ਅਜਿਹੇ ਸੁਤੰਤਰ 'ਪ੍ਰਗਟਾਅ' (expression) ਵਜੋਂ ਸਵੀਕਾਰ ਕਰਨ ਉਤੇ ਜ਼ੋਰ ਦਿੱਤਾ ਜਿਸ ਦਾ ਕਿਸੇ ਸਮਾਜਕ-ਇਤਿਹਾਸਕ ਆਦਿ ਪ੍ਰਸੰਗ ਨਾਲ ਕੋਈ ਸੰਬੰਧ ਨਹੀਂ। ਉਸ ਨੇ ਪ੍ਰਚੱਲਤ ਆਲੋਚਨਾ-ਵਿਧੀਆਂ ਅਤੇ ਸਾਹਿਤ ਸੰਬੰਧੀ ਸਥਾਪਤ ਦ੍ਰਿਸ਼ਟੀਕੋਣਾਂ ਦਾ ਖੰਡਨ ਕਰਦਿਆਂ ਇਹਨਾਂ ਨੂੰ ਵੇਲਾ-ਵਿਹਾ ਚੁਕੇ ਸਿੱਧ ਕੀਤਾ। ਸਪਿੰਨਗਾਰਨ ਅਨੁਸਾਰ ਇਤਿਹਾਸਵਾਦੀ ਆਲੋਚਨਾ ਯੁਗ, ਨਸਲ ਅਤੇ ਵਾਤਾਵਰਣ ਵਲ, ਮਨੋਵਿਗਿਆਨਕ ਆਲੋਚਨਾ ਕਵੀ ਦੀ ਜੀਵਨੀ ਵਲ, ਸਿੱਧਾਂਤੂ (dogmatic) ਆਲੋਚਨਾ ਨਿਯਮਾਂ ਅਤੇ ਮਿਆਰਾਂ ਵਲ ਅਤੇ ਸੁਹਜ-ਸ਼ਾਸਤ੍ਰੀ ਆਲੋਚਨਾ ਕਲਾ ਅਤੇ ਸੁੰਦਰਤਾ ਦੇ ਕਿਸੇ ਅਦਿੱਖ ਸੂਖਮ ਸੰਸਾਰ ਵਲ ਲੈ ਤੁਰਦੀ ਹੈ। ਇਹੋ ਕਾਰਨ ਹੈ ਕਿ ਸਾਹਿਤਕ ਰਚਨਾ ਇਨ੍ਹਾਂ ਸਾਰੀਆਂ ਆਲੋਚਨਾ-ਪ੍ਰਣਾਲੀਆਂ ਦੇ ਅਧਿਐਨ ਦਾ ਕੇਂਦਰੀ ਨੁਕਤਾ ਨਹੀਂ ਰਹਿੰਦੀ, ਬਲਕਿ ਸਾਹਿਤਕ ਰਚਨਾ ਤੋਂ ਪਰੇ ਜਾਂ ਬਾਹਰ ਦਾ ਪ੍ਰਸੰਗ ਇਹਨਾਂ ਦੇ ਸਾਰੇ ਧਿਆਨ ਅਤੇ ਅਧਿਐਨ ਦਾ ਮੂਲ ਧੁਰਾ ਬਣ ਜਾਂਦਾ ਹੈ ਅਤੇ ਇਉਂ ਰਚਨਾ ਬਿਲਕੁਲ ਅੱਖੋਂ ਪਰੋਖੀ ਹੋ ਜਾਂਦੀ ਹੈ।

ਸਪਿੰਨਗਾਰਨ ਅਨੁਸਾਰ ਹਰ ਯੁਗ ਦੇ ਸਾਰੇ ਆਲੋਚਨਾ-ਸਿੱਧਾਂਤ ਮੁਖ ਰੂਪ ਵਿਚ ਦੋ ਵਰਗਾਂ

---

* The New Criticism, The Achievement of American Criticism. Edited by Clarence Arthur Brown, p. 525-538.

ਪ੍ਰਭਾਵਵਾਦੀ (Impressionism or enjoyment) ਅਤੇ ਸਿੱਧਾਂਤੂ (dogmatism or judgement) ਵਿਚ ਵੰਡੇ ਜਾ ਸਕਦੇ ਹਨ। ਇਹਨਾਂ ਦੋਵਾਂ ਲਈ ਇਕ ਸਾਹਿਤਕ ਰਚਨਾ ਕੁਝ ਵੀ ਹੋਰ ਹੋਵੇ ਪਰ ਇਕ ਅਜਿਹੀ ਸੁਤੰਤਰ ਹੋਂਦ ਜ਼ਰੂਰ ਹੈ ਜਿਸ ਵਿਚ ਕੇਵਲ 'ਪ੍ਰਗਟਾਉ' (expression) ਹੀ ਦੋਵਾਂ ਦ੍ਰਿਸ਼ਟੀਕੋਣਾਂ ਲਈ ਸਾਂਝਾ ਅਤੇ ਸਦੀਵੀ ਤੱਤ ਹੈ। ਹਰ ਕਵੀ ਬ੍ਰਹਮੰਡ ਨੂੰ ਆਪਣੇ ਤਰੀਕੇ ਨਾਲ ਨਵੇਂ ਸਿਰੇ ਤੋਂ ਪ੍ਰਗਟ ਕਰਦਾ ਹੈ ਅਤੇ ਇਉਂ ਹਰ ਨਜ਼ਮ ਆਪਣੇ ਆਪ ਵਿਚ ਇਕ ਨਵਾਂ ਅਤੇ ਸੁਤੰਤਰ 'ਪ੍ਰਗਟਾਅ' ਹੁੰਦੀ ਹੈ। ਕਵੀ ਜਾਂ ਨਾਟਕਕਾਰ ਮਹਾਂਕਾਵਿ ਜਾਂ ਦੁਖਾਂਤ ਆਦਿ ਦੀ ਸਿਰਜਣਾ ਨਹੀਂ ਕਰਦੇ। ਉਹ ਤਾਂ ਕੇਵਲ ਆਪਣੇ ਆਪ ਨੂੰ 'ਪ੍ਰਗਟ' ਕਰ ਰਹੇ ਹੁੰਦੇ ਹਨ। ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਦਾ ਅਸਲ ਰੂਪ ਮਹਾਂਕਾਵਿ ਜਾਂ ਦੁਖਾਂਤ ਨਹੀਂ ਸਗੋਂ ਕੇਵਲ ਇਹੋ 'ਪ੍ਰਗਟਾਅ' ਹੀ ਉਨ੍ਹਾਂ ਦਾ ਵਾਸਤਵਿਕ ਰੂਪ ਹੁੰਦਾ ਹੈ। ਇਹੋ 'ਪ੍ਰਗਟਾਅ' ਹਰ ਕਿਸਮ ਦੀ ਆਲੋਚਨਾ-ਦ੍ਰਿਸ਼ਟੀ ਲਈ ਸਾਂਝਾ ਅਤੇ ਸਦੀਵੀ ਤੱਤ ਹੈ। ਸਾਹਿਤਕ ਰਚਨਾਵਾਂ ਵਿਚੋਂ ਕੁਝ ਇਕ ਤੱਤਾਂ ਦੀ ਸਮਾਨਤਾ ਪ੍ਰਗਟ ਕਰਨ ਲਈ ਤ੍ਰਾਸਦ (ਦੁਖਾਂਤ) ਜਾਂ ਮਹਾਂਕਾਵਿ ਆਦਿ ਸ਼ਬਦ ਵਰਤੇ ਜਾ ਸਕਦੇ ਹਨ ਪਰੰਤੂ ਇਨ੍ਹਾਂ ਦੇ ਅਧਿਐਨ ਜਾਂ ਆਲੋਚਨਾਤਮਕ ਮੁਲਾਂਕਣ ਲਈ ਇਨ੍ਹਾਂ ਵਿਚੋਂ ਕੇਵਲ ਦੁਖਾਂਤ ਜਾਂ ਮਹਾਂਕਾਵਿ ਦੇ ਨਿਯਮ ਲੱਭਣੇ ਜਾਂ ਇਹ ਨਿਯਮ ਲਾਗੂ ਕਰਨੇ ਸੰਬੰਧਤ ਸਾਹਿਤਕ ਰੂਪਾਂ ਦੇ ਚਲੇ ਆ ਰਹੇ ਸਥਾਪਤ ਨਿਯਮਾਂ ਦਾ ਨਿਰਾਰਥਕ ਪ੍ਰਯੋਗ ਹੀ ਹੋਵੇਗਾ। ਆਪਣੇ ਇਸ ਲੇਖ ਵਿਚ ਸਪਿੰਨਗਾਰਨ ਨੇ ਉਹਨਾਂ ਬਾਰਾਂ ਤੇਰਾਂ ਨੁਕਤਿਆਂ ਦਾ ਖੰਡਨ ਕਰਦਿਆਂ ਉਹਨਾਂ ਦੇ ਤਿਆਗ 'ਤੇ ਜ਼ੋਰ ਦਿੱਤਾ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਉਦੋਂ ਤਕ ਆਲੋਚਨਾ ਵਿਚ ਵਰਤੇ ਜਾਂਦੇ ਰਹੇ ਸਨ। ਉਸ ਨੇ ਸਾਹਿਤਕ ਕਿਰਤ ਨੂੰ ਸਮਾਜਕ-ਇਤਿਹਾਸਕ ਪ੍ਰਸੰਗ-ਮੁਕਤ, ਆਪਣੇ ਆਪ ਵਿਚ ਸੁਤੰਤਰ ਇਕਾਈ ਜਾਂ ਪ੍ਰਗਟਾਅ (expression) ਵਜੋਂ ਸਵੀਕਾਰ ਕਰਨ 'ਤੇ ਜ਼ੋਰ ਦਿੰਦਿਆਂ ਸਾਹਿਤ-ਆਲੋਚਨਾ ਨੂੰ ਕੇਵਲ ਇਸੇ 'ਪ੍ਰਗਟਾਅ' ਦਾ ਅਧਿਐਨ ਮਾਤਰ ਮੰਨਿਆ।

ਸਪਿੰਨਗਾਰਨ ਦੇ ਉਪਰੋਕਤ ਵਿਚਾਰਾਂ ਦੇ ਪਿਛੋਕੜ ਲਈ ਇਹ ਗੱਲ ਸਾਹਮਣੇ ਰਖਣੀ ਜ਼ਰੂਰੀ ਹੈ ਕਿ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਰੋਮੈਂਟਿਕਸ ਦੀ ਉਪਭਾਵੁਕਤਾ, ਪ੍ਰਭਾਵਵਾਦ, ਵਿਅਕਤੀਵਾਦ ਦੇ ਨਾਲ ਨਾਲ ਵਿਕਟੋਰੀਅਨ ਦੌਰ ਦੀ ਜਰਜਰੀ ਨੈਤਿਕਤਾ ਦੇ ਅਡੰਬਰ ਦੇ ਪੂਰਨ ਮਖੌਟੇ ਦੀ ਅਸਵੀਕ੍ਰਿਤੀ ਇੰਗਲੈਂਡ ਅਤੇ ਅਮਰੀਕਾ ਦੇ ਸਿਰਜਨਾਤਮਕ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿਚ ਸ਼ੁਰੂ ਹੋ ਚੁਕੀ ਸੀ। ਇੰਗਲੈਂਡ ਵਿਚ ਮੈਥੀਊ ਆਰਨਲਡ ਦੁਆਰਾ ਰੋਮੈਂਟਿਕਸ ਦੇ ਸੀਮਿਤ ਖੰਡਨ ਤੋਂ ਬਾਅਦ ਟੀ. ਈ. ਹਿਊਮ ਨੇ ਰੋਮੈਂਟਿਕਸ ਅਤੇ ਵਿਕਟੋਰੀਅਨ ਦੌਰ ਦੇ ਸਾਹਿਤ ਅਤੇ ਆਲੋਚਨਾ ਵਿਚਲੀ ਅੰਤਰਮੁਖਤਾ, ਅਸਪਸ਼ਟਤਾ, ਉਪਭਾਵੁਕਤਾ ਦੀ ਨਿਖੇਧੀ ਕਰਦਿਆਂ ਇਥੋਂ ਤਕ ਕਹਿ ਦਿਤਾ ਸੀ ਕਿ ''ਮੈਨੂੰ ਰੋਮੈਂਟਿਕਸ ਦੀਆਂ ਉੱਤਮ ਰਚਨਾਵਾਂ ਨਾਲ ਬਹੁਤ ਘਿਰਨਾ ਹੈ, ਕਿਉਂਕਿ ਮੈਂ ਉਨ੍ਹਾਂ ਦੇ ਵਿਰਲਾਪ ਅਤੇ ਚੀਕਾਂ ਨੂੰ ਸਖ਼ਤ ਨਫ਼ਰਤ ਕਰਦਾ ਹਾਂ।'' ਇਹਨਾਂ ਦੇ ਵਿਰੋਧ ਵਿਚ ਆਪਣੀਆਂ ਕਲਾਸਿਕੀ ਰੁਚੀਆਂ ਅਧੀਨ ਉਸ ਨੇ ਸਾਹਿਤ ਵਿਚ ਅਨੁਸ਼ਾਸਨ ਅਤੇ ਪਰੰਪਰਾ ਦੀ ਮਹੱਤਤਾ 'ਤੇ ਜ਼ੋਰ ਦਿਤਾ। ਰੋਮੈਂਟਿਕਸ ਦੀ ਅੰਤਰਮੁਖਤਾ ਅਤੇ ਅਸਪੱਸ਼ਟਤਾ ਦੇ ਵਿਰੋਧ ਵਿਚ ਉਸ ਨੇ ਕਾਵਿ ਵਿਚ ਕੋਰੇ ਅਤੇ ਕਠੋਰ ਬਿੰਬਾਂ ਦੇ ਪ੍ਰਯੋਗ ਨੂੰ ਅਤੇ ਸਮੁੱਚੇ ਰੂਪ ਵਿਚ ਉਸ ਬਾਹਰਮੁਖਤਾ ਅਤੇ ਅਨੁਸ਼ਾਸਨ ਨੂੰ ਅਪਣਾਉਣ ਲਈ ਪ੍ਰੇਰਿਆ ਜਿਹੜਾ ਪਰੰਪਰਾ ਨੂੰ ਗ੍ਰਹਿਣ ਕਰਨ ਅਤੇ ਕਲਾਸਿਕਸ ਦੇ ਅਧਿਐਨ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਕਾਵਿ ਦੇ ਅਜਿਹੇ ਹੀ ਤਕਨੀਕ-ਆਧਾਰਿਤ ਅਧਿਐਨ, ਸਾਹਿਤ-ਆਲੋਚਨਾ ਵਿਚ ਪਰੰਪਰਾ ਦੇ ਇਸੇ



ਮਹੱਤਵ ਅਤੇ ਉਪਭਾਵੁਕਤਾ-ਮੁਕਤ ਬਾਹਰਮੁਖੀ ਦ੍ਰਿਸ਼ਟੀਕੋਣ ਦੀ ਜ਼ਰੂਰਤ ਉਤੇ ਜ਼ੋਰ ਦੇਣ ਦੀ ਰੁਚੀ ਨਾਲ ਐਜ਼ਰਾ ਪਾਊਂਡ ਅਤੇ ਟੀ. ਐਸ. ਇਲੀਅਟ ਦੀਆਂ ਰਚਨਾਵਾਂ ਵੀ ਵਿਸ਼ੇਸ਼ ਰੂਪ ਵਿਚ ਸੰਬੰਧਤ ਹਨ।

ਟੀ. ਐਸ. ਇਲੀਅਟ ਦੁਆਰਾ 1917 ਵਿਚ 'ਪਰੰਪਰਾ ਅਤੇ ਵਿਅਕਤੀਗਤ ਯੋਗਤਾ' ਸਿਰਲੇਖ ਅਧੀਨ ਲਿਖਿਆ ਗਿਆ ਲੇਖ ਇਸ ਪ੍ਰਸੰਗ ਦਾ ਇਤਿਹਾਸਕ ਮਹੱਤਾ ਵਾਲਾ ਇਕ ਹੋਰ ਦਸਤਾਵੇਜ਼ ਹੈ। ਇਸ ਲੇਖ ਅਤੇ ਆਪਣੀਆਂ ਸਮੁੱਚੀਆਂ ਲਿਖਤਾਂ ਰਾਹੀਂ ਇਲੀਅਟ ਨੇ ਹਿਊਮ ਵਾਂਗ ਰੋਮੈਂਟਿਕਸ ਦੇ ਸਾਹਿਤ ਪ੍ਰਤਿ ਕਈ ਸੰਕਲਪਾਂ ਵਿਚਲੀ ਅਸਪਸ਼ਟਤਾ ਅਤੇ ਅੰਤਰਮੁਖਤਾ ਨੂੰ ਅਸਵੀਕਾਰ ਕਰਦਿਆਂ ਮੁਕਾਬਲਤਨ ਸਾਹਿਤ ਪ੍ਰਤਿ ਕੁਝ ਤਰਕਪੂਰਣ ਅਤੇ ਬਾਹਰਮੁਖੀ ਸੁਭਾਅ ਵਾਲੇ ਸੰਕਲਪ ਉਸਾਰਣ ਦਾ ਯਤਨ ਕੀਤਾ। ਤੰਦਰੁਸਤ ਅਤੇ ਗਤਿਸ਼ੀਲ ਸਾਹਿਤਕ ਪਰੰਪਰਾ ਨੂੰ ਆਧਾਰ ਬਣਾ ਕੇ ਸਾਹਿਤਕ ਆਲੋਚਨਾ ਵਿਚ ਬਾਹਰਮੁਖਤਾ ਅਤੇ ਅਨੁਸ਼ਾਸਨ ਦਾ ਮਹੱਤਵ ਸਥਾਪਤ ਕਰਦਿਆਂ ਨੈਤਿਕ ਜਾਂ ਸਮਾਜਕ ਕੀਮਤਾਂ ਨਾਲੋਂ ਕਲਾ ਜਾਂ ਸੁਹਜ ਦੀਆਂ ਕੀਮਤਾਂ ਨੂੰ ਦੋ ਸੁਤੰਤਰ ਖੇਤਰਾਂ ਵਜੋਂ ਮੰਨਣ ਉਤੇ ਜ਼ੋਰ ਦਿਤਾ। ਉਸ ਨੇ ਕਲਾ ਅਤੇ ਜੀਵਨ ਵਿਚਲੇ ਭਾਵਾਂ ਨੂੰ ਵੀ ਵਖ ਵਖ ਮੰਨਦਿਆਂ ਕਾਵਿ-ਸਿਰਜਨਾ ਨੂੰ ਸ਼ਖ਼ਸੀਅਤ ਦੇ ਪ੍ਰਗਟਾਅ ਦੀ ਥਾਂ ਸ਼ਖ਼ਸੀਅਤ ਤੋਂ ਅਪਸਾਰ ਜਾਂ ਭਾਂਜ ਦੇ ਵਿਸ਼ੇਸ਼ ਅਰਥਾਂ ਵਾਲੇ ਅਮਲ ਵਜੋਂ ਪੇਸ਼ ਕੀਤਾ। ਵਿਸ਼ਲੇਸ਼ਣ ਅਤੇ ਤੁਲਨਾ ਰਾਹੀਂ ਕਲਾ ਦੀ ਵਿਆਖਿਆ ਅਤੇ ਸੁਹਜ-ਪ੍ਰਵ੍ਰਿਤੀਆਂ ਦੀ ਸੋਧ ਨੂੰ ਸਾਹਿਤਕ ਆਲੋਚਨਾ ਦਾ ਮੁੱਖ ਉਦੇਸ਼ ਸਥਾਪਤ ਕਰਨ ਦੇ ਯਤਨ ਕੀਤੇ। ਸਮੁੱਚੇ ਰੂਪ ਵਿਚ ਉਸ ਦੀਆਂ ਇਹ ਸਾਰੀਆਂ ਧਾਰਨਾਵਾਂ ਰੋਮੈਂਟਿਕਸ ਦੇ ਮੁਕਾਬਲੇ ਬਾਹਰਮੁਖਤਾ ਦੀ ਰੁਚੀ ਅਤੇ ਕਿਸੇ ਤਰ੍ਹਾਂ ਦੇ ਬਾਹਰਲੇ ਪ੍ਰਸੰਗਾਂ ਤੋਂ ਮੁਕਤ ਕਲਾ ਦੀ ਸੁਤੰਤਰ ਹੋਂਦ ਸਥਾਪਤ ਕਰਨ ਦੀ ਉਸੇ ਪ੍ਰਵ੍ਰਿਤੀ ਨੂੰ ਵਿਸਤ੍ਰਿਤ, ਸੂਖਮ ਅਤੇ ਵਿਵੇਕਪੂਰਣ ਢੰਗ ਨਾਲ ਸਥਾਪਤ ਕਰਦੀਆਂ ਹਨ ਜਿਹੜੀ ਉਸ ਤੋਂ ਪਹਿਲਾਂ ਪੋ (Poe), ਹੈਨਰੀ ਜੇਮਜ਼ (Henry James) ਹਿਊਨਿਕਰ (Huneker) ਅਤੇ ਸਪਿੰਨਗਾਰਨ ਦੇ ਵਿਚਾਰਾਂ ਵਿਚ ਅਸਿੱਧੇ ਅਤੇ ਬੇਤਰਤੀਬੇ ਢੰਗ ਨਾਲ ਪ੍ਰਾਪਤ ਹੁੰਦੀ ਹੈ। ਅੱਗੇ ਚੱਲ ਕੇ ਇਹੋ ਦ੍ਰਿਸ਼ਟੀਕੋਣ ਅਮਰੀਕਾ ਦੇ 'ਨਵੀਨ ਆਲੋਚਨਾ' ਸਕੂਲ ਦੀ ਉਸਾਰੀ ਦੇ ਮਹੱਤਵਪੂਰਨ ਆਧਾਰ ਬਣੇ।

ਅਮਰੀਕਾ ਵਿਚ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਾਹਿਤ-ਆਲੋਚਨਾ ਪਹਿਲਾਂ ਹੀ ਪ੍ਰਭਾਵਵਾਦੀ (Impressionist) ਅਤੇ ਨਿਰਣਾਤਮਕ (Judicial) ਆਲੋਚਨਾ ਦੀਆਂ ਦੋ ਪ੍ਰਮੁੱਖ ਧਿਰਾਂ ਵਿਚ ਵੰਡੀ ਹੋਈ ਸੀ। ਇਕ ਪਾਸੇ ਜੇਮਜ਼ ਹਿਊਨਿਕਰ ਪ੍ਰਭਾਵਵਾਦੀ ਆਲੋਚਨਾ-ਦ੍ਰਿਸ਼ਟੀ ਦਾ ਪ੍ਰਮੁਖ ਪ੍ਰਵਕਤਾ ਸੀ; ਦੂਸਰੇ ਪਾਸੇ ਵਿਲੀਅਮ ਕ੍ਰੈਰੀ-ਬ੍ਰਾਊਨੈੱਲ (William Crary Brownell) ਨਿਰਣਾਤਮਕ ਆਲੋਚਨਾ-ਵਿਧੀ ਪ੍ਰਚਲਨ ਦੀ ਸਥਾਪਨਾ ਕਰ ਰਿਹਾ ਸੀ। ਇਨ੍ਹਾਂ ਦੋਵਾਂ ਦਿਸ਼ਾਵਾਂ ਦੇ ਵਾਰਿਸਾਂ ਵਜੋਂ ਜਿੱਥੇ ਜੇ. ਈ. ਸਪਿੰਨਗਾਰਨ, (ਜਿਹਾ ਕਿ ਉਪਰ ਸਪਸ਼ਟ ਕੀਤਾ ਗਿਆ ਹੈ) ਸਾਹਿਤ ਨੂੰ ਕਿਸੇ ਸਮਾਜਕ-ਨੈਤਿਕ ਪ੍ਰਸੰਗ ਤੋਂ ਮੁਕਤ ਕੇਵਲ 'ਪ੍ਰਗਟਾਅ' ਵਜੋਂ ਅਧਿਐਨ ਕਰਨ ਦੀ ਪ੍ਰਵ੍ਰਿਤੀ ਨੂੰ ਅਗਾਂਹ ਤੋਰ ਰਿਹਾ ਸੀ ਤਾਂ ਦੂਜੇ ਪਾਸੇ ਮਾਨਵਵਾਦੀ ਚਿੰਤਕ (ਜਿਨ੍ਹਾਂ ਵਿਚੋਂ ਇਰਵਿੰਗ ਬੈਬਿਟ ਅਤੇ ਪੌਲ ਐਲਮਰ ਮੋਰ ਪ੍ਰਮੁਖ ਸਨ) ਸਾਹਿਤ ਦੇ ਨੈਤਕ-ਸਮਾਜਕ ਆਧਾਰਾਂ ਅਤੇ ਕੀਮਤਾਂ ਨੂੰ ਆਲੋਚਨਾ ਦੇ ਮਿਆਰ ਨਿਸ਼ਚਿਤ ਕਰਨ ਲਈ ਜਤਨਸ਼ੀਲ ਸਨ। ਹਿਊਮ, ਐਜ਼ਰਾ ਪਾਊਂਡ, ਇਲੀਅਟ, ਸਪਿੰਨਗਾਰਨ ਆਦਿ ਰਾਹੀਂ ਕਾਵਿ ਦੀ ਸੁਤੰਤਰ ਹੋਂਦ-ਵਿਧੀ, ਅਤੇ ਵੀਹਵੀਂ ਸਦੀ ਦੇ ਪੂੰਜੀਵਾਦੀ ਸਮਾਜਕ ਸਾਰ ਨੂੰ ਪੁਰਾਣੇ ਬਿੰਬਾਂ ਦੀ ਥਾਂ ਉਪਭਾਵੁਕਤਾ ਮੁਕਤ, ਨਵੀਨ ਕਾਵਿ-ਬਿੰਬਾਂ

ਦੇ ਮਾਧਿਅਮ ਰਾਹੀਂ ਪ੍ਰਗਟ ਕਰਨ ਉਤੇ ਜ਼ੋਰ ਦੀ ਪ੍ਰਵ੍ਰਿਤੀ ਦਾ 'ਨਵੀਨ ਆਲੋਚਨਾ' ਸਕੂਲ ਦੇ ਜਨਮ ਅਤੇ ਵਿਕਾਸ ਲਈ ਰਾਹ ਸਾਫ਼ ਕਰਨ ਵਿਚ ਜਿੱਥੇ ਮਹੱਤਵਪੂਰਨ ਹਿੱਸਾ ਹੈ ਉਥੇ ਨਾਲ ਹੀ ਇਹਨਾਂ ਮਾਨਵਵਾਦੀਆਂ ਦੇ ਸਾਹਿਤ ਸੰਬੰਧੀ ਦ੍ਰਿਸ਼ਟੀਕੋਨਾਂ ਵਿਰੁਧ ਤਿੱਖਾ ਪ੍ਰਤਿਕਰਮ ਵੀ 'ਨਵੀਨ ਆਲੋਚਨਾ' ਦੇ ਵਿਕਾਸ ਦਾ ਇਕ ਹੋਰ ਆਧਾਰ ਹੈ।

ਇਹ ਮਾਨਵ-ਵਾਦ ਰੂਸੋ ਅਤੇ ਰੋਮੈਂਟਿਕਸ ਦੀ ਸੀਮਾਂ-ਮੁਕਤ ਅਰਾਜਕਤਾ ਦੀ ਥਾਂ ਵਿਵੇਕ, ਬੁੱਧੀ ਅਤੇ ਦਲੀਲ ਨੂੰ ਮਨੁੱਖੀ ਸੋਚ ਅਤੇ ਵਿਵਹਾਰ ਦਾ ਆਧਾਰ ਮਿਥ ਕੇ, ਮਨੁਖ ਨੂੰ ਕੁਦਰਤੀ ਮੂਲ ਮਾਨਸਕ ਪ੍ਰਵ੍ਰਿਤੀਆਂ ਦੇ ਪੁਤਲੇ ਦੀ ਥਾਂ ਅਜਿਹੇ ਨੈਤਿਕ ਜੀਵ ਵਜੋਂ ਸਵੀਕਾਰ ਕਰਨ ਉਤੇ ਜ਼ੋਰ ਦੇਂਦਾ ਹੈ ਜਿਹੜਾ ਕੁਦਰਤੀ ਸੂਝ ਜਾਂ ਮਾਨਸਕ ਪ੍ਰਵ੍ਰਿਤੀਆਂ ਦੇ ਨਿਯਮਾਂ ਦੀ ਥਾਂ ਮਨੁਖੀ-ਸਮਾਜਕ-ਨੈਤਿਕ ਕੀਮਤਾਂ ਅਤੇ ਨਿਯਮਾਂ ਦੇ ਅਧੀਨ ਹੈ। ਇਸ ਦ੍ਰਿਸ਼ਟੀਕੋਣ ਦੇ ਨਤੀਜੇ ਵਜੋਂ ਉਨ੍ਹਾਂ ਸਾਹਿਤ ਵਿਚ ਰੋਮੈਂਟਿਕਸ ਅਤੇ ਪ੍ਰਕ੍ਰਿਤੀਵਾਦੀਆਂ ਦੇ ਤਤਕਾਲੀ ਇੰਦ੍ਰੀਆਵੀ ਪ੍ਰਭਾਵਾਂ ਅਤੇ ਉਪਭਾਵੁਕ ਅਤੇ ਉਪਭਾਵੁਕਤਾ ਨੂੰ ਅਸਵੀਕਾਰ ਕਰ ਕੇ ਸਦੀਵੀ ਮਨੁਖੀ ਨੈਤਿਕ ਕੀਮਤਾਂ ਅਤੇ ਕਲਾਸੀਕੀ ਪਰੰਪਰਾ ਵਿਚਲੇ ਸੰਜਮ ਅਤੇ ਨਿਯੰਤ੍ਰਣ ਨੂੰ ਕੇਂਦਰੀ ਨੁਕਤਾ ਮੰਨਣ ਉਤੇ ਜ਼ੋਰ ਦਿੱਤਾ। ਕਿਉਂਕਿ ਰੋਮੈਂਟਿਕਸ ਨੇ ਸੁਤੰਤ੍ਰਤਾ, ਪਿਆਰ ਅਤੇ ਖੁੱਲ੍ਹ ਜਿਹੇ ਮਨੁੱਖੀ ਗੁਣਾਂ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰ ਕੇ ਇਨ੍ਹਾਂ ਨੂੰ ਮਨੁਖ-ਵਿਰੋਧੀ ਕੀਮਤਾਂ ਵਿਚ ਬਦਲ ਦਿੱਤਾ ਸੀ। ਇਰਵਿੰਗ ਬੈਬਿਟ (Irving Babbitt) ਅਨੁਸਾਰ ਜੀਵਨ ਵਿਚਲੀ ਇਹੋ ਅਰਾਜਕਤਾ ਹੀ ਸਾਹਿਤ ਵਿਚ ਰੂਪ ਅਤੇ ਪ੍ਰਗਟਾਅ ਬਾਰੇ ਵੀ ਪ੍ਰਚਲਤ ਸੀ। ਜਿਥੇ ਇਕ ਪਾਸੇ ਨਵ-ਕਲਾਸਿਕਵਾਦੀਆਂ ਨੇ ਰੂਪ ਨੂੰ ਮਕਾਨਕੀ, ਸਥਿਰ ਅਤੇ ਨਿਰਮੂਲ ਉਚੇਚ ਦੀ ਸਿਖਰ 'ਤੇ ਪਹੁੰਚਾ ਦਿੱਤਾ ਸੀ ਉਥੇ ਰੋਮੈਂਟਿਕਸ ਨੇ ਪ੍ਰਗਟਾਅ ਨੂੰ ਅੰਤਰ-ਪ੍ਰੇਰਨਾ ਅਤੇ ਇੰਦ੍ਰਿਆਵੀ ਪੱਧਰ ਦੇ ਰਹੱਸ ਵਿਚ ਬਦਲ ਦਿੱਤਾ ਸੀ। ਇਸੇ ਕਰਕੇ ਬੈਬਿਟ ਨੇ ਸਾਹਿਤ-ਆਲੋਚਨਾ ਵਿਚ ਵਿਸ਼ੇਸ਼ ਅਨੁਸ਼ਾਸਨ ਨੂੰ ਮੁੱਖ ਮੰਨਦਿਆਂ ਸਥਾਈ, ਨਿਰੰਤਰ ਅਤੇ ਸਮੇਂ ਦੇ ਪਰਿਵਰਤਨਸ਼ੀਲ ਪ੍ਰਭਾਵਾਂ ਤੋਂ ਮੁਕਤ ਮਨੁਖੀ ਕੀਮਤਾਂ ਨੂੰ ਸਾਹਿਤ ਦੇ ਮੁਲਾਂਕਣ ਦਾ ਆਧਾਰ ਬਣਾਇਆ। ਇਵੇਂ ਹੀ ਪੌਲ ਐਲਮਰ ਮੋਰ (**Paul Elmer More**) ਨੇ ਕਿਸੇ ਸਦੀਵੀ ਜੀਵਨ-ਕੀਮਤਾਂ ਦੇ ਧੁਰੇ ਤੋਂ ਬਿਨਾਂ ਆਲੋਚਨਾ ਨੂੰ ਨਿਰਾਰਥਕ ਅਤੇ ਮੁੱਲਹੀਨ ਕਿਹਾ। ਪਰਿਵਰਤਨਸ਼ੀਲ, ਥੋੜ੍ਹ-ਚਿਰੇ ਅਤੇ ਇਕ ਵਿਅਕਤੀ ਤਕ ਸੀਮਤ ਮਨੋਵੇਗਾਂ ਦੀ ਥਾਂ ਜੀਵਨ-ਆਦਰਸ਼ਾਂ ਦੇ ਸਮੂਹਕ, ਸਥਾਈ ਅਤੇ ਸੰਜਮ ਭਰਪੂਰ ਰੂਪਾਂ ਨੂੰ ਮਹਾਨ ਕਲਾ ਦਾ ਆਧਾਰ ਨਿਸ਼ਚਿਤ ਕਰਦਿਆਂ ਸਾਹਿਤ-ਆਲੋਚਨਾ ਲਈ ਇਨ੍ਹਾਂ ਗੁਣਾਂ ਨੂੰ ਹੀ ਪਰਖ-ਕਸਵੱਟੀ ਵਜੋਂ ਸਥਾਪਤ ਕਰਨ 'ਤੇ ਜ਼ੋਰ ਦਿੱਤਾ। ਇਸੇ ਲਈ ਮਾਨਵਵਾਦੀਆਂ ਰਾਹੀਂ ਸਾਹਿਤਕ ਕਿਰਤ ਦੇ ਇਤਿਹਾਸਕ ਪਿਛੋਕੜ ਦੇ ਜਾਇਜ਼ੇ ਨੂੰ ਜ਼ਰੂਰੀ ਅਤੇ, ਦੂਸਰੇ, ਉਸ ਦੀ ਵਸਤੂ ਨਾਲ ਸੰਬੰਧਿਤ ਸੁਹਜਾਤਮਕ ਆਨੰਦ ਦੀ ਸਮਝ ਨੂੰ ਵਿਸ਼ੇਸ਼ ਮਹੱਤਵ ਦਿਤਾ ਗਿਆ। ਇਨ੍ਹਾਂ ਦੋ ਨੁਕਤਿਆਂ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਸਾਹਿਤਕ ਰਚਨਾ ਦੇ ਮਨੋਰਥ, ਮਹੱਤਵ, ਸਾਰਥਕਤਾ ਅਤੇ ਮੁੱਲ ਨੂੰ ਨਿਰਧਾਰਤ ਕਰਨਾ ਸਾਹਿਤ-ਆਲੋਚਨਾ ਦਾ ਤੀਸਰਾ ਮੁਖ ਉਦੇਸ਼ ਨਿਸ਼ਚਿਤ ਕੀਤਾ।

ਮਾਨਵਵਾਦੀ ਚਿੰਤਕਾਂ ਦੇ ਉਪਰੋਕਤ ਪ੍ਰਸੰਗ ਵਿਚ ਹੀ ਅਮਰੀਕਨ ਸਾਹਿਤਕ ਆਲੋਚਨਾ ਵੀਹਵੀਂ ਸਦੀ ਦੇ ਦੂਜੇ ਤੀਸਰੇ ਦਹਾਕੇ ਤੱਕ ਮੁਖ ਰੂਪ ਵਿਚ ਦੋ ਧਿਰਾਂ ਵਿਚ ਵੰਡੀ ਜਾ ਚੁਕੀ ਸੀ। ਇਸ ਵਿਚ ਅਕਾਦਮਿਕ, **Puritan, genteel** ਅਤੇ ਆਦਰਸ਼ਵਾਦੀ ਪਰੰਪਰਾਵਾਂ ਦੇ ਮਿਆਰਾਂ ਦੇ ਖੋਖਲੇਪਨ, ਉਨ੍ਹਾਂ ਵਿਚਲੇ ਜਮੂਦ ਅਤੇ ਸਮੁੱਚੀ ਪਹੁੰਚ ਦੇ ਕੱਟੜ ਸੀਮਿਤ ਘੇਰੇ ਵਿਰੁਧ ਰੋਸ ਅਤੇ



ਅਸਵੀਕ੍ਰਿਤੀ ਦੀ ਪ੍ਰਬਲ ਭਾਵਨਾ ਕੰਮ ਕਰ ਰਹੀ ਸੀ। ਅਸਲ ਵਿਚ ਇਹੋ ਦੌਰ ਸੀ ਜਿਸ ਵਿਚ ਅਮਰੀਕਨ ਪੂੰਜੀਵਾਦੀ ਢਾਂਚੇ ਦੀ ਸਿਖਰ ਤੇ ਮਨੁਖੀ ਜੀਵਨ-ਕੀਮਤਾਂ ਅਤੇ ਸਮਾਜਿਕ ਸਾਰ, ਜਿਸ ਨੂੰ ਆਧੁਨਿਕਵਾਦ ਜਾਂ ਨਵੀਨ ਕਿਹਾ ਗਿਆ, ਅਮਰੀਕਾ ਦੇ ਗਲਪ, ਕਾਵਿ ਅਤੇ ਆਲੋਚਨਾ ਦੇ ਖੇਤਰ ਵਿਚ ਮੁਖ ਤੌਰ 'ਤੇ ਪ੍ਰਵੇਸ਼ ਕਰਦਾ ਹੈ। ਇਸ ਤੋਂ ਬਿਨਾਂ ਇਕ ਪਾਸੇ ਮਾਨਵਵਾਦੀ ਚਿੰਤਕਾਂ ਨੇ 'ਮਾਨਵਵਾਦ ਅਤੇ ਅਮਰੀਕਾ' (**Humanism and America**) ਦੇ ਸਿਰਲੇਖ ਹੇਠ ਪ੍ਰਕਾਸ਼ਿਤ ਗੋਸ਼ਟੀ ਰਾਹੀਂ ਕਲਾਸੀਕੀ ਆਲੋਚਨਾ ਦੇ ਮਿਆਰਾਂ ਨੂੰ ਨੈਤਿਕ ਅਤੇ ਸੁਹਜਾਤਮਕ ਨਿਰਣੇ ਨਾਲ ਮਿਲਾ ਕੇ ਸਥਾਪਿਤ ਕਰਨ ਦਾ ਯਤਨ ਕੀਤਾ। ਦੂਜੇ ਪਾਸੇ, ਇਸ ਦੇ ਪ੍ਰਤਿਕਰਮ ਵਿਚ **Hartley Grattan** ਦੁਆਰਾ ਸੰਪਾਦਿਤ **The Critique of Humanism** ਵਿਚ ਨਵੀਂ ਪੀੜ੍ਹੀ ਦੇ ਆਲੋਚਕਾਂ, ਜਿਨ੍ਹਾਂ ਵਿਚੋਂ ਬਾਅਦ ਵਿਚ ਕਈ 'ਨਵੀਨ ਆਲੋਚਨਾ ਸਕੂਲ' ਨਾਲ ਸੰਬੰਧਿਤ ਆਲੋਚਕਾਂ ਵਿਚ ਆ ਗਏ, ਨੇ ਮਾਨਵਵਾਦੀਆਂ ਦੀ ਉਪਰੋਕਤ ਪਹੁੰਚ ਵਿਰੁਧ ਭਰਵਾਂ ਵਾਰ ਕੀਤਾ। ਇਹ ਦੋਵੇਂ ਪੁਸਤਕਾਂ ਮੁਖ ਤੌਰ 'ਤੇ ਇਨ੍ਹਾਂ ਦਹਾਕਿਆਂ ਵਿਚ ਅਮਰੀਕਨ ਸਾਹਿਤ-ਆਲੋਚਨਾ ਦੀਆਂ ਮੋਟੇ ਤੌਰ 'ਤੇ ਦੋ ਪ੍ਰਮੁਖ ਦਿਸ਼ਾਵਾਂ ਦੀ ਪ੍ਰਤੀਨਿਧਤਾ ਕਰਦੀਆਂ ਸਨ। ਪਰ ਇਹ ਬਹਿਸ ਬਹੁਤੀ ਦੇਰ ਜਾਰੀ ਨਾ ਰਹਿ ਸਕੀ ਅਤੇ ਨਾ ਹੀ ਇਸ ਦੀਆਂ ਜੜ੍ਹਾਂ ਡੂੰਘੀਆਂ ਹੋ ਸਕੀਆਂ। ਮਨੋਵਿਸ਼ਲੇਸ਼ਣਾਤਮਕ ਆਲੋਚਨਾ ਦੀ ਪ੍ਰਵਿਰਤੀ ਦੇ ਨਾਲ ਨਾਲ ਅਗਲੇ ਸਾਲਾਂ, ਅਰਥਾਤ 1930--40, ਵਿਚ ਅਮਰੀਕਾ ਵਿਚ ਮਾਰਕਸਵਾਦੀ ਸਾਹਿਤ-ਆਲੋਚਨਾ ਦਾ ਦੌਰ ਵੀ ਸ਼ੁਰੂ ਹੋ ਕੇ ਖ਼ਤਮ ਹੁੰਦਾ ਹੈ, ਜਿਸ ਵਿਚ **Kenneth Burke, James T. Farrel, Granvill Hicks** ਅਤੇ **Edmund Wilson** ਦੇ ਨਾਂ ਹਨ। ਪਰੰਤੂ ਇਹ ਆਲੋਚਕ ਨਾ ਤਾਂ ਮਾਰਕਸਵਾਦੀ ਆਲੋਚਨਾ ਦੇ ਖੇਤਰ ਵਿਚ ਕੋਈ ਠੋਸ ਪ੍ਰਾਪਤੀ ਕਰ ਸਕੇ ਅਤੇ ਨਾ ਹੀ ਇਸ ਪ੍ਰਣਾਲੀ ਦੀ ਕਿਸੇ ਡੂੰਘੀ ਅਤੇ ਗੰਭੀਰ ਪਰੰਪਰਾ ਨੂੰ ਹੀ ਜਨਮ ਦੇ ਸਕੇ। ਨਤੀਜੇ ਵਜੋਂ ਹੌਲੀ ਹੌਲੀ ਆਪ ਵੀ ਇਸ ਪਹੁੰਚ ਤੋਂ ਥਿੜਕ ਗਏ।

'ਨਵੀਨ ਆਲੋਚਨਾ' ਸਕੂਲ ਦੀ ਚੜ੍ਹਤ, ਵਿਕਾਸ ਅਤੇ ਸਥਾਪਤੀ ਮੁੱਖ ਰੂਪ ਵਿਚ ਉਪਰੋਕਤ ਪਿਛੋਕੜ ਅਤੇ ਇਸ ਦੌਰ ਤੋਂ ਬਾਅਦ ਹੀ ਆਰੰਭ ਹੁੰਦੀ ਹੈ (ਭਾਵੇਂ ਪਿਛਲੇ ਦਹਾਕਿਆਂ ਵਿਚ ਇਸ ਪਹੁੰਚ ਦੇ ਬਹੁਤ ਸਾਰੇ ਪੱਖਾਂ ਦਾ ਪ੍ਰਗਟਾਅ ਭਿੰਨ ਭਿੰਨ ਰੂਪਾਂ ਵਿਚ ਹੁੰਦਾ ਰਿਹਾ ਸੀ)। ਜਿਥੇ ਸਪਿੰਨਗਾਰਨ ਦਾ ਭਾਸ਼ਣ ਇਸ ਆਲੋਚਨਾ ਦੇ ਆਰੰਭ ਦਾ ਪਹਿਲਾ ਬਿੰਦੂ ਮਿਥਿਆ ਜਾਂਦਾ ਹੈ, ਉਥੇ ਟੀ. ਐਸ. ਇਲੀਅਟ ਦੀਆਂ ਰਚਨਾਵਾਂ ਤੋਂ ਛੁੱਟ ਐਮਪਸਨ, ਆਈ. ਏ. ਰਿਚਰਡਜ਼ ਆਦਿ ਦੇ ਵਿਚਾਰਾਂ ਨੂੰ ਵੀ 'ਨਵੀਨ ਆਲੋਚਨਾ' ਲਈ ਨਿਰਮਾਣਾਤਮਕ ਪ੍ਰਭਾਵਾਂ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਇਸ ਪਿਛੋਕੜ ਤੋਂ ਛੁਟ ਕਈ ਵਾਰ ਨਵੀਨ ਅਮਰੀਕਨ ਆਲੋਚਨਾ ਦੇ ਜਨਮ ਅਤੇ ਵਿਕਾਸ ਨੂੰ ਕੁਝ ਹੋਰ ਪੱਖਾਂ ਨਾਲ ਵੀ ਜੋੜਿਆ ਜਾਂਦਾ ਹੈ, ਜਿਸ ਵਿਚੋਂ ਰੋਮੈਂਟਿਕਸ ਅਤੇ ਵਿਕਟੋਰੀਅਨ ਦੌਰ ਦੀ ਅਪਸਾਰਵਾਦੀ, ਅਸਥੂਲ, ਰਹੱਸਮਈ, ਅਸਪਸ਼ਟ, ਪੇਤਲੀ ਉਪਭਾਵੁਕਤਾ, ਅਤੇ ਖੋਖਲੀ, ਪਤਨਮਈ ਨੈਤਿਕਤਾ ਦੇ ਅਡੰਬਰ ਵਿਰੁਧ ਬਗਾਵਤ ਦਾ ਜ਼ਿਕਰ ਤਾਂ ਉਪਰ ਕੀਤਾ ਜਾ ਚੁਕਾ ਹੈ। ਇਸ ਦੇ ਨਾਲ ਹੀ ਅਕਾਦਮਿਕ ਆਲੋਚਨਾ ਦੁਆਰਾ ਸਾਹਿਤਕ ਰਚਨਾ ਦੇ ਪਿਛੋਕੜ ਅਤੇ ਉਸ ਨਾਲ ਸੰਬੰਧਿਤ ਵਾਤਾਵਰਣ ਉਤੇ ਜ਼ੋਰ ਦੇਣ ਕਾਰਨ ਆਲੋਚਨਾ ਦਾ ਸਮੁੱਚਾ ਕੇਂਦਰ ਰਚਨਾ ਦੀ ਥਾਂ ਕਲਾਕਾਰ ਬਣ ਜਾਣ ਵਿਰੁੱਧ ਪ੍ਰਤਿਕਰਮ ਵੀ 'ਨਵੀਨ ਆਲੋਚਨਾ' ਦੇ ਸਿੱਧਾਂਤਕ ਵਿਕਾਸ ਦਾ ਆਧਾਰ ਮੰਨਿਆ ਜਾਂਦਾ ਹੈ। ਇਵੇਂ ਹੀ ਗਿਆਨ, ਵਿਗਿਆਨ ਦੇ ਸਾਰੇ ਖੇਤਰਾਂ ਵਿਚ ਨਵੀਆਂ ਪ੍ਰਾਪਤੀਆਂ

ਅਤੇ ਮਹੱਤਵ-ਪੂਰਣ ਸਮਾਜਕ ਤਬਦੀਲੀਆਂ ਦੇ ਮੁਕਾਬਲੇ ਵਿਚ ਸਾਹਿਤ-ਆਲੋਚਨਾ ਦੇ ਪਛੜੇਪਨ ਅਤੇ ਉਸ ਵਿਚਲੇ ਜਮੂਦ ਨੂੰ ਤੋੜਨ ਅਤੇ ਇਨ੍ਹਾਂ ਖੇਤਰਾਂ ਦੀਆਂ ਪ੍ਰਾਪਤੀਆਂ ਦੇ ਹਾਣੀ ਬਣਾਉਣ ਦੀ ਰੁਚੀ ਵੀ 'ਨਵੀਨ ਆਲੋਚਨਾ' ਦੇ ਸਕੂਲ ਦੀ ਸਿੱਧਾਂਤ-ਚੇਤਨਾ ਪਿਛੇ ਕੰਮ ਕਰ ਰਹੇ ਇਕ ਹੋਰ ਪ੍ਰਭਾਵ ਵਜੋਂ ਸਵੀਕਾਰ ਕੀਤੀ ਜਾਂਦੀ ਹੈ।

ਵੀਹਵੀਂ ਸਦੀ ਦੇ ਇਨ੍ਹਾਂ ਦਹਾਕਿਆਂ ਵਿਚ ਵਿਗਿਆਨ ਅਤੇ ਤਕਨਾਲੋਜੀ ਵਿਚਲੀ ਸੂਖਮਤਾ, ਨਿਯਮਬੱਧਤਾ, ਸਥੂਲਤਾ, ਵਿਵੇਕਤਾ, ਨਿਸ਼ਚਿਤਤਾ ਅਤੇ ਸ਼ੁੱਧਤਾ ਦੇ ਪ੍ਰਭਾਵ ਨੇ ਅਚੇਤ ਰੂਪ ਵਿਚ ਸਾਹਿਤਕ ਅਧਿਐਨ ਅਤੇ ਮੁੱਲਾਂਕਣ ਦੀਆਂ ਵਿਧੀਆਂ ਵਿਚ ਨਵੀਆਂ ਦਿਸ਼ਾਵਾਂ ਦੀ ਜਿਹੜੀ ਸੰਭਾਵਨਾ ਪੈਦਾ ਕੀਤੀ ਉਸ ਦੇ ਨਤੀਜੇ ਵਜੋਂ 'ਨਵੀਨ ਆਲੋਚਨਾ' ਦੇ ਬਹੁਤ ਸਾਰੇ ਸੰਕਲਪਾਂ ਅਤੇ ਸਿੱਧਾਂਤਾਂ ਦੇ ਵਿਕਾਸ ਦਾ ਨਿਰਸੰਦੇਹ ਡੂੰਘਾ ਸੰਬੰਧ ਹੈ। ਇਸੇ ਪ੍ਰਸੰਗ ਵਿਚ 'ਨਵੀਨ ਆਲੋਚਨਾ' ਨਾਲ ਸੰਬੰਧਿਤ ਆਲੋਚਕਾਂ ਦੁਆਰਾ ਅਮਰੀਕਾ ਦੇ ਸਮੁੱਚੇ ਨਵੇਂ ਸਮਾਜਕ ਸਾਰ ਅਨੁਕੂਲ ਰਚੇ ਜਾ ਰਹੇ ਸਿਰਜਨਾਤਮਕ ਸਾਹਿਤ ਦੇ ਸੁਭਾਅ ਅਨੁਕੂਲ ਮੌਲਿਕ ਅਤੇ ਢੁਕਵੇਂ ਆਲੋਚਨਾ-ਸੰਕਲਪਾਂ ਨੂੰ ਸਥਾਪਿਤ ਕਰਨ ਦਾ ਯਤਨ ਵੀ ਇਸ ਸਕੂਲ ਦੇ ਵਿਕਾਸ ਦਾ ਇਕ ਹੋਰ ਆਧਾਰ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਮਨੁਖੀ ਚੇਤਨਾ ਦੀ ਵਿਗਿਆਨਕ ਸੋਚ-ਵਿਧੀ ਦੇ ਪ੍ਰਭਾਵ-ਅਧੀਨ ਮੁਕਾਬਲਤਨ ਬਾਹਰਮੁਖੀ ਮਿਆਰਾਂ ਦੀ ਸਥਾਪਨਾ ਦੀ ਰੁਚੀ ਇਨ੍ਹਾਂ ਆਲੋਚਕਾਂ ਦੀ ਸਿੱਧਾਂਤ-ਚੇਤਨਾ ਅਤੇ ਸੰਕਲਪ-ਸਿਰਜਣਾ ਦਾ ਇਕ ਹੋਰ ਮਹੱਤਵਪੂਰਣ ਅੰਗ ਮੰਨਿਆ ਜਾਂਦਾ ਹੈ। ਅਕਾਦਮਿਕ, ਮਾਨਵਵਾਦੀ, ਇਤਿਹਾਸਵਾਦੀ, ਮਨੋਵਿਸ਼ਲੇਸ਼ਣਾਤਮਕ ਅਤੇ ਮਾਰਕਸਵਾਦੀ ਆਲੋਚਕਾਂ ਦੁਆਰਾ ਸਾਹਿਤ ਦੇ ਨੈਤਿਕ-ਸਮਾਜਕ ਪ੍ਰਸੰਗ ਨੂੰ ਵਧੀਕ ਮਹੱਤਵ ਦੇਣ ਕਾਰਨ ਸਾਹਿਤਕ ਕਿਰਤ ਦੀ ਥਾਂ ਲੇਖਕ ਨੂੰ ਹੀ ਸਮੁਚੀ ਵਿਚਾਰ-ਚਰਚਾ ਦਾ ਕੇਂਦਰ ਬਣਾ ਲੈਣ ਦੀ ਪ੍ਰਵ੍ਰਿਤੀ ਵਿਰੁਧ ਆਵਾਜ਼ ਬੁਲੰਦ ਕਰਨ ਦੇ ਯਤਨ ਵੀ ਇਸ ਆਲੋਚਨਾ-ਸਕੂਲ ਦੀ ਉਸਾਰੀ ਦਾ ਮੂਲ ਕਾਰਨ ਬਣੇ।

ਪਰੰਤੂ ਇਨ੍ਹਾਂ ਸਾਰਿਆਂ ਆਧਾਰਾਂ ਤੋਂ ਛੁੱਟ ਇਸ ਆਲੋਚਨਾ-ਪ੍ਰਣਾਲੀ ਦੇ ਵਿਕਾਸ-ਸੁਭਾਅ ਨੂੰ ਸਮਝਣ ਲਈ ਇਸ ਦੇ ਇਤਿਹਾਸਕ-ਵਿਚਾਰਧਾਰਕ ਆਧਾਰ ਨੂੰ ਜਾਣਨਾ ਜ਼ਰੂਰੀ ਹੈ ਜਿਸ ਨੂੰ ਹੁਣ ਤਕ ਚਰਚਾ ਦਾ ਵਿਸ਼ਾ ਨਹੀਂ ਬਣਾਇਆ ਗਿਆ। ਅਸਲ ਵਿਚ ਸੁਹਜ ਸ਼ਾਸਤ੍ਰ ਜਾਂ ਸਾਹਿਤ-ਸ਼ਾਸਤ੍ਰ ਦਾ ਖੇਤਰ ਸੂਖਮ ਅਤੇ ਸੀਮਿਤ ਹੱਦਾਂ ਵਾਲਾ ਹੁੰਦਾ ਹੈ ਜਿਸ ਕਰਕੇ ਸਮਾਜਕ ਸਾਰ ਅਨੁਸਾਰ ਉਸਰੇ ਨਵੇਂ ਵਿਚਾਰਧਾਰਕ ਪੈਂਤੜੇ ਦਾ ਅਸਰ ਅਤੇ ਇਸ ਦਾ ਪ੍ਰਗਟਾਅ ਇਥੇ ਮੁਕਾਬਲਤਨ ਦੇਰ ਨਾਲ ਹੁੰਦਾ ਹੈ। ਅਮਰੀਕਨ ਪੂੰਜੀਵਾਦੀ ਢਾਂਚੇ ਦੇ ਸਿਖਰ ਨੂੰ ਅਤੇ ਉਸ ਦੇ ਸਾਮਰਾਜੀ ਸੁਭਾਅ ਤੇ ਉਸਰੀ ਸਮਾਜਕ ਬਣਤਰ ਵਿਚ ਮਨੁਖ ਦੀ ਅਤਿ ਵਿਜੋਗੀ ਮਾਨਸਕ ਦਸ਼ਾ, ਨਿਰਾਸ਼ਾ, ਨਿਰਾਰਥਕਤਾ, ਇਕੱਲਤਾ, ਅਮਨੁਖੀ ਮਸ਼ੀਨੀ ਸ਼ਖ਼ਸੀਅਤ, ਅਵਿਸ਼ਵਾਸ, ਜੀਵਨ-ਕੀਮਤਾਂ ਦਾ ਸਮੁੱਚਾ ਵਿਗਠਨ, ਪਹਿਲੀ ਸੰਸਾਰ ਜੰਗ ਦੀ ਤਬਾਹੀ, ਯੂਰਪੀਅਨ ਸਭਿਅਤਾ ਦੀਆਂ ਸਥਾਪਤ ਕੇਂਦਰੀ ਪਰੰਪਰਾਵਾਂ ਪ੍ਰਤਿ ਅਵਿਸ਼ਵਾਸ ਅਤੇ ਅਸਵੀਕ੍ਰਿਤੀ, ਬੌਧਿਕ ਨੈਤਿਕ ਕੀਮਤਾਂ ਦੀਆਂ ਉਲਝਣਾਂ ਦੇ ਸੰਕਟ ਅਤੇ ਇਸ ਤੋਂ ਫ਼ੈਲੇ ਸਮੁੱਚੇ ਸਾਂਸਕ੍ਰਿਤਕ ਨਿਘਾਰ ਦੇ ਦੁਆਲੇ ਉਸਰੀ ਅਜਿਹੀ ਮਨੁਖੀ ਸ਼ਖ਼ਸੀਅਤ ਦਾ ਪ੍ਰਗਟਾਅ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਵਿਚ ਅਮਰੀਕਾ, ਇੰਗਲੈਂਡ ਆਦਿ ਪੂੰਜੀਵਾਦੀ ਦੇਸ਼ਾਂ ਦੇ ਸਾਹਿਤ ਵਿਚ ਪੇਸ਼ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਨੂੰ 'ਆਧੁਨਿਕ ਸਾਹਿਤ' ਜਾਂ 'ਆਧੁਨਿਕਤਾ' ਦੇ ਵਿਸ਼ੇਸ਼ ਅਤੇ ਸੀਮਿਤ ਅਰਥਾਂ ਵਾਲੇ ਸੰਕਲਪ ਵਜੋਂ ਜਾਣਿਆ ਗਿਆ। ਉਪਰੋਕਤ ਸਮਾਜਕ ਸਾਰ ਵਿਚ ਉਸਰੀ ਮਨੁਖੀ ਸ਼ਖ਼ਸੀਅਤ ਅਤੇ ਜੀਵਨ-ਕੀਮਤਾਂ ਨਾਲ ਸੰਬੰਧਤ ਸਾਹਿਤ ਪੂੰਜੀਵਾਦੀ



ਵਿਵਸਥਾ ਦੇ ਸਿਖਰ ਉਤੇ ਸਮਾਜ ਅਤੇ ਮਨੁਖ ਦੇ ਸਰਬਾਂਗੀ ਪਤਨ, ਵਿਗਠਨ ਅਤੇ ਵਿਜੋਗ ਨਾਲ ਸਬੰਧਤ ਭਾਵਨਾਵਾਂ ਨੂੰ ਨਿਰਸੰਦੇਹ ਭਾਵੇਂ ਬੜੀ ਕਲਾਤਮਕ ਸਫ਼ਲਤਾ ਨਾਲ ਇਕ ਜੀਵਨ-ਦ੍ਰਿਸ਼ਟੀਕੋਨ ਵਜੋਂ ਪੇਸ਼ ਕਰਦਾ ਹੈ, ਪਰ ਇਹ ਜਮਾਤੀ ਸਮਾਜ ਦੇ ਇਕ ਦੌਰ (ਪੂੰਜੀਵਾਦ-ਸਾਮਰਾਜਵਾਦ) ਵਿਚ ਆਦਰਸ਼ਵਾਦੀ ਵਿਚਾਰਧਾਰਾ ਦਾ ਇਕ ਬਦਲਿਆ ਰੂਪ ਹੀ ਹੈ। ਆਦਰਸ਼ਵਾਦੀ* ਦਰਸ਼ਨ ਦਾ ਇਤਿਹਾਸ ਆਪਣੀਆਂ ਸਿੱਧਾਂਤਕ ਸੀਮਾਵਾਂ ਕਾਰਨ ਹਰ ਨਵੇਂ ਦੌਰ ਵਿਚ ਆਪਣਾ ਅਜਿਹਾ ਨਵਾਂ ਮੁਹਾਵਰਾ ਸਿਰਜ ਲੈਂਦਾ ਹੈ ਜਿਹੜਾ ਆਪਣੇ ਬਾਹਰਲੇ ਖੋਲ ਜਾਂ ਰੂਪ ਤੋਂ ਅਸਲੋਂ ਨਵਾਂ ਪ੍ਰਤੀਤ ਹੁੰਦਾ ਹੈ ਪਰੰਤੂ ਉਸ ਦੀ ਵਸਤੂ ਨਿਰੋਲ ਆਦਰਸ਼ਵਾਦੀ ਵਿਚਾਰਧਾਰਾ ਵਾਲੀ ਹੀ ਹੁੰਦੀ ਹੈ। ਵਿਗਠਨ ਅਤੇ ਨਿਰਾਰਥਕਤਾ ਵਿਚੋਂ ਨਵੀਂ ਸਾਰਥਕਤਾ ਦੀ ਭਾਲ ਕਿਉਂਕਿ ਆਦਰਸ਼ਵਾਦੀ ਵਿਸ਼ਵ ਦ੍ਰਿਸ਼ਟੀਕੋਣ ਅਤੇ ਜਮਾਤੀ ਹਿੱਤਾਂ ਦਾ ਪੱਲਾ ਨਹੀਂ ਛੱਡ ਸਕਦੀ, ਇਸ ਲਈ ਇਹ ਭਾਲ ਆਖ਼ਰ ਵਿਚ ਕੇਵਲ ਨਵੇਂ ਮੁਹਾਵਰੇ ਜਾਂ ਨਵੀਂ ਵਿਚਾਰਧਾਰਕ ਸ਼ਬਦਾਵਲੀ ਜਾਂ ਸੰਕਲਪ ਹੀ ਸਿਰਜ ਸਕਦੀ ਹੈ ਜਿਸ ਦੀ ਵਸਤੂ ਗੁਣਾਤਮਕ ਪੱਖੋਂ ਇਸੇ ਵਿਚਾਰਧਾਰਕ ਆਧਾਰ ਅਤੇ ਪੈਂਤੜੇ ਵਾਲੀ ਹੀ ਰਹਿੰਦੀ ਹੈ।

ਨਵੇਂ ਸੰਕਲਪ ਕੇਵਲ ਵਿਚਾਰਧਾਰਕ ਸੰਕਟ ਦੇ ਖੱਪੇ ਨੂੰ ਪੂਰਾ ਕਰਨ ਦੇ ਯਤਨ ਹੀ ਹੁੰਦੇ ਹਨ। ਸਮਾਜ, ਮਨੁਖੀ ਸ਼ਖ਼ਸੀਅਤ ਅਤੇ ਸਿਰਜਨਾਤਮਕ ਸਾਹਿਤ ਵਿਚ ਸਮੁੱਚੇ ਰੂਪ ਵਿਚ ਅਮਨੁਖੀਕਰਣ ਦੇ ਉਪਰੋਕਤ ਅਮਲ ਦਾ ਵਿਚਾਰਧਾਰਕ ਪੱਧਰ ਉਤੇ ਅਜਿਹੇ ਸੰਕਲਪਾਂ ਨੂੰ ਜਨਮ ਦੇਣ ਦਾ ਕਾਰਨ ਬਣਨਾ ਸੁਭਾਵਿਕ ਸੀ ਜਿਹੜੇ ਸਮਾਜ ਦੀ ਡਾਇਲੈਕਟਿਕਸ ਦੇ ਸਹੀ ਸਾਰ ਅਤੇ ਸੁਭਾਅ ਨੂੰ ਪ੍ਰਗਟ ਕਰਨ ਦੀ ਥਾਂ ਕੇਵਲ ਉਪਰੋਕਤ ਸਮਾਜਕ-ਮਨੁਖੀ ਵਸਤੂ ਦੇ ਵਿਚਾਰਧਾਰਕ ਸੰਕਲਪ ਹੀ ਬਣ ਸਕਦੇ ਸਨ। ਸਾਹਿਤ-ਆਲੋਚਨਾ ਦੇ ਖੇਤਰ ਵਿਚ ਇਸ ਸਥਿਤੀ ਦਾ ਪ੍ਰਗਟਾਅ ਕੁਦਰਤੀ ਹੀ ਸਾਹਿਤਕ ਰਚਨਾਵਾਂ ਨੂੰ ਕਿਸੇ ਕਿਸਮ ਦੇ ਸਮਾਜਕ-ਇਤਿਹਾਸਕ-ਨੈਤਿਕ ਮਨੁਖੀ ਪ੍ਰਸੰਗਾਂ ਤੋਂ ਮੁਕਤ ਕਰ ਕੇ ਇਕ ਸੁਤੰਤਰ ਹੋਂਦ ਵਾਲੀਆਂ ਸੰਪੂਰਨ ਨਿਰਜਿੰਦ ਇਕਾਈਆਂ ਵਾਂਗ ਅਧਿਐਨ ਦੀ ਪ੍ਰਵਿਰਤੀ ਵਜੋਂ ਪੇਸ਼ ਹੋਇਆ। ਰਚਨਾ ਦੇ ਕੇਵਲ ਪਾਠ (text) ਦੀਆਂ ਤਕਨੀਕੀ ਬਣਤਰਾਂ ਦਾ ਅੰਗ-ਨਿਖੇੜ ਸਾਹਿਤ-ਆਲੋਚਨਾ ਦੇ ਖੇਤਰ ਵਿਚ ਆਦਰਸ਼ਵਾਦੀ (ਵਿਚਾਰਵਾਦੀ) ਵਿਚਾਰਧਾਰਾ ਦੀ ਹੀ ਅਸਿੱਧੀ ਤਰ੍ਹਾਂ ਸਰਦਾਰੀ ਕਾਇਮ ਰੱਖਣ ਅਤੇ ਨਵੀਆਂ ਪਰਸਥਿਤੀਆਂ ਵਿਚ ਵਿਚਾਰਧਾਰਕ ਖੱਪੇ ਨੂੰ ਪੂਰਾ ਕਰਨ ਦੇ ਯਤਨ ਤੋਂ ਵੱਧ ਕੁਝ ਨਹੀਂ। ਇਸ ਬਾਰੇ ਮਤ-ਭੇਦ ਨਹੀਂ ਹੋ ਸਕਦਾ ਕਿ ਸਾਹਿਤ-ਰਚਨਾ ਦੇ ਵਿਗਿਆਨਕ ਬਾਹਰਮੁਖੀ ਅਧਿਐਨ ਲਈ ਰਚਨਾ ਦੇ ਪਾਠ ਨੂੰ ਮੂਲੋਂ ਤਿਆਗ ਕੇ ਬਾਹਰਲੇ ਸਮਾਜਕ-ਇਤਿਹਾਸਕ ਪ੍ਰਸੰਗ ਦਾ ਅਧਿਐਨ ਆਲੋਚਨਾ ਨੂੰ ਇਕ-ਪਾਸੜ ਅਤੇ ਸਾਹਿਤ-ਰਚਨਾ ਦੇ ਅਧਿਐਨ-ਮੁੱਲਾਂਕਣ ਨੂੰ ਅਧੂਰਾ ਬਣਾ ਦਿੰਦਾ ਹੈ। ਪਰ ਸਾਹਿਤ-ਰਚਨਾ ਨੂੰ ਕੇਵਲ ਪਾਠ ਆਧਾਰਿਤ, ਪ੍ਰਸੰਗ-ਮੁਕਤ ਸੁਤੰਤਰ ਇਕਾਈ ਵਜੋਂ ਇਕ ਰੂਪ-ਵਿਧੀ ਮੰਨ ਕੇ ਉਸ ਦਾ ਤਕਨੀਕੀ ਅਧਿਐਨ ਮਾਤਰ ਤਾਂ ਸਾਹਿਤ-ਰਚਨਾ ਨੂੰ ਉਪਰੋਕਤ ਸਮਾਜਕ ਸਾਰ ਦੀ ਸਮੁੱਚੀ ਵਿਜੋਗੀ

---

* ਫ਼ਿਲਾਸਫ਼ੀ ਵਿਚ ਪਦਾਰਥਵਾਦ ਦਾ ਜਿਸ idealism ਨਾਲ ਵਿਰੋਧ ਹੈ, ਉਸ ਦਾ ਮੂਲ idea ਹੈ, ideal ਨਹੀਂ। ਇਸ idealism ਲਈ ਆਦਰਸ਼ਵਾਦ ਸ਼ਬਦ ਦੀ ਵਰਤੋਂ ਉਪਰਲੇ ਨਿਖੇੜ ਨੂੰ ਸਾਫ਼ ਨਹੀਂ ਕਰਦੀ। ਇਥੇ idealism ਲਈ ਵਧੇਰੇ ਢੁਕਵਾਂ ਸ਼ਬਦ, ਸਾਡੀ ਜਾਚੇ, ਵਿਚਾਰਵਾਦ ਹੋਣਾ ਚਾਹੀਦਾ ਸੀ। —ਹ. ਸ. ਸੋਬਤੀ

ਸਥਿਤੀ ਵਾਂਗ ਸਮਾਜਕ-ਇਤਿਹਾਸਕ-ਮਨੁਖੀ ਪ੍ਰਸੰਗ ਤੋਂ ਵਿਜੋਗੀ ਬਣਾਉਣ ਦਾ ਵਿਚਾਰਧਾਰਕ ਪੈਂਤੜਾ ਹੀ ਸੀ, ਜਿਸ ਦਾ ਹੋਂਦ ਵਿਚ ਆਉਣਾ ਇਸ ਸਥਿਤੀ ਦਾ ਇਕ ਕੁਦਰਤੀ ਸਿੱਟਾ ਸੀ ।

ਮਾਨਵਵਾਦੀ ਆਲੋਚਕਾਂ ਦੁਆਰਾ ਨੈਤਿਕ ਕੀਮਤਾਂ, ਕਲਾਸੀਕੀ ਪਰੰਪਰਾਵਾਂ ਵਾਲੀਆਂ ਮਨੁਖੀ ਕੀਮਤਾਂ ਅਤੇ ਵਿਸ਼ੇਸ਼ ਅਨੁਸ਼ਾਸਨ ਉਤੇ ਜ਼ੋਰ ਦੇਣ ਦੇ ਨਾਲ ਨਾਲ ਕੁਝ ਇਕ ਹੋਰ ਆਲੋਚਕਾਂ ਦੁਆਰਾ ਈਸਾਈ ਧਰਮ ਆਧਾਰਿਤ ਜੀਵਨ-ਕੀਮਤਾਂ ਦੇ ਪ੍ਰਸੰਗ ਵਿਚ ਸਾਹਿਤ-ਅਧਿਐਨ ਦੀ ਪ੍ਰਵਿਰਤੀ ਅਪਣਾਉਣ ਦੀ ਰੁਚੀ ਨਵੇਂ ਸਮਾਜਕ ਸਾਰ ਤੋਂ ਪਹਿਲਾਂ ਚਲੇ ਆ ਰਹੇ ਉਸ ਦ੍ਰਿਸ਼ਟੀਕੋਣ ਦਾ ਬਾਕੀ ਬਚਿਆ-ਖੁਚਿਆ ਰੂਪ ਸੀ ਜਿਸ ਵਿਚ ਅਜੇ ਸੰਪੂਰਨ ਵਿਜੋਗ ਅਤੇ ਅਮਨੁਖੀਕਰਨ ਦਾ ਅਮਲ ਪੂਰਾ ਨਹੀਂ ਸੀ ਹੋ ਸਕਿਆ ਅਤੇ ਜਿਸ ਵਿਚ ਅਜੇ ਵੀ ਥੋੜ੍ਹੀ-ਬਹੁਤ ਮਨੁਖੀ ਰੋਲ ਬਾਕੀ ਸੀ, ਪਰ ਕਿਉਂਕਿ ਇਹ ਹਾਵੀ ਜਮਾਤੀ ਸਮਾਜਕ ਬਣਤਰ ਦੀ ਵਿਚਾਰਧਾਰਾ ਨਹੀਂ ਸੀ ਇਸ ਲਈ ਇਸ ਦਾ ਜਲਦੀ ਹੀ ਖ਼ਤਮ ਹੋ ਜਾਣਾ ਸੁਭਾਵਿਕ ਸੀ । 'ਨਵੀਨ ਆਲੋਚਨਾ' ਦੀ ਵਿਚਾਰਧਾਰਕ ਵਸਤੂ ਕਿਉਂਕਿ ਭਾਰੂ ਸਮਾਜਕ ਬਣਤਰ ਅਤੇ ਇਸ ਇਤਿਹਾਸਕ ਦੌਰ ਦੇ ਮੁਹਾਵਰੇ ਅਨੁਕੂਲ ਸੀ, ਨਤੀਜੇ ਵਜੋਂ ਮਾਨਵਵਾਦੀ, ਮਨੋਵਿਸ਼ਲੇਸ਼ਣਾਤਮਕ, ਮਾਰਕਸਵਾਦੀ ਆਦਿ ਦ੍ਰਿਸ਼ਟੀਕੋਣ ਇਸ ਦੇ ਸਾਹਮਣੇ ਬਹੁਤੀ ਦੇਰ ਨਹੀਂ ਟਿਕ ਸਕੇ ਅਤੇ ਚੌਥੇ ਪੰਜਵੇਂ ਦਹਾਕੇ ਵਿਚ ਇਹ ਪ੍ਰਣਾਲੀ ਸਾਹਿਤ-ਆਲੋਚਨਾ ਦੇ ਖੇਤਰ ਵਿਚ ਆਪਣਾ ਮੁੱਖ ਥਾਂ ਬਣਾ ਲੈਂਦੀ ਹੈ ।

'ਨਵੀਨ ਆਲੋਚਨਾ' ਸਕੂਲ ਦੇ ਪ੍ਰਮੁਖ ਆਲੋਚਕਾਂ ਵਿਚ ਜੇ. ਸੀ. ਰੈਨਸਮ (J. C. Ransom) ਕਲਿੰਥ ਬਰੁਕਸ (Cleanth Brooks) ਐਲਨ ਟੇਟ (Allen Tate) ਆਰ. ਪੀ. ਬਲੈਕਮਰ (R. P. Blackmur) ਇਵੋਰ ਵਿੰਟਰਜ਼ (Yvor Winters) ਕੇਨਥ ਬਰਕ (Kenneth Burke) ਆਰ. ਪੀ. ਵਾਰਨ, (R. P. Warren) ਵਿਲੀਅਮ ਵਿਮਸੱਟ (William Wimsatt) ਆਦਿ ਦੇ ਨਾਂ ਵਰਨਣਯੋਗ ਹਨ । ਇਨ੍ਹਾਂ ਦੁਆਰਾ ਸਥਾਪਿਤ ਆਲੋਚ-ਨਾਤਮਕ ਸੰਕਲਪਾਂ ਅਤੇ ਵਿਧੀਆਂ ਵਿਚ ਸਭ ਕੁਝ ਮੂਲੋਂ ਨਵਾਂ ਅਤੇ ਮੌਲਿਕ ਹੋਣ ਦੀ ਥਾਂ ਅਸਲ ਵਿਚ ਇਨ੍ਹਾਂ ਰਾਹੀਂ ਸਾਹਿਤ-ਅਧਿਅਨ ਸੰਬੰਧੀ ਕੁਝ ਕੁ ਨੁਕਤਿਆਂ ਨੂੰ ਵਿਸ਼ੇਸ਼ ਮਹੱਤਵ ਅਤੇ ਕੇਂਦਰੀ ਬਣਾ ਕੇ ਪੇਸ਼ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ । ਇਸ ਪ੍ਰਣਾਲੀ ਨਾਲ ਸੰਬੰਧਿਤ ਸਾਰੇ ਆਲੋਚਕਾਂ ਵਿਚ ਪਹੁੰਚ-ਵਿਧੀਆਂ ਜਾਂ ਤਕਨੀਕੀ ਸੰਕਲਪਾਂ ਦੀ ਕੋਈ ਸਮੁੱਚੀ ਸਾਂਝ ਵੀ ਨਹੀਂ ਹੈ । ਬਲਕਿ ਇਨ੍ਹਾਂ ਵਿਚਲੀ ਸਾਂਝ ਦਾ ਆਧਾਰ ਸਾਹਿਤ ਅਤੇ ਸਾਹਿਤ-ਅਧਿਐਨ ਸਬੰਧੀ ਸਮੁੱਚੇ ਤੌਰ 'ਤੇ ਜੀਵਨ-ਦ੍ਰਿਸ਼ਟੀਕੋਣ ਦੇ ਪਿਛੋਕੜ ਦੀ ਸਾਂਝ ਹੈ, ਜਿਹੜੀ ਸੰਬੰਧਿਤ ਦੌਰ ਦੀ ਆਦਰਸ਼ਵਾਦੀ ਵਿਚਾਰਧਾਰਾ ਦੇ ਸਾਰ ਦਾ ਨਵੇਂ ਮੁਹਾਵਰੇ ਅਤੇ ਨਵੇਂ ਸੰਕਲਪਾਂ ਰਾਹੀਂ ਪ੍ਰਗਟਾਅ ਮਾਤਰ ਹੀ ਸੀ । ਅਮਰੀਕਾ ਦੀ ਇਸ 'ਨਵੀਨ ਆਲੋਚਨਾ' ਦੇ ਸਮੁੱਚੇ ਮੁਲਾਂਕਣ ਤੋਂ ਪਹਿਲਾਂ ਇਸ ਨਾਲ ਸੰਬੰਧਿਤ ਉਪਰੋਕਤ ਪ੍ਰਮੁਖ ਆਲੋਚਕਾਂ ਦੇ ਸਾਹਿਤ-ਸਿੱਧਾਂਤਾਂ ਅਤੇ ਸੰਕਲਪਾਂ ਦੀ ਸੰਖੇਪ ਜਾਣਕਾਰੀ ਪ੍ਰਾਪਤ ਕਰ ਲੈਣੀ ਆਵਸ਼ਕ ਹੈ । (ਚਲਦਾ)

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

---

ਸੇਧ ਦੀਆਂ ਜਿਲਦ-ਬੱਝੀਆਂ ਫ਼ਾਈਲਾਂ
(1976 ਅਤੇ 1977 ਦੇ ਸਾਲਾਂ ਦੀਆਂ)

ਪਾਠਕਾਂ ਦੀ ਚਿਰੋਕਨੀ ਮੰਗ ਨੂੰ ਪੂਰਿਆਂ ਕਰਨ ਲਈ ਸੇਧ ਦੀਆਂ 1976 ਅਤੇ 1977 ਦੇ ਸਾਲਾਂ ਦੀਆਂ ਕੋਈ ਦੋ ਕੁ ਦਰਜਨ ਫਾਈਲਾਂ ਹੋਰ ਤਿਆਰ ਕਰਵਾਈਆਂ ਗਈਆਂ ਹਨ । ਖ਼ਾਹਸ਼ਮੰਦ ਸੱਜਣ ਮਨੀਆਰਡਰ ਰਾਹੀਂ ਰਕਮ ਭੇਜ ਕੇ ਇਹ ਫਾਈਲਾਂ ਪ੍ਰਾਪਤ ਕਰ ਸਕਦੇ ਹਨ ।

ਕੀਮਤ ਫੀ ਫਾਈਲ : ਪੰਦਰਾਂ ਰੁਪੈ (ਡਾਕ ਖ਼ਰਚ ਸਾਡਾ ਹੋਵੇਗਾ





"Every revolution is preceded by an intense intellectual activity. —GRAMSCI

ਭਗਵਾਨ ਸਿੰਘ ਜੋਸ਼

## ਸਾਮਰਾਜ ਵਿਰੁਧ ਕੌਮੀ ਲਹਿਰ (1936-39)

ਯੂਨੀਨਿਸਟ ਪਾਰਟੀ ਦੀ ਤਿੱਖੀ ਵਿਰੋਧਤਾ ਦੇ ਬਾਵਜੂਦ ਕਾਂਗਰਸੀ (ਸਾਂਝੇ ਮੋਰਚੇ ਵੇਲੇ ਕਮਿਊਨਿਸਟ ਵੀ ਉਨ੍ਹਾਂ ਵਿਚ ਸ਼ਾਮਲ ਸਨ) ਕਾਰਕੁਨਾਂ ਨੇ ਕੌਮੀ ਵਿਚਾਰਧਾਰਾ ਨੂੰ ਪੰਜਾਬ ਦੇ ਪਿੰਡਾਂ ਵਿਚ ਫੈਲਾਉਣ ਦਾ ਕਾਰਜ ਜਾਰੀ ਰਖਿਆ । ਕੌਮੀ ਵਿਚਾਰਾਂ ਦਾ ਪ੍ਰਾਪੇਗੰਡਾ ਤਾਂ ਭਾਵੇਂ ਪੰਜਾਬ ਦੇ ਸਾਰਿਆਂ ਜ਼ਿਲ੍ਹਿਆਂ ਵਿਚ ਕੀਤਾ ਜਾ ਰਿਹਾ ਸੀ ਪਰ ਇਨ੍ਹਾਂ ਵਿਚਾਰਾਂ ਦਾ ਮੁਕਾਬਲਤਨ ਡੂੰਘਾ ਪ੍ਰਭਾਵ ਕੇਵਲ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਤਕ ਹੀ ਸੀਮਤ ਸੀ । ਇਨ੍ਹਾਂ ਜ਼ਿਲ੍ਹਿਆਂ ਵਿਚੋਂ ਅੱਗੇ ਕਈ ਤਹਿਸੀਲਾਂ ਜਾਂ ਇਲਾਕੇ ਦੇ ਪਿੰਡਾਂ ਵਿਚ ਕੌਮੀ ਪ੍ਰਭਾਵ ਵਧੇਰੇ ਪੱਕਾ ਸੀ ।

ਪੰਜਾਬ ਵਿਚ ਆਪਣੀਆਂ ਫੇਰੀਆਂ ਦੇ ਦੌਰਾਨ ਜਵਾਹਰਲਾਲ ਨਹਿਰੂ ਨੇ ਆਮ ਜਨਤਾ ਵਿਚ ਮਿਲੀਟੈਂਟ ਕੌਮਵਾਦੀ ਤੇ ਸਮਾਜਵਾਦੀ ਰੋਲ ਫੈਲਾਉਣ ਵਿਚ ਮਹੱਤਵਪੂਰਨ ਹਿੱਸਾ ਪਾਇਆ । ਅਕਤੂਬਰ 1937 ਵਿਚ ਗੜ੍ਹਦੀ ਵਾਲਾ ਵਿਚ ਨਹਿਰੂ ਨੂੰ ਸੁਣਨ ਲਈ 50,000 ਲੋਕਾਂ ਦਾ ਇਕੱਠ ਹੋਇਆ । ਉਸ ਦੇ ਪੰਜਾਬ ਆਉਣ ਨਾਲ ਖੱਬੇ-ਪੱਖੀਆਂ ਦੀਆਂ ਸਰਗਰਮੀਆਂ ਵੱਧ ਜਾਂਦੀਆਂ ਤੇ ਸੂਬੇ ਦੇ ਲੋਕਾਂ ਨੂੰ ਉਨ੍ਹਾਂ ਦੀ ਹੋਂਦ ਦਾ ਵੀ ਅਹਿਸਾਸ ਹੋਣ ਲੱਗਦਾ । ਨਹਿਰੂ ਦੀਆਂ ਤਕਰੀਰਾਂ ਦੇ ਪ੍ਰਭਾਵ ਦਾ ਜ਼ਿਕਰ ਕਰਦਿਆਂ ਸੂਬਾਈ ਸੀ. ਆਈ. ਡੀ. ਨੇ ਕੇਂਦਰ ਨੂੰ ਲਿਖਿਆ : "His visits to the province cause unrest, give undue prominence to grievances, and afford subversive organisations an excellent chance of advertising themselves and pushing their doctrine...As an individual with socialist leanings, his object seems to have been to prepare the ground for mass movement which is to be the preliminary to the setting up of a socialist or communist state."

ਆਪਣੀਆਂ ਅਣਥਕ ਕੋਸ਼ਿਸ਼ਾਂ ਦੇ ਬਾਵਜੂਦ ਵੀ ਕਾਂਗਰਸ ਆਪਣਾ ਸਾਲਾਨਾ ਰੇਕਰੂਟਮਿੰਟ ਦਾ ਕੋਟਾ (63,000) 1936 ਵਿਚ ਪੂਰਾ ਨਹੀਂ ਸੀ ਕਰ ਸਕੀ । 1937 ਵਿਚ ਕਾਂਗਰਸ ਦੀ ਮੈਂਬਰਸ਼ਿਪ ਭਰਤੀ 128,555 ਸੀ ਜਿਨ੍ਹਾਂ ਵਿਚੋਂ 94,772 ਮੈਂਬਰ ਪਿੰਡਾਂ ਵਿਚੋਂ ਤੇ 34,083 ਸ਼ਹਿਰਾਂ ਤੇ ਕਸਬਿਆਂ

---

[1942 ਤੋਂ ਬਾਅਦ ਕਮਿਊਨਿਸਟਾਂ ਤੋਂ ਨਿਰਾਸ਼ ਹੋ ਕੇ ਨਹਿਰੂ ਕਾਂਗਰਸ ਦੇ ਸੱਜੇ-ਪੱਖ ਦੇ ਢੱਹੇ ਕਿਵੇਂ ਚੜ੍ਹਿਆ ? ਇਹ ਇਕ ਦਿਲਚਸਪ ਸਵਾਲ ਹੈ, ਜਿਸ ਨਾਲ ਸਮੁੱਚੀ ਕੌਮੀ ਲਹਿਰ ਤੇ ਉਸ ਵਲ ਕਮਿਊਨਿਸਟਾਂ ਵਲੋਂ ਅਪਣਾਏ ਵਤੀਰੇ ਦਾ ਇਤਿਹਾਸ ਜੁੜਿਆ ਹੋਇਆ ਹੈ । ਨਹਿਰੂ 1942 ਤੋਂ ਪਹਿਲਾਂ ਕੀ ਸੀ ? ਇਸ ਲਈ ਅਸੀਂ ਪਾਠਕਾਂ ਨੂੰ ਕੇਵਲ ਉਸ ਦਾ ਲਖਨਊ ਕਾਂਗਰਸ ਸੈਸ਼ਨ ਨੂੰ 1936 ਵਿਚ ਦਿੱਤਾ ਭਾਸ਼ਨ ਪੜ੍ਹਨ ਦੀ ਸਿਫਾਰਸ਼ ਕਰਾਂਗੇ ।]

ਵਿਚੋਂ ਸਨ। ਭਾਵੇਂ ਕਾਂਗਰਸ ਦਾ ਪ੍ਰਭਾਵ ਹੌਲੀ ਹੌਲੀ ਵਧ ਰਿਹਾ ਸੀ ਪਰ ਯੂਨੀਨਿਸਟ ਪਾਰਟੀ ਦੇ ਪ੍ਰਭਾਵ ਦੇ ਵਿਰੁਧ ਖੜ੍ਹ ਕੇ, ਉਸ ਨੂੰ ਖ਼ਤਮ ਕਰ ਕੇ ਆਪਣੀ ਸਰਦਾਰੀ ਕਾਇਮ ਕਰਨ ਦੇ ਪੱਖ ਤੋਂ ਇਹ ਨਾਕਾਫ਼ੀ ਤੇ ਘੱਟ ਸ਼ਕਤੀਸ਼ਾਲੀ ਸੀ।

ਸੂਬੇ ਦੀ ਭਵਿਖ ਦੀ ਸਿਆਸਤ ਦੇ ਦ੍ਰਿਸ਼ਟੀਕੋਨ ਤੋਂ 1935 ਦੇ ਠੋਸੇ ਨਵੇਂ ਸੰਵਿਧਾਨ ਅਨੁਸਾਰ ਹੋਣ ਵਾਲੀਆਂ ਚੋਣਾਂ ਇਕ ਤਿਖੇ ਘੋਲ ਵਜੋਂ ਉਭਰ ਕੇ ਸਾਹਮਣੇ ਆਈਆਂ। ਚੋਣਾਂ ਤੋਂ ਇਕਦਮ ਪਹਿਲਾਂ ਨਹਿਰੂ ਪੰਜਾਬ ਆਇਆ ਤੇ ਉਸ ਦੇ ਆਉਣ ਨਾਲ ਕਾਂਗਰਸ ਦੀ ਪੁਜ਼ੀਸ਼ਨ ਕਾਫੀ ਸੁਧਰ ਗਈ। ਉਸ ਨੇ ਹਰ ਜਗ੍ਹਾ ਲੋਕਾਂ ਦੇ ਮਨਾਂ ਵਿਚ ਇਹ ਗੱਲ ਬਠਾਉਣ ਦਾ ਯਤਨ ਕੀਤਾ ਕਿ ਦੇਸ਼ ਦੀ ਸਿਆਸਤ ਅਸਲ ਵਿਚ ਕਾਂਗਰਸ ਅਤੇ ਸਾਮਰਾਜਵਾਦ ਵਿਚਕਾਰ ਜੰਗ ਹੈ ਤੇ ਜਦੋਂ ਤਕ ਦੇਸ਼ ਸਾਮਰਾਜ ਦੇ ਅਧੀਨ ਹੈ ਇਸ ਦੇ ਮੰਦੇ ਭਾਗਾਂ ਦੇ ਸੁਧਾਰ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਅੱਗੇ ਵਧਾਉਣ ਲਈ ਸਾਮਰਾਜ ਦਾ ਜੂਲਾ ਗਲੋਂ ਲਾਹੁਣਾ ਬਹੁਤ ਜ਼ਰੂਰੀ ਹੈ ਤੇ ਅਜੋਕੇ ਸੰਦਰਭ ਵਿਚ ਕੇਵਲ ਕਾਂਗਰਸ ਹੀ ਅਜਿਹੀ ਪਾਰਟੀ ਹੈ ਜੋ ਅਜਿਹਾ ਕਰ ਸਕਣ ਦੀ ਯੋਗਤਾ ਤੇ ਸਮਰੱਥਾ ਰਖਦੀ ਹੈ। ਇਸ ਲਈ ਕਾਂਗਰਸ ਪ੍ਰਤੀ ਵੋਟ ਸਾਮਰਾਜ ਨੂੰ ਬਾਹਰ ਕੱਢ ਕੇ ਕੌਮੀ ਰਾਜ ਕਾਇਮ ਕਰਨ ਵਲ ਵੋਟ ਹੈ।

ਪਰ ਨਵੀਂ ਚੁਣੀ ਅਸੈਂਬਲੀ ਵਿਚ ਯੂਨੀਨਿਸਟ ਪਾਰਟੀ 175 ਸੀਟਾਂ ਵਿਚੋਂ 102 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਵੋਟ ਪਾਉਣ ਦਾ ਅਧਿਕਾਰ ਵਸੋਂ ਦੇ ਲਗਭਗ ਇਕ ਚੌਥਾਈ ਹਿੱਸੇ ਤੋਂ ਵੀ ਘੱਟ ਨੂੰ ਸੀ ਕਿਉਂ ਉਸ ਵੇਲੇ ਅਜ ਵਾਂਗ ਵੋਟ ਦਾ ਅਧਿਕਾਰ ਹਰ ਕਿਸੇ ਨੂੰ ਪਰਾਪਤ ਨਹੀਂ ਸੀ। ਉਦੋਂ ਵੋਟ ਪਾਉਣ ਦਾ ਅਧਿਕਾਰ ਕੇਵਲ ਪੜ੍ਹਿਆਂ ਲਿਖਿਆਂ, ਨੌਕਰੀ ਪੇਸ਼ੇ ਵਾਲਿਆਂ ਤੇ ਜਾਇਦਾਦ ਵਾਲਿਆਂ ਨੂੰ ਹਾਂ ਹੁੰਦਾ ਸੀ।* ਨੈਸ਼ਨਲ ਪ੍ਰੋਗ੍ਰੈਸਿਵ ਪਾਰਟੀ (ਰਾਜਾ ਨਰਿੰਦਰ ਨਾਥ ਦੀ ਅਰਧ-ਫਿਰਕੂ ਪਾਰਟੀ) ਖਾਲਸਾ ਨੈਸ਼ਨਲ ਪਾਰਟੀ (ਸਿੱਖ ਰਜਵਾੜਾਸ਼ਾਹੀ ਤੇ ਉਸ ਨਾਲ ਸੰਬੰਧਿਤ ਬੁਧੀਜੀਵੀਆਂ ਦੀ ਪਾਰਟੀ) ਨਾਲ ਮਿਲ ਕੇ ਆਖ਼ਰ ਯੂਨੀਨਿਸਟ ਪਾਰਟੀ ਨੇ ਸਰ ਸਿਕੰਦਰ ਹਯਾਤ ਦੀ ਅਗਵਾਈ ਹੇਠ 'ਪੰਜਾਬ ਦੀ ਕਿਸਾਨ ਵਜ਼ਾਰਤ' ਬਣਾ ਹੀ ਲਈ, ਜਿਸ ਦਾ ਉਦੇਸ਼ ਅੰਗਰੇਜ਼-ਭਗਤੀ ਕਰ ਕੇ ਪੰਜਾਬ ਦੇ ਕਿਸਾਨਾਂ ਲਈ ਕੁਝ ਕੁ ਰਿਆਇਤਾਂ ਲੈਣਾ ਸੀ ਤੇ ਇਸ ਦੇ ਬਦਲੇ ਵਿਚ ਕੌਮਵਾਦੀ ਵਿਚਾਰਾਂ ਦਾ ਕਿਸਾਨੀ ਵਿਚ ਫੈਲਾਓ ਦਾ ਵਿਰੋਧ ਕਰ ਕੇ ਸੰਕਟ ਦੀ ਘੜੀ ਵਿਚ ਸਾਮਰਾਜ ਦੀ ਆਰਥਕ ਤੇ ਫ਼ੌਜੀ ਮਦਦ ਕਰਨਾ ਸੀ।

ਨਵੀਂ ਅਸੈਂਬਲੀ ਵਿਚ 20 ਕਾਂਗਰਸੀ ਸਨ ਜਿਨ੍ਹਾਂ ਵਿਚੋਂ 5 ਸੋਸ਼ਲਿਸਟ ਸਨ—ਹਰਜਾਪ ਸਿੰਘ, ਸੋਹਨ ਸਿੰਘ ਜੋਸ਼, ਬਾਬਾ ਅਰੂੜ ਸਿੰਘ, ਬੀਬੀ ਰਘਬੀਰ ਕੌਰ ਤੇ ਮਾਸਟਰ ਕਾਬਲ ਸਿੰਘ। ਸੱਭ ਤੋਂ ਦਿਲਚਸਪ ਚੋਣ ਨਤੀਜਾ ਯੂਨੀਨਿਸਟ ਪਾਰਟੀ ਦੇ ਪ੍ਰਸਿਧ ਨੇਤਾ ਖਾਨ ਬਹਾਦੁਰ ਸਰਦਾਰ ਹਬੀਬ-ਉੱਲਾ-ਖਾਨ ਦੀ ਕਾਂਗਰਸੀ ਉਮੀਦਵਾਰ ਇਫ਼ਤ-ਖਾਰੋ ਦੀਨ ਹਥੋਂ ਹਾਰ ਸੀ। ਇਫ਼ਤ ਖਾਰੋ ਦੀਨ

* ਕਮਿਊਨਿਸਟਾਂ ਨੇ ਪਿਛਲੇ 40 ਸਾਲਾਂ ਵਿਚ ਪੰਜਾਬ ਵਿਚ ਪਾਰਲੀਮੈਂਟ ਦੀ ਪੱਧਰ 'ਤੇ ਕਿੰਨੀ ਕੁ ਤਰੱਕੀ ਕੀਤੀ ਹੈ? ਜੇਕਰ ਉਸ ਵੇਲੇ ਜਦੋਂ ਐਨੀ ਘੱਟ ਵਸੋਂ ਨੂੰ ਵੋਟ ਪਾਉਣ ਦਾ ਅਧਿਕਾਰ ਸੀ ਤੇ ਉਹ ਵੀ ਉਪਰਲੇ ਤਬਕਿਆਂ ਨੂੰ, ਤਾਂ ਕਮਿਊਨਿਸਟ ਅਸੈਂਬਲੀ ਮੈਂਬਰਾਂ ਦੀ ਗਿਣਤੀ 6 ਸੀ। ਹੁਣ ਇਹ ਵਧ ਕੇ ਲਗਭਗ ਢਾਈ ਗੁਣਾ ਹੋ ਗਈ ਹੈ ਤੇ ਜੇਕਰ ਇਹੀ ਰਫ਼ਤਾਰ ਤੇ ਇਹੀ ਸਿਆਸਤ ਕਾਇਮ ਰਹੀ ਤਾਂ ਆਉਣ ਵਾਲੇ ਚਾਲ੍ਹੀ ਸਾਲਾਂ ਵਿਚ ਇਹ ਜ਼ਰੂਰ ਪੰਜ ਗੁਣਾ ਹੋਣੀ ਚਾਹੀਦੀ ਹੈ ਤੇ 30 ਦੀ ਹੱਦ ਟੱਪਣੀ ਚਾਹੀਦੀ ਹੈ !!



ਦੀ ਹਮਦਰਦੀ ਤੇ ਵਿਚਾਰ ਕਮਿਊਨਿਸਟਾਂ ਦੇ ਨਜ਼ਦੀਕ ਸਨ ਤੇ ਡਾਕਟਰ ਸਤਿਆਪਾਲ ਨਾਲ ਉਹ ਪੰਜਾਬ ਵਿਚ ਨਹਿਰੂ ਦਾ ਸਿਰਕੱਢ ਹਿਮਾਇਤੀ ਸੀ। ਬਾਅਦ ਵਿਚ ਸਰ ਜੋਗਿੰਦਰ ਸਿੰਘ ਵਲੋਂ ਖਾਲੀ ਕੀਤੀ ਸੀਟ ਲਈ, ਬਿਨਾਂ ਵਿਰੋਧ ਦੇ ਚੁਣੇ ਜਾਣ ਵਾਲੇ ਉਮੀਦਵਾਰ ਤੇਜਾ ਸਿੰਘ ਸੁਤੰਤਰ ਸਨ।

ਪੰਜਾਬ ਕਿਸਾਨ ਕਮੇਟੀ ਵਲੋਂ 1937 ਵਿਚ ਕਾਫੀ ਕਾਨਫ਼ਰੰਸਾਂ ਕੀਤੀਆਂ ਗਈਆਂ ਜਿਵੇਂ ਆਨੰਦਪੁਰ (ਹੁਸ਼ਿਆਰਪੁਰ) ਗੋਬਿੰਦਪੁਰ (ਗੁਰਦਾਸਪੁਰ) ਛੱਜੇਵਾਲ (ਲੁਧਿਆਣਾ) ਦਾਓਧਰ (ਫੀਰੋਜ਼ਪੁਰ) ਭਕਨਾ (ਅੰਮ੍ਰਿਤਸਰ) ਆਦਿ। ਪੰਜਾਬ ਦੇ ਪਿੰਡਾਂ ਵਿਚ ਕਿਸਾਨ ਸਰਗਰਮੀਆਂ ਤੇ ਕਾਂਗਰਸ (ਕਮਿਊਨਿਸਟ) ਸਰਗਰਮੀਆਂ ਘੁੱਲ ਮਿਲ ਗਈਆਂ। 21 ਸਤੰਬਰ ਤੋਂ 24 ਸਤੰਬਰ ਤਕ ਜਲੰਧਰ ਜ਼ਿਲ੍ਹੇ ਦੇ ਬੜਾ ਪਿੰਡ ਵਿਚ ਹੋਈ ਮਜ਼ਦੂਰ ਕਿਸਾਨ ਕਾਨਫਰੰਸ ਦੀ ਪ੍ਰਧਾਨਗੀ ਆਲ ਇੰਡੀਆ ਕਿਸਾਨ ਕਮੇਟੀ ਦੇ ਸੈਕਟਰੀ ਸਵਾਮੀ ਸਹਿਜਾ ਨੰਦ ਨੇ ਕੀਤੀ। ਕਾਨਫਰੰਸ ਦੇ ਸ਼ੁਰੂ ਵਿਚ ਲਾਲ ਝੰਡਿਆਂ ਨਾਲ ਮੁਜ਼ਾਹਰਾ ਕੀਤਾ ਗਿਆ ਜਿਸ ਦੀ ਗਿਣਤੀ 15,000 ਦੱਸੀ ਗਈ ਹੈ। ਮੁਜਾਹਰਾਕਾਰੀਆਂ ਨੇ ਲੈਨਿਨ ਤੇ ਸਟਾਲਿਨ ਦੀਆਂ ਵੱਡੀਆਂ ਵੱਡੀਆਂ ਤਸਵੀਰਾਂ ਚੁਕੀਆਂ ਹੋਈਆਂ ਸਨ। ਨੁਸ਼ਹਿਰਾ ਪਨੂੰਆਂ ਵਿਚ ਅੰਮ੍ਰਿਤਸਰ ਜ਼ਿਲ੍ਹਾ ਕਿਸਾਨ ਬੰਦੋਬਸਤ ਕਮੇਟੀ ਵਲੋਂ 29-30 ਸਤੰਬਰ ਨੂੰ ਕੀਤੀ ਗਈ ਕਾਨਫ਼ਰੰਸ ਦੀ ਪ੍ਰਧਾਨਗੀ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਆਗੂ ਜੈ ਪ੍ਰਕਾਸ਼ ਨਾਰਾਇਣ ਨੇ ਕੀਤੀ। 10,000 ਲੋਕਾਂ ਨੇ ਇਸ ਇਕੱਠ ਵਿਚ ਭਾਗ ਲਿਆ। ਮੁਨਸ਼ੀ ਅਹਿਮਦਦੀਨ ਨੇ ਕਿਹਾ ਕਿ ਕਾਂਗਰਸ ਸੋਸ਼ਲਿਸਟ ਪਾਰਟੀ ਦਾ ਨਿਸ਼ਾਨਾ, ਕਾਂਗਰਸ ਵਿਚ ਬਹੁ-ਮਤ ਪ੍ਰਾਪਤ ਕਰ ਕੇ, ਗਾਂਧੀਵਾਦੀ ਲੀਡਰ-ਸ਼ਿਪ ਨੂੰ ਲਾਹ ਕੇ ਨਵੀਂ ਲੀਡਰਸ਼ਿਪ ਦੇਣਾ ਹੈ। ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਕਿਸਾਨ ਸਕੂਲ ਲਾਏ ਗਏ ਜਿਨ੍ਹਾਂ ਦੇ ਪ੍ਰਬੰਧ ਵਿਚ ਪ੍ਰੋਫੈਸਰ ਬਰਿਜ ਨਰਾਇਣ ਤੇ ਛਬੀਲ ਦਾਸ ਨੇ ਕਾਫ਼ੀ ਮਦਦ ਕੀਤੀ। 1937 ਦੇ ਅੱਧ ਵਿਚ ਅੰਮ੍ਰਿਤਸਰ ਜ਼ਿਲ੍ਹੇ ਵਿਚ ਸੋਸ਼ਲਿਸਟ ਕਾਫ਼ੀ ਸਰਗਰਮ ਸਨ ਤੇ ਉਥੇ ਕਾਫੀ ਕਾਨਫ਼ਰੰਸਾਂ ਦਾ ਪ੍ਰਬੰਧ ਕੀਤਾ ਗਿਆ ਜਿਵੇਂ ਪੰਜਾਬ ਕਾਂਗਰਸ ਸੋਸ਼ਲਿਸਟ ਕਾਨਫ਼ਰੰਸ, ਇੰਡੀਅਨ ਪ੍ਰੋਗਰੈਸਿਵ ਰਾਈਟਰਜ਼ ਕਾਨਫ਼ਰੰਸ ਤੇ ਸਿਆਸੀ ਕੈਦੀ-ਛਡਾਊ ਕਾਨਫ਼ਰੰਸ। ਇਨ੍ਹਾਂ ਕਾਨਫ਼ਰੰਸਾਂ ਵਿਚ ਸਰੋਤੇ ਜ਼ਿਲ੍ਹੇ ਦੇ ਉਨ੍ਹਾਂ ਪਿੰਡਾਂ ਤੋਂ ਪੁੱਜੇ ਸਨ ਜਿਥੇ ਗਦਰ ਤੇ ਕਿਰਤੀ ਲੀਡਰਾਂ ਦਾ ਕਾਫ਼ੀ ਸਤਿਕਾਰ ਤੇ ਪ੍ਰਭਾਵ ਸੀ। ਇਨ੍ਹਾਂ ਕਾਨਫ਼ਰੰਸ ਦੇ ਹੋ ਸਕਣ ਵਾਲੇ ਪ੍ਰਭਾਵ ਦਾ ਜ਼ਿਕਰ ਕਰਦਿਆਂ, ਇਕ ਪੁਲਸ ਰੀਪੋਰਟ ਦੱਸਦੀ ਹੈ: ''ਅੰਮ੍ਰਿਤਸਰ ਜ਼ਿਲ੍ਹੇ ਦੇ ਕਿਸੇ ਨਾ ਕਿਸੇ ਪਿੰਡ ਵਿਚ ਸੋਸ਼ਲਿਸਟਾਂ ਤੇ ਕਮਿਊਨਿਸਟਾਂ ਦਾ ਹਰ ਰੋਜ਼ ਕੋਈ ਨਾ ਕੋਈ ਜਲਸਾ ਜਾਂ ਦੀਵਾਨ ਹੁੰਦਾ ਰਹਿੰਦਾ ਹੈ। ਗੁਰਦਾਸਪੁਰ ਦੀ ਬਟਾਲਾ ਤਹਿਸੀਲ ਵਿਚ ਇਹ ਪ੍ਰਚਾਰ ਕਾਫ਼ੀ ਤੇਜ਼ੀ ਨਾਲ ਹੋ ਰਿਹਾ ਹੈ। ਠੀਕ ਹੈ ਇਨ੍ਹਾਂ ਜਲਸਿਆਂ ਵਿਚ ਲੋਕਾਂ ਦੀ ਹਾਜ਼ਰੀ ਬਹੁਤ ਵਧੇਰੇ ਨਹੀਂ ਹੁੰਦੀ ਪਰ ਕਮਿਊਨਿਸਟ ਵਿਚਾਰਾਂ ਨੂੰ ਫੈਲਾਉਣ ਦੇ ਇਨ੍ਹਾਂ ਤੀਬਰ ਯਤਨਾਂ ਉਪਰ ਸਰਕਾਰ ਨੂੰ ਅੱਖ ਰਖਣੀ ਚਾਹੀਦੀ ਹੈ।''

ਇਸੇ ਤਰ੍ਹਾਂ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਲਿਖਿਆ ਕਿ ਜ਼ਿਲ੍ਹੇ ਵਿਚ ਪੰਜਾਬ ਕਿਸਾਨ ਕਮੇਟੀ ਦੇ ਕਾਰਕੁਨਾਂ ਦੀਆਂ ਸਰਗਰਮੀਆਂ ਉਸ ਹੱਦ ਤਕ ਪੁਜ ਗਈਆਂ ਹਨ ਜਿਥੇ ਹੁਣ ਸਰਕਾਰ ਵਲੋਂ ਉਨ੍ਹਾਂ ਵਿਰੁਧ ਐਕਸ਼ਨ ਲਿਆ ਜਾਣਾ ਜ਼ਰੂਰੀ ਬਣਦਾ ਹੈ। 1937 ਵਿਚ ਅੰਮ੍ਰਿਤਸਰ ਦੀਆਂ ਮਿੱਲਾਂ, ਜਿਵੇਂ ਨਰਾਇਣ ਸਵੈਦੇਸ਼ੀ ਰਿਬਨ ਐਂਡ ਟਰਿਮਿੰਗ ਫੈਕਟਰੀ, ਪੰਜਾਬ ਰਬੱੜ ਵਰਕਸ਼ਾਪ, ਨਿਊ ਇੰਡੀਆ ਇਮਬਰਾਇਡਰੀਜ਼, ਮਾਡਰਨ ਵੂਲਨ ਐਂਡ ਸਿਲਕ ਮਿਲਜ਼, ਧਾਰੀਵਾਲ ਮਿਲਜ਼, ਆਦਿ ਵਿਚ ਮਜ਼ਦੂਰਾਂ ਦੀਆਂ ਹੜਤਾਲਾਂ ਹੋਈਆਂ ਤੇ

ਜਥੇਬੰਦੀ ਕਾਇਮ ਹੋਈ। ਇਹ ਸਾਰੀਆਂ ਹੜਤਾਲਾਂ ਕਮਿਊਨਿਸਟਾਂ ਵਲੋਂ ਸਥਾਪਤ ਕੀਤੀ ਗਈ ਜਥੇਬੰਦੀ ਲੇਬਰ ਫੈਡਰੇਸ਼ਨ ਦੀ ਅਗਵਾਈ ਵਿਚ ਲੜੀਆਂ ਗਈਆਂ। ਇਹ ਜਥੇਬੰਦੀ 'ਜੋਸ਼ ਗਰੁੱਪ' ਵਜੋਂ ਪਛਾਣੀ ਜਾਂਦੀ ਸੀ। ਕਿਰਤੀ-ਗਰੁੱਪ ਦੇ ਲੋਕ ਜਮਸ਼ੇਦਪੁਰ ਦੇ ਕਾਮਿਆਂ ਵਿਚ ਕਾਫ਼ੀ ਸਰਗਰਮ ਸਨ। ਮੰਗਲ ਸਿੰਘ ਤੇ ਹਜ਼ਾਰਾ ਸਿੰਘ ਕਾਫ਼ੀ ਉੱਘੇ ਵਰਕਰ ਸਨ। ਬਾਅਦ ਵਿਚ ਹਜ਼ਾਰਾ ਸਿੰਘ ਨੂੰ ਤਾਰ ਫੈਕਟਰੀ, ਜਿਸ ਦਾ ਮਾਲਕ ਬਲਦੇਵ ਸਿੰਘ ਸੀ, ਵਿਚ ਹੜਤਾਲ ਦੀ ਅਗਵਾਈ ਸਮੇਂ ਲਾਰੀ ਥੱਲੇ ਦੇ ਕੇ ਮਾਰ ਦਿੱਤਾ ਗਿਆ ਸੀ। 1934-38 ਦੇ ਸਮੇਂ ਬਾਬਾ ਜਵਾਲਾ ਸਿੰਘ ਤੇ ਤੇਜਾ ਸਿੰਘ (ਸ਼ਾਇਦ ਸੁਤੰਤਰ) ਦਾ ਇਨ੍ਹਾਂ ਨਾਲ ਲੇਬਰ ਜਥੇਬੰਦੀ ਸੰਬੰਧੀ ਵਿਚਾਰ-ਵਟਾਂਦਰ ਕਰਨ ਦਾ ਜ਼ਿਕਰ ਵੀ ਪੁਲਸ ਫਾਈਲਾਂ ਵਿਚ ਮਿਲਦਾ ਹੈ।

**ਪੰਜਾਬ ਕਾਂਗਰਸ ਵਿਚ ਗੁੱਟਬੰਦੀ** : ਕਾਂਗਰਸ ਸੋਸ਼ਲਿਸਟ ਪਾਰਟੀ ਦਾ ਸੂਬਾਈ ਇਜਲਾਸ ਲਾਇਲਪੁਰ ਵਿਚ ਇਕ ਕਿਸਾਨ ਸੰਮੇਲਨ ਦੇ ਦੌਰਾਨ 19 ਅਕਤੂਬਰ 1938 ਨੂੰ ਹੋਇਆ। ਮੁਨਸ਼ੀ ਅਹਿਮਦ ਦੀਨ ਮੁੜ ਜਨਰਲ-ਸੱਕਤਰ ਤੇ ਟੀਕਾ ਰਾਮ ਸੁਖਨ ਸੈਕਟਰੀ ਚੁਣੇ ਗਏ। ਮੁਬਾਰਕ ਸਾਗਰ, ਸੋਢੀ ਪਿੰਡੀ ਦਾਸ, ਰਛਪਾਲ ਸਿੰਘ, ਗੋਵਿੰਦ ਸਿੰਘ, ਸਰੀਫ਼ ਮਾਤਿਨ, ਬੀ. ਪੀ. ਐਲ. ਬੇਦੀ, ਅਬਦੁਲ ਅਜੀਜ਼, ਕਾਬਲ ਸਿੰਘ, ਮਹੁੰਮਦ ਅਮੀਨ, ਸੋਹਨ ਸਿੰਘ ਜੋਸ਼, ਫਜ਼ਲ-ਇਲਾਹੀ ਕੁਰਬਾਨ, ਭਗਤ ਸਿੰਘ ਬਿਲਗਾ, ਰੂੜ ਸਿੰਘ ਐਮ. ਐਲ. ਏ. ਕੁਲਬੀਰ ਸਿੰਘ ਤੇ ਡਾਕਟਰ ਭਾਗ ਸਿੰਘ ਸੂਬਾਈ ਵਰਕਿੰਗ ਕਮੇਟੀ ਦੇ ਮੈਂਬਰ ਚੁਣੇ ਗਏ। ਮੁਨਸ਼ੀ ਅਹਿਮਦਦੀਨ, ਮੁਬਾਰਕ ਸਾਗਰ, ਤੇ ਬੀ. ਪੀ. ਐਲ. ਬੇਦੀ ਪਹਿਲਾਂ ਹੀ ਅਪਰੈਲ 1938 ਵਿਚ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਕੌਮੀ ਐਗਜ਼ੈਕਟਿਵ ਕੌਂਸਿਲ ਦੇ ਮੈਂਬਰ ਚੁਣੇ ਗਏ ਸਨ।

ਜਨਵਰੀ 1938 ਵਿਚ ਡਾ: ਸਤਿਆਪਾਲ ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਨੂੰ ਕਾਂਗਰਸ ਸੋਸ਼ਲਿਸਟ ਪਾਰਟੀ ਦੀ ਹਿਮਾਇਤ ਹਾਸਿਲ ਸੀ ਜਦੋਂ ਕਿ ਉਸ ਦੇ ਵਿਰੋਧੀ ਦੀ ਮਦਦ ਹਿੰਦੁਸਤਾਨ ਕਮਿਊਨਿਸਟ ਪਾਰਟੀ ਦੇ ਪੰਜਾਬ ਵਿਚ ਗਰੁੱਪ (ਜੋਸ਼ ਗਰੁੱਪ) ਵਲੋਂ ਕੀਤੀ ਜਾ ਰਹੀ ਸੀ। ਭਾਵੇਂ ਹਰ ਇਕ ਵਿਅਕਤੀ ਨੂੰ ਕਿਸੇ ਨਾ ਕਿਸੇ ਗੁੱਟ ਵਿਚ ਰਖਣਾ ਮੁਸ਼ਕਲ ਹੈ ਕਿਉਂਕਿ ਕਈ ਲੋਕ ਕਈ ਗਰੁੱਪਾਂ ਵਲ ਹੱਥ ਪੈਰ ਮਾਰ ਰਹੇ ਸਨ, ਤਾਂ ਵੀ ਮੋਟੇ ਤੌਰ 'ਤੇ ਅਜਿਹੀ ਗੁੱਟ-ਬੰਦੀ ਪਛਾਣੀ ਜਾ ਸਕਦੀ ਹੈ। ਪੁਲਸ ਦੇ ਸੂਤਰਾਂ ਅਨੁਸਾਰ ਪੰਜਾਬ ਸੂਬਾ ਕਾਂਗਰਸ ਕਮੇਟੀ ਵਿਚ 52 ਕਮਿਊਨਿਸਟ ਜਾਂ ਸੋਸ਼ਲਿਸ਼ਟ ਸਨ, ਲੱਗ ਭੱਗ ਇਕ ਦਰਜਨ ਅਕਾਲੀ, 32 ਮੈਂਬਰ ਗੋਪੀ ਚੰਦ ਭਾਰਗੋ ਤੇ 72 ਮੈਂਬਰ ਡਾਕਟਰ ਸਤਿਆਪਾਲ ਦੇ ਗੁੱਟਾਂ ਨਾਲ ਸੰਬੰਧਤ ਸਨ। ਸ਼ਾਇਦ ਬੰਗਾਲ ਨੂੰ ਛੱਡ ਕੇ ਕਿਸੇ ਹੋਰ ਸੂਬੇ ਵਿਚ ਅਜਿਹੀ ਕੱਟੜ ਗੁਟਬੰਦੀ ਮੇਰੇ ਖਿਆਲ ਵਿਚ ਨਹੀਂ ਸੀ। ਅੰਮ੍ਰਿਤਸਰ, ਸਿਆਲਕੋਟ ਅਤੇ ਹਿਸਾਰ ਜ਼ਿਲ੍ਹਾ ਕਮੇਟੀਆਂ ਦੀਆਂ ਚੋਣਾਂ ਤੋਂ ਇਹ ਸਪਸ਼ਟ ਹੋ ਗਿਆ ਸੀ।

ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਕਾਂਗਰਸ ਸੋਸ਼ਲਿਸਟ ਪਾਰਟੀ (ਵੱਖ ਵੱਖ ਖੱਬੇ ਪੱਖੀ ਗਰੁੱਪਾਂ) ਨੇ ਸਰਕਾਰ ਵਿਰੁਧ ਮੁਹਿੰਮ ਤੇਜ਼ ਕੀਤੀ ਤੇ ਸਿਆਸੀ-ਕੈਦੀ ਛਡਾਊ ਕਮੇਟੀ ਬਣਾਈ ਗਈ। ਇਸ ਕਮੇਟੀ ਦੀ ਅਗਵਾਈ ਹੇਠ 24 ਜਨਵਰੀ 1938 ਨੂੰ ਦਫ਼ਾ 144 ਤੋੜ ਕੇ ਅਸੈਂਬਲੀ ਮੈਂਬਰਾਂ ਅੱਗੇ ਮੁਜ਼ਾਹਰਾ ਕੀਤਾ ਗਿਆ। ਸਿਆਸੀ ਕੈਦੀਆਂ ਦੀ ਰਿਹਾਈ ਲਈ ਪੰਜਾਬ ਕਾਂਗਰਸ ਸੋਸ਼ਲਿਸਟ ਪਾਰਟੀ ਵਲੋਂ ਲਾਹੌਰ ਵਿਚ ਰੋਜ਼ਾਨਾ ਸਿਲਸਿਲੇਵਾਰ ਮੀਟਿੰਗਾਂ ਕੀਤੀਆਂ ਗਈਆਂ। 'ਆਰਮੀ ਰੇਕਰੂਟਿੰਗ ਬਿੱਲ' ਦੇ ਵਿਰੋਧ ਵਿਚ ਸਾਰੇ ਪੰਜਾਬ ਵਿਚ ਹੜਤਾਲਾਂ ਕਰਵਾਉਣ ਦਾ ਪ੍ਰਬੰਧ ਕੀਤਾ ਗਿਆ। ਲਾਹੌਰ ਵਿਚ ਹੋਈ ਪਾਰਟੀ ਦੀ ਮੀਟਿੰਗ ਵਿਚ 8,000 ਲੋਕਾਂ ਨੇ ਭਾਗ ਲਿਆ ਜਿਸ ਵਿਚ



ਸਾਮਰਾਜੀ ਜੰਗ ਵਿਚ ਸ਼ਾਮਿਲ ਨਾ ਹੋਣ ਦੀ ਕਾਂਗਰਸ ਦੀ ਪਾਲਿਸੀ ਨੂੰ ਦ੍ਰਿੜਾਇਆ ਗਿਆ। ਜੇਕਰ ਕਾਂਗਰਸ ਅੰਦਰ ਗੁਟਬੰਦੀ ਸੀ ਤਾਂ ਕਾਂਗਰਸ ਸੋਸ਼ਲਿਸਟ ਪਾਰਟੀ ਵੀ ਗੁੱਟਬੰਦੀ ਤੋਂ ਪਾਕ ਨਹੀਂ ਸੀ। ਇਸ ਦੇ ਬਣਨ ਤੋਂ ਕੁੱਝ ਮਹੀਨੇ ਬਾਅਦ ਹੀ ਕਰਮ ਸਿੰਘ ਮਾਨ ਬਾਰੇ ਇਕ ਝੰਝਟ ਖੜਾ ਹੋ ਗਿਆ ਜਿਸ ਕਾਰਨ 'ਜੋਸ਼ ਗਰੁੱਪ' ਪੰਜਾਬ ਕਾਂਗਰਸ ਸੋਸ਼ਲਿਸਟ ਪਾਰਟੀ ਤੋਂ ਵੱਖ ਹੋ ਗਿਆ ਤੇ ਵਖਰੀ 'ਰੈਡੀਕਲ ਲੀਗ' ਬਣਾ ਲਈ। ਕਿਰਤੀ ਗਰੁੱਪ ਦੇ ਕੁਝ ਕੁ ਵਿਅਕਤੀਆਂ ਨੇ ਮਾਨ 'ਤੇ ਇਹ ਦੋਸ਼ ਲਾਇਆ ਕਿ ਬਾਬਾ ਗੁਰਮੁੱਖ ਸਿੰਘ ਦੀ ਗ੍ਰਿਫ਼ਤਾਰੀ ਵਿਚ ਉਸ ਦਾ ਹੱਥ ਸੀ। 'ਜੋਸ਼ ਗਰੁੱਪ' ਨੇ ਇਸ ਦੋਸ਼ ਨੂੰ ਗਲਤ ਦੱਸਿਆ ਤੇ ਇਸ ਦੀ ਵਿਰੋਧਤਾ ਕੀਤੀ। ਇਸ ਕਾਰਨ ਸੋਸ਼ਲਿਸਟਾਂ ਵਿਚ ਤਣਾਉ ਵੱਧ ਗਿਆ। ਫਰਵਰੀ 1938 ਵਿਚ ਇਸ ਗਰੁੱਪ ਨੇ ਆਪਣਾ ਨਾਂ 'ਰੈਡੀਕਲ ਲੀਗ' ਤੋਂ ਬਦਲ ਕੇ ਪੰਜਾਬ ਸੋਸ਼ਲਿਸਟ ਪਾਰਟੀ ਰੱਖ ਲਿਆ। ਹਰਜਾਪ ਸਿੰਘ ਐਮ. ਐਲ. ਏ., ਕਾਬਲ ਸਿੰਘ ਐਮ. ਐਲ. ਏ., ਸੋਹਨ ਸਿੰਘ ਜੋਸ਼ ਐਮ. ਐਲ. ਏ. ਅਤੇ ਕਰਮ ਸਿੰਘ ਮਾਨ ਇਸ ਪਾਰਟੀ ਦੇ ਸਿਰ-ਕੱਢ ਆਗੂ ਹਨ। ਦੋਵਾਂ ਗਰੁੱਪਾਂ ਦਾ ਤਣਾਓ ਐਨਾ ਵੱਧ ਗਿਆ ਕਿ ਉਹ ਆਪਸੀ ਮਤ-ਭੇਦਾਂ ਦੇ ਦੇ ਬਾਵਜੂਦ ਇੱਕਠੇ ਰਹਿ ਕੇ ਖੱਬੇ-ਪੱਖ ਨੂੰ ਮਜ਼ਬੂਤ ਕਰਨ ਦੀ ਬਜਾਏ, ਪੰਜਾਬ ਕਾਂਗਰਸ ਅੰਦਰਲੇ ਵਿਰੋਧੀ ਗੁੱਟਾਂ ਨਾਲ ਤਾਲ-ਮੇਲ ਪੈਦਾ ਕਰਨ ਨੂੰ ਤਰਜੀਹ ਦੇਣ ਲਗ ਪਏ।

ਕਾਂਗਰਸ ਸੋਸ਼ਲਿਸਟ ਪਾਰਟੀ ਵਿਚ (ਜਿਸ ਵਿਚ ਕਿਰਤੀ ਗਰੁੱਪ ਸ਼ਾਮਿਲ ਸੀ) ਡਾ: ਸਤਿਆਪਾਲ ਦੇ ਨੇੜੇ ਸੀ ਜਦੋਂ ਕਿ ਰੈਡੀਕਲ ਲੀਗ (ਜੋਸ਼ ਗਰੁੱਪ) ਡਾ: ਗੋਪੀ ਚੰਦ ਭਾਰਗੋ ਦੀ ਹਿਮਾਇਤੀ ਸੀ। ਸਰਬ-ਭਾਰਤ ਕਾਂਗਰਸ ਸੋਸ਼ਲਿਸਟ ਪਾਰਟੀ ਦਾ ਚੌਥਾ ਸਾਲਾਨਾ ਇਜਲਾਸ 12 ਤੇ 13 ਅਪਰੈਲ 1938 ਨੂੰ ਲਾਹੌਰ ਵਿਚ ਐਮ. ਆਰ. ਮਸਾਨੀ ਦੀ ਪ੍ਰਧਾਨਗੀ ਹੇਠ ਹੋਇਆ। ਅਜੋਘੋਸ਼ ਅਤੇ ਯੂਸਫ਼ ਮਿਹਰਅਲੀ, ਜੋ ਇਜਲਾਸ ਲਈ ਆਏ ਹੋਏ ਸਨ, ਨੇ ਵਿਚ ਪੈ ਕੇ ਏਕਤਾ ਕਰਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ 'ਜੋਸ਼ ਗਰੁੱਪ' ਵਲੋਂ ਪੰਜਾਬ ਸੋਸ਼ਲਿਸਟ ਪਾਰਟੀ ਤੋੜ ਦਿੱਤੀ ਗਈ ਤੇ ਪਾਰਟੀ ਵਲੋਂ ਫ਼ਜਲ-ਇਲਾਹੀ ਕੁਰਬਾਨ ਨੇ ਇਕ ਬਿਆਨ ਰਾਹੀਂ ਪਾਰਟੀ ਨਾਲ ਸੰਬੰਧਤ ਕਾਰਕੁਨਾਂ ਨੂੰ ਕਾਂਗਰਸ ਸੋਸ਼ਲਿਸਟ ਪਾਰਟੀ ਵਿਚ ਸ਼ਾਮਿਲ ਹੋਣ ਲਈ ਕਿਹਾ।

**ਮਤ-ਭੇਦਾਂ ਦੇ ਬਾਵਜੂਦ ਆਪਸ ਵਿਚ ਖੱਬੀ-ਏਕਤਾ ਨਾ ਰੱਖ ਸਕਣਾ, ਪਰ ਮੱਤ-ਭੇਦਾਂ ਦੇ ਬਾਵਜੂਦ ਬੁਰਜਵਾ ਜਾਂ ਸੱਜੇ-ਪੱਖੀ ਪਾਰਟੀਆਂ ਨਾਲ ਹੱਥ ਮਿਲਾਉਣ ਤੋਂ ਨਾ ਝਿਜਕਣਾ ਤੇ ਦੂਸਰੀ ਖੱਬੀ ਧਿਰ ਦੇ ਖਿਲਾਫ਼ ਡੱਟ ਜਾਣਾ—ਭਾਰਤੀ ਕਮਿਊਨਿਸਟ ਲਹਿਰ ਦੀ ਇਹ ਪਰੰਪਰਾ ਨਵੀਂ ਨਹੀਂ ਸਗੋਂ ਕਮਿਊਨਿਸਟ ਲਹਿਰ ਦੇ ਨਾਲ ਹੀ ਪੈਦਾ ਹੋਈ ਹੈ।** ਅੱਜ ਇਹ ਪਰੰਪਰਾ ਕੇਵਲ ਬਰਕਰਾਰ ਹੀ ਨਹੀਂ ਸਗੋਂ ਪੂਰੇ ਜੋਬਨ 'ਤੇ ਹੈ। ਆਜ਼ਾਦੀ ਤੋਂ ਪਹਿਲਾਂ ਇੱਕਾ ਦੁੱਕਾ ਸੂਬਿਆਂ ਵਿਚ ਵਿਚਰ ਰਹੀ ਇਸ ਪਰੰਪਰਾ ਨੂੰ ਅੱਜ ਅਸੀਂ ਵਿਕਸਤ ਕਰ ਕੇ ਕੌਮੀ ਪੱਧਰ 'ਤੇ ਲਿਆ ਖੜਾ ਕੀਤਾ ਹੈ। ਇਹ ਇਸ ਪਰੰਪਰਾ ਦੀ ਹੀ ਮਿਹਰਬਾਨੀ ਹੈ ਕਿ ਅੱਜ ਅਸੀਂ ਭੋਲੇ ਭਾਲੇ ਲੋਕਾਂ ਦੇ ਇਸ ਸਵਾਲ ਦਾ ਜਵਾਬ ਦੇਣ ਦੀ ਵੀ ਸਮੱਰਥਾ ਨਹੀਂ ਰਖਦੇ। ਸਵਾਲ ਹੈ : ਜਨਤਾ ਪਾਰਟੀ ਵਿਚ ਵੱਖ ਵੱਖ ਵਿਚਾਰਧਰਾਵਾਂ ਅਤੇ ਸਿਆਸਤਾਂ ਹੋਣ ਦੇ ਬਾਵਜੂਦ—ਜਾਰਜ ਫਰਨਾਂਡੇਸ ਤੋਂ ਲੈ ਕੇ ਵਾਜਪਈ ਤੱਕ, ਰਾਜ ਨਰਾਇਣ ਤੋਂ ਲੈ ਕੇ ਸੁਬਰਾਮਾਨੀਅਮ ਸੁਆਮੀ ਤੱਕ—ਸਭ ਇਕ ਪਲੇਟ-ਫਾਰਮ 'ਤੇ ਇਕ ਮਕਸਦ (ਇੰਦਰਾ ਨੂੰ ਗੱਦੀਓਂ ਲਾਹੁਣ) ਲਈ ਤਾਂ ਇਕੱਠੇ ਹੋ ਗਏ ਹਨ ਪਰ ਤੁਸੀਂ ਕਮਿਊਨਿਸਟ ਸਾਰੇ ਆਪਣੇ ਆਪ ਨੂੰ ਮਾਰਕਸਵਾਦ-ਲੈਨਿਨਵਾਦ ਦੇ ਧਾਰਨੀ ਦਸਦੇ ਹੋ, ਮਜ਼ਦੂਰਾਂ-ਕਿਸਾਨਾਂ ਤੇ ਮਜ਼ਲੂਮਾਂ ਦੇ ਸਾਥੀ ਹੋਣ ਦਾ ਦਮ ਭਰਦੇ ਹੋ ਤੇ ਇਥੇ ਹੀ ਬਸ ਨਹੀਂ ਤੁਹਾਡਾ ਸਭ ਦਾ

ਮਕਸਦ ਵੀ ਇਕ ਹੈ ਤੇ ਇਸ ਮਕਸਦ ਲਈ ਤੁਸੀਂ ਭਾਰਤ ਦੇ ਤਾਂ ਕੀ, ਦੁਨਿਆਂ ਭਰ ਦੇ ਮਜ਼ਦੂਰਾਂ ਨੂੰ ਇਕ ਲੜੀ ਵਿਚ ਪਰੋਣ ਦਾ ਨਾਹਰਾ ਦਿੰਦੇ ਹੋ ਪਰ ਤੁਸੀਂ ਇਹ ਸਭ ਗੱਲਾਂ ਸਾਂਝੀਆਂ ਹੋਣ ਦੇ ਬਾਵਜੂਦ ਕਿਉਂ ਇਕ ਸਾਂਝੇ ਪਲੇਟ ਫਾਰਮ 'ਤੇ ਇਕੱਠੇ ਨਹੀਂ ਹੋ ਸਕਦੇ ?

ਅੱਜ ਇਸ ਸਵਾਲ ਦਾ ਜਵਾਬ ਇਨ੍ਹਾਂ ਕਮਿਊਨਿਸਟ ਪਾਰਟੀਆਂ ਦੇ ਨੇਤਾ (ਸਾਧਾਰਨ ਕਾਡਰ ਨਹੀਂ, ਉਹ ਤਾਂ ਇਨਕਲਾਬ ਦੇ ਸਿਪਾਹੀ ਹਨ, ਜਰਨੈਲ ਨਹੀਂ) ਕੇਵਲ ਇਕ ਹੀ ਦੇ ਸਕਦੇ ਹਨ : "ਤੈਨੂੰ ਇਹ ਸਵਾਲ ਸਮਝਾਉਣਾ ਜ਼ਰਾ ਮੁਸ਼ਕਲ ਹੈ ਕਿਉਂਕਿ ਤੂੰ ਸਾਡੇ ਸਿਧਾਂਤਕ ਮੱਤ-ਭੇਦੀ ਸੰਕਲਪਾਂ ਜਿਵੇਂ ਨੈਸ਼ਨਲ ਡੈਮੋਕਰੇਸੀ, ਪੀਪਲਜ਼ ਡੈਮੋਕਰੇਸੀ ਤੇ ਨਿਊ ਡੈਮੋਕਰੇਸੀ ਨੂੰ ਅਜੇ ਤੱਕ ਨਹੀਂ ਸਮਝਦਾ। ਮਾਰਕਸਵਾਦੀ ਕੇਵਲ ਇਨ੍ਹਾਂ ਸੰਕਲਪਾਂ ਦੇ ਅੰਦਰ ਅੰਦਰ ਅਮਲ ਤੇ ਸਿਧਾਂਤ ਦਾ ਮੇਲ ਕਰ ਕੇ ਰਿਹਾ ਜਾ ਸਕਦਾ ਹੈ। ਤੇ ਸੱਭ ਤੋਂ ਵੱਡੀ ਗੱਲ ਤੂੰ ਅਜੇ ਕਮਿਊਨਿਸਟ ਪਾਰਟੀ ਤੋਂ ਬਾਹਰ ਏਂ ਤੇ ਇਸੇ ਲਈ ਅਜਿਹੇ ਸਵਾਲ ਪੁਛਦਾ ਏਂ। ਜਿਸ ਦਿਨ ਤੂੰ ਕਿਸੇ ਨਾ ਕਿਸੇ ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋ ਗਿਆ, ਬਸ ਤੈਨੂੰ ਇਸ ਸਵਾਲ ਦਾ ਜਵਾਬ ਆਪੇ ਹੀ ਮਿਲ ਜਾਊ।"

ਮਜ਼ਦੂਰ ਲਹਿਰ ਅੰਦਰ ਤਾਂ ਸਾਰੇ ਮਜ਼ਦੂਰਾਂ ਦੇ ਘੱਟੋ ਘੱਟ ਆਰਥਕ ਹਿੱਤ ਤਾਂ ਸਾਂਝੇ ਹਨ ਤੇ ਉਨ੍ਹਾਂ ਦੀ ਇਕ ਥਾਂ ਏਕਤਾ ਨਾਲ ਉਨ੍ਹਾਂ ਦੀ ਸਰਮਾਏ ਦੇ ਖ਼ਿਲਾਫ਼ ਡੱਟ ਸੱਕਣ ਦੀ ਸਮਰੱਥਾ ਵੱਧ ਜਾਏਗੀ। ਪਰ ਅੱਜ ਮਜ਼ਦੂਰ ਜਮਾਤ ਅੰਦਰ ਇਸ ਪਾਰਟੀ ਫੁੱਟ ਨੇ ਕਾਫ਼ੀ ਨੁਕਸਾਨ ਕੀਤਾ ਹੋਇਆ ਹੈ। ਪਹਿਲਾਂ ਤਾਂ ਜਥੇਬੰਦ ਹੈ ਹੀ ਖੱਬੇ-ਪੱਖੀਆਂ ਪਿੱਛੇ ਘੱਟ, ਪਰ ਜੋ ਵੀ ਹੈ ਉਹ ਵੱਖ ਵੱਖ ਪਾਰਟੀਆਂ ਨਾਲ ਸੰਬੰਧਤ ਟਰੇਡ ਯੂਨੀਅਨਾਂ ਵਿਚ ਵੰਡੀ ਹੋਈ ਹੈ। ਇਥੇ ਭਾਰਤੀ ਟਰੇਡ ਯੂਨੀਅਨ ਲਹਿਰ ਨਾਲ ਸੰਬੰਧਤ ਕੁਝ ਕੁ ਅੰਕੜੇ ਦੇਣਾ ਚਾਹਾਂਗਾ ਤਾਕਿ ਸਵਾਲ ਦੀ ਮਹੱਤਤਾ ਸਪਸ਼ਟ ਹੋ ਸਕੇ ਤੇ ਗੁੱਟਬੰਦੀ ਤੇ ਫੁੱਟਬੰਦੀ ਦੀ ਸਿਆਸਤ ਤੋਂ ਹੋਣ ਵਾਲੇ ਨੁਕਸਾਨ ਦਾ ਅਹਿਸਾਸ ਹੋ ਸਕੇ। ਇਹ ਅੰਕੜੇ 10 ਜਨਵਰੀ 1979 ਦੇ Economic Times ਵਿਚੋਂ ਲਏ ਗਏ ਹਨ :

**ਵੱਖ ਵੱਖ ਟਰੇਡ-ਯੂਨੀਅਨਾਂ ਦੀ ਮੈਂਬਰਸ਼ਿਪ (1978-79)**

(1) ਇੰਟਕ (INTUC) 33 ਲੱਖ (ਕਾਂਗਰਸ ਪਾਰਟੀ ਨਾਲ ਸੰਬੰਧਤ); (2) ਏਟਕ (AITUC) 18 ਲੱਖ (ਸੀ.ਪੀ.ਆਈ. ਨਾਲ ਸੰਬੰਧਤ); (3) ਸੀਟੂ (CITU) 15 ਲੱਖ (ਸੀ.ਪੀ.ਐਮ. ਨਾਲ ਸੰਬੰਧਤ); (4) ਬੀ.ਐਮ.ਐਸ. (BMS) 10 ਲੱਖ; (5) ਐਚ.ਐਮ.ਐਸ. (HMS) 4 ਲੱਖ; (6) ਐਨ.ਐਲ.ਓ. (NLO) 3 ਲੱਖ; (7) ਯੂ.ਟੀ.ਯੂ.ਸੀ. (UTUC) 1.5 ਲੱਖ; (8) ਲੈਨਿਨ ਸਾਰਨੀ ਯੂ.ਟੀ.ਯੂ.ਸੀ. (UTUC) 1 ਲੱਖ; (9) ਟੀ.ਯੂ.ਸੀ.ਸੀ. (TUCC) 50,000

ਕੁਲ ਜੋੜ : 86 ਲੱਖ।

ਉਪਰਲੇ ਟੇਬਲ ਤੋਂ ਸਪਸ਼ਟ ਹੈ ਕਿ ਜਥੇਬੰਦ ਮਜ਼ਦੂਰਾਂ ਦੀ ਬਹੁ-ਗਿਣਤੀ ਸਭ ਤੋਂ ਵਧੇਰੇ ਕਾਂਗਰਸ ਪਾਰਟੀ ਦੇ ਪਿੱਛੇ ਹੈ। ਮੋਟੇ ਹਿਸਾਬ ਲਈ, ਜੇਕਰ ਆਪਾਂ ਭਾਰਤ ਦੀ ਆਬਾਦੀ 60 ਕਰੋੜ ਰਖੀਏ ਤੇ ਮਜ਼ਦੂਰ ਜੇਕਰ ਇਸ ਕੁਝ ਆਬਾਦੀ ਦਾ 20 ਫੀ ਸਦੀ ਵੀ ਹੋਣ ਤਾਂ ਮਜ਼ਦੂਰਾਂ ਦੀ ਕੁਲ ਆਬਾਦੀ 12 ਕਰੋੜ ਦੇ ਲਗਭਗ ਬਣੇਗੀ ਤੇ ਇਸ ਵਿਚੋਂ ਅਜੇ ਤਕ ਇਕ ਕਰੋੜ ਵੀ ਜਥੇਬੰਦ ਨਹੀਂ ਹੈ ਭਾਵੇਂ ਇਸ ਦੀ ਵੱਡੀ ਗਿਣਤੀ ਕਾਂਗਰਸ ਨਾਲ ਹੀ ਸੰਬੰਧਤ ਕਿਉਂ ਨਾ ਹੋਵੇ। ਇਥੋਂ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਭਾਰਤ ਵਿਚ ਇਨਕਲਾਬ ਦਾ ਮਸਲਾ ਅਜੇ ਕਿਥੇ ਖੜਾ ਹੈ।

ਕਾਂਗਰਸ ਨੇ ਭਾਵੇਂ 1938 ਵਿਚ 181,000 ਦੇ ਮੁਕਾਬਲੇ 1939 ਵਿਚ 192,000 ਮੈਂਬਰਾਂ



ਦੀ ਭਰਤੀ ਕੀਤੀ, ਪਰ ਗੁੱਟ-ਬੰਦੀ ਕਾਰਨ ਇਹ ਅੰਕੜੇ ਐਨੇ ਪ੍ਰਭਾਵਸ਼ਾਲੀ ਨਹੀਂ ਹਨ। ਅਜਿਹੇ ਸਿਆਸੀ ਵਾਤਾਵਰਨ ਵਿਚ ਜਦੋਂ ਪੰਜਾਬ ਸੂਬਾ ਕਾਂਗਰਸ ਕਮੇਟੀ ਦੀਆਂ ਚੋਣਾਂ ਫਿਰ ਦੁਬਾਰਾ 16 ਅਪਰੈਲ 1939 ਨੂੰ ਹੋਈਆਂ ਤਾਂ ਸਤਿਆਪਾਲ ਗਰੁਪ ਮੁਕਾਬਲੇ ਵਿਚ ਸ਼ਾਮਲ ਨਾ ਹੋਇਆ (ਪਹਿਲੀਆਂ ਚੋਣਾਂ ਗੁੱਟਾਂ ਵਿਚ ਝਗੜੇ ਕਾਰਨ ਰੱਦ ਕਰ ਦਿਤੀਆਂ ਗਈਆਂ ਸਨ)। ਇੰਜ ਸੂਬਾ ਕਾਂਗਰਸ ਡਾ: ਗੋਪੀ ਚੰਦ ਤੇ ਸ਼ਾਮ ਲਾਲ ਗਰੁਪਾਂ ਦੇ ਹੱਥ ਵਿਚ ਆ ਗਈ। ਇਨ੍ਹਾਂ ਚੋਣਾਂ ਵਿਚ ਸੋਹਣ ਸਿੰਘ ਜੋਸ਼ ਸੂਬਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਚੁਣੇ ਗਏ। ਸੋਸ਼ਲਿਸਟਾਂ ਵਿਚ ਆਪਸੀ ਤਣਾਓ ਕਾਰਨ ਇਕ ਦੂਸਰੇ ਉਪਰ ਦੋਸ਼ ਲਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਿਰਤੀ ਗਰੁਪ ਨੇ ਸੋਹਣ ਸਿੰਘ ਜੋਸ਼ ਉਪਰ ਕਾਂਗਰਸ ਦੇ ਸੱਜੇ ਧੜੇ ਦੇ ਨੇੜੇ ਹੋਣ ਤੇ ਮਾਸਟਰ ਤਾਰਾ ਸਿੰਘ ਨਾਲ ਗਾਂਢਾ ਸਾਂਢਾ ਕਰਨ ਦਾ ਦੋਸ਼ ਲਾਇਆ।

ਰੇਕਰੂਟਮੈਂਟ-ਵਿਰੋਧੀ ਤੇ ਜੰਗ-ਵਿਰੋਧੀ ਐਜੀਟੇਸ਼ਨ : ਜਿਵੇਂ ਕਿ ਅਸੀਂ ਪਹਿਲਾਂ ਵੀ ਕਈ ਥਾਈਂ ਦੱਸ ਆਏ ਹਾਂ ਕਿ ਪੰਜਾਬ ਨੂੰ ਸਾਮਰਾਜੀਆਂ ਨੇ ਆਪਣੀ ਫ਼ੌਜੀ ਭਰਤੀ ਲਈ ਰਾਖਵਾਂ ਰੱਖਿਆ ਹੋਇਆ ਸੀ ਤੇ ਇਸ ਲਈ ਉਨ੍ਹਾਂ ਦੀ ਪੂਰੀ ਕੋਸ਼ਿਸ਼ ਸੀ ਕਿ ਪੰਜਾਬ ਦੀ ਕਿਸਾਨੀ ਅੰਦਰ ਸ਼ਾਂਤੀ ਬਣੀ ਰਹੇ ਤੇ ਪੰਜਾਬ ਨੂੰ ਕੌਮੀ ਵਿਚਾਰਾਂ ਦੀ ਜਾਗ ਨਾ ਲੱਗੇ। ਪੰਜਾਬ ਵਿਚ ਕਿਸਾਨੀ ਦੀ ਸ਼ਾਂਤੀ, ਫ਼ੌਜ ਵਿਚ ਸ਼ਾਂਤੀ ਨਾਲ ਜੁੜੀ ਹੋਈ ਸੀ। ਆਖ਼ਰ ਫ਼ੌਜੀ, ਕਿਸਾਨਾਂ ਦੇ ਪੁੱਤ ਹੀ ਤਾਂ ਸਨ, ਕੀ ਹੋਇਆ ਜੇਕਰ ਸਾਮਰਾਜ ਦੀ ਵਰਦੀ ਵਿਚ ਹੋਣ ਕਾਰਨ ਹੁਕਮ ਦੇ ਬੱਧੇ ਹੋਏ ਸਨ। ਤੇ ਸਭ ਤੋਂ ਵੱਡੀ ਗੱਲ, ਸਾਮਰਾਜੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਸੰਕਟ ਦੇ ਵੇਲੇ ਸਿਪਾਹੀ, ਵਰਦੀ ਨੂੰ ਭੁੱਲ ਆਪਣੇ ਹਲ-ਵਾਹਕ ਕਿਸਾਨ ਭਰਾ ਵਾਂਗ ਵੀ ਮਹਿਸੂਸ ਕਰ ਸਕਦਾ ਹੈ। ਇਹੀ ਕਾਰਨ ਸੀ ਕਿ ਸਰਕਾਰ ਗ਼ਦਰ ਪਾਰਟੀ ਨਾਲ ਸੰਬੰਧਤ ਲੋਕਾਂ ਦਾ, ਭਾਵੇਂ ਉਹ ਥੋੜ੍ਹੇ ਹੀ ਸਨ, ਖੁਰਾ ਖੋਜ ਮਿਟਾਉਣ ਉਪਰ ਤੁਲੀ ਹੋਈ ਸੀ।

ਤੀਹਵਿਆਂ ਦੇ ਅੰਤ ਵਿਚ ਪੰਜਾਬ ਵਿਚ ਸਾਮਰਾਜ-ਵਿਰੋਧੀ ਜਦੋ-ਜਹਿਦ ਨੇ, ਯੂਨੀਨਿਸਟ ਪਾਰਟੀ ਦੇ ਰਾਜ ਦਾ ਵਿਰੋਧ ਧਾਰਨ ਕੀਤਾ। ਹਰ ਜਗ੍ਹਾ ਆਪਣੀਆਂ ਸਰਗਰਮੀਆਂ ਵਿਚ ਖੱਬੇ ਪੱਖੀ ਕਾਰਕੁਨਾਂ ਨੇ ਪੰਜਾਬ ਕਿਸਾਨਾਂ ਨੂੰ ਫੌਜ ਵਿਚ ਭਰਤੀ ਨਾ ਹੋਣ ਦੀ ਸਲਾਹ ਦਿੱਤੀ। ਬਾਹਰੋਂ ਆ ਕੇ ਫ਼ੌਜੀ ਭਰਤੀ ਦੇ ਖ਼ਿਲਾਫ਼ ਬੋਲਣ ਵਾਲੇ ਲੀਡਰਾਂ ਵਿਚੋਂ ਜਵਾਹਰ ਲਾਲ ਨਹਿਰੂ ਡਾ: ਅਸ਼ਰਫ, ਜੈ-ਪ੍ਰਕਾਸ਼ ਨਰਾਇਣ, ਜੇ. ਡੀ. ਬੁਖਾਰੀ, ਯੂਸਫ਼ ਮਿਹਰ ਅਲੀ, ਸਵਾਮੀ ਸਹਿਜਾਨੰਦ ਅਤੇ ਐਨ. ਜੀ. ਰੰਗਾ ਦੇ ਨਾਂ ਵਰਨਣਯੋਗ ਹਨ। ਇਸ ਦੇ ਉਲਟ ਯੂਨੀਨਿਸਟ ਵਜ਼ੀਰਾਂ ਨੇ ਪੰਜਾਬ ਭਰ ਦਾ ਦੌਰਾ ਕੀਤਾ ਤੇ ਪੰਜਾਬ ਦੇ ਕਿਸਾਨਾਂ ਨੂੰ ਫ਼ੌਜ ਵਿਚ ਭਰਤੀ ਹੋਣ ਲਈ ਉਤਸ਼ਾਹਿਤ ਕੀਤਾ। ਪ੍ਰੋਫੈਸਰ ਰੰਗਾ ਨੇ ਜਲੰਧਰ ਜ਼ਿਲ੍ਹੇ ਵਿਚ ਬਹੁਤ ਸਾਰੀਆਂ ਮੀਟਿੰਗਾਂ ਵਿਚ ਲੜਾਈ ਵਿਰੁਧ ਤੇ ਪੰਜਾਬ ਨੂੰ ਫ਼ੌਜੀ ਅੱਡਾ ਬਣਾਉਣ ਵਿਰੁਧ ਵਿਚਾਰ ਪ੍ਰਗਟ ਕੀਤੇ। ਜੈ-ਪ੍ਰਕਾਸ਼ ਨਰਾਇਣ ਦੀ ਪ੍ਰਧਾਨਗੀ ਹੇਠ ਹੋਈ ਨੁਸ਼ਹਿਰਾ ਪਨੂੰਆਂ ਦੀ ਕਾਨਫ਼ਰੰਸ ਵਿਚ ਬਾਬਾ ਕੇਸਰ ਸਿੰਘ ਨੇ ਸਰੋਤਿਆਂ ਨੂੰ ਕਿਹਾ ਕਿ ਅਸੀਂ ਹੁਣ ਆਉਣ ਵਾਲੀ ਜੰਗ ਵਿਚ ਉਹ ਗ਼ਲਤੀ ਨਹੀਂ ਕਰਨੀ ਜੋ ਗਾਂਧੀ ਨੇ ਪਹਿਲੀ ਜੰਗ ਵਿਚ ਅੰਗਰੇਜ਼ਾਂ ਦੀ ਮਦਦ ਕਰ ਕੇ ਕੀਤੀ ਸੀ। (ਕੀ ਪਤਾ ਸੀ ਕਿ ਇਕ ਦਿਨ ਇਹ ਕੰਮ ਉਸ ਦੇ ਸਾਥੀਆਂ ਨੂੰ ਕਰਨਾ ਪੈਣਾ ਸੀ !) ਗੜ੍ਹਦੀ ਵਾਲਾ ਕਾਨਫ਼ਰੰਸ ਵਿਚ ਨਹਿਰੂ ਨੇ ਸਰੋਤਿਆਂ ਨੂੰ ਦੱਸਿਆ ਕਿ ਦੂਸਰੀ ਸੰਸਾਰ ਜੰਗ ਦੇ ਬੱਦਲ ਸਿਰਾਂ ਉਪਰ ਮੰਡਲਾ ਰਹੇ ਹਨ ਤੇ ਇਸ ਮੌਕੇ ਦਾ ਲਾਭ ਉਠਾ ਕੇ ਭਾਰਤੀਆਂ ਨੂੰ ਆਪਣੀ ਆਜ਼ਾਦੀ ਪਰਾਪਤ ਕਰਨੀ ਚਾਹੀਦੀ ਹੈ। ਅਗਲੇ ਦਿਨ ਨਹਿਰੂ ਨੇ

ਸ਼ਾਹਪੁਰ ਜ਼ਿਲ੍ਹੇ ਦਾ ਦੌਰਾ ਕੀਤਾ ਜੋ ਭਰਤੀ ਵਿਚ ਬਾਕੀ ਜ਼ਿਲ੍ਹਿਆਂ ਤੋਂ ਅੱਗੇ ਸੀ। ਥਾਂ ਥਾਂ ਉਸ ਨੇ ਲੋਕਾਂ ਨੂੰ ਲੜਾਈ ਦਾ ਵਿਰੋਧ ਕਰਨ ਤੇ ਭਰਤੀ ਨਾ ਹੋਣ ਦੀ ਅਪੀਲ ਕੀਤੀ। ਨਵੰਬਰ 1937 ਵਿਚ ਪੰਜਾਬ ਵਿਚ ਫ਼ਾਸੀਵਾਦ-ਵਿਰੋਧੀ ਲੀਗ (League against Fascism) ਬਣਾਈ ਗਈ। ਬੀ. ਪੀ. ਐਲ. ਬੇਦੀ, ਹੀਤੈਸ਼ੀ ਚੰਦਰ, ਕਿਸ਼ਨ ਚੰਦਰ, ਜੈ ਗੁਪਾਲ, ਇੰਦਰ ਦੱਤ, ਨਰਿੰਦਰ ਨਾਥ ਪਲੀਡਰ, ਮੀਆਂ ਇਫ਼ਤਖੱਰਦੀਨ, ਦੇਵਰਾਜ ਸੇਠੀ, ਅਬਦੁਲਾ ਸਫ਼ਦਰ, ਰਾਜ ਬੰਸ ਕ੍ਰਿਸ਼ਨ, ਮੁਲਕ ਰਾਜ ਆਨੰਦ, ਮਾਸਟਰ ਰਾਜਾ ਰਾਮ, ਸਰਦੂਲ ਸਿੰਘ ਕਵੀਸ਼ਰ ਤੇ ਕਰਮ ਸਿੰਘ ਇਸ ਦੇ ਪ੍ਰਮੁਖ ਵਰਕਰ ਸਨ। ਅਹਿਰਾਰ ਪਾਰਟੀ ਨੇ ਵੀ ਜੰਗ ਦੀ ਵਿਰੋਧਤਾ ਵਿਚ ਉੱਘਾ ਹਿੱਸਾ ਪਾਇਆ। ਸੂਬੇ ਦੀ ਪੁਲਸ ਨੇ ਇਕ ਰੀਪੋਰਟ ਵਿਚ ਲਿਖਿਆ: 'ਇਹ ਬੀਮਾਰੀ (ਜੰਗ ਦੀ ਵਿਰੋਧਤਾ ਦੀ) ਤੇਜ਼ੀ ਨਾਲ ਫੈਲ ਰਹੀ ਹੈ। ਇੰਜ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ 'ਨਾ ਜਵਾਨ-ਨਾ ਕੋਈ ਦਾਮ' ਕਾਂਗਰਸ ਦਾ ਪ੍ਰਮੁੱਖ ਨਾਹਰਾ ਹੋਵੇਗਾ।' ਇਕੱਲੇ 1938 ਦੇ ਸਾਲ ਵਿਚ ਜੰਗ ਅਤੇ ਫੌਜੀ ਭਰਤੀ ਦੇ ਵਿਰੁਧ ਹੋਣ ਵਾਲੀਆਂ ਇਨ੍ਹਾਂ ਮੀਟਿੰਗਾਂ ਦੀ ਗਿਣਤੀ ਲੱਗ ਭਗ 310 ਬਣਦੀ ਹੈ। 6 ਮਈ 1938 ਨੂੰ ਲਾਹੌਰ ਵਿਚ ਰਾਮ ਮਨੋਹਰ ਲੋਹੀਆ ਨੇ ਇਕ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਪੰਜਾਬੀਆਂ ਨੂੰ ਸਾਮਰਾਜ ਲਈ 'ਬਲੀ ਦੇ ਬੱਕਰੇ' ਨਾ ਬਣਨ ਦੀ ਸਲਾਹ ਦਿੱਤੀ। ਪਰ 1939 ਤੱਕ ਇਹ ਐਜੀਟੇਸ਼ਨ ਹੌਲੀ ਹੌਲੀ ਮੱਠੀ ਪੈ ਗਈ।

**ਕਿਰਤੀ-ਲਹਿਰ ਤੇ ਫੌਜ ਵਿਚ ਸੰਬੰਧ:** ਪੰਜਾਬ ਕਿਸਾਨ ਕਮੇਟੀ ਨੇ ਆਪਣੇ ਲਾਇਲਪੁਰ ਵਿਚਲੇ ਸੈਸ਼ਨ ਸਮੇਂ ਲੋਕ-ਹਿੱਤਾਂ ਦੇ ਵਿਚਾਰ ਫ਼ੈਲਾਉਣ ਤੇ ਜਥੇਬੰਦੀ ਕਰਨ ਵਿਚ ਕਿਰਤੀ-ਲਹਿਰ ਦੇ ਰੋਲ ਨੂੰ ਯੋਗ ਮਾਨਤਾ ਦਿੱਤੀ। ਕੁਦਰਤੀ ਗੱਲ ਸੀ ਯੂਨੀਨਿਸਟ ਪਾਰਟੀ ਦੇ ਗੁੱਸੇ ਦਾ ਸ਼ਿਕਾਰ ਸੱਭ ਤੋਂ ਪਹਿਲਾਂ ਇਹ ਪਰਚਾ ਹੁੰਦਾ। ਤਕਰੀਬਨ ਹਰ ਦੋ ਮਹੀਨਿਆਂ ਬਾਅਦ ਇਸ ਦੇ ਡੱਮੀ-ਐਡੀਟਰ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਇਸ ਸਿਲਸਿਲੇ ਵਿਚ ਇਸ ਦੇ ਬਹੁਤ ਸਾਰੇ ਅੰਕ ਵੀ ਜ਼ਬਤ ਕਰ ਲਏ ਗਏ ਜੋ ਨੈਸ਼ਨਲ ਆਰਕਾਈਵਜ਼ ਵਿਚ ਪਏ ਹਨ। ਪਰਚਾ ਵੇਚਣ ਵਾਲਿਆਂ ਨੂੰ ਵੀ ਪੁਲਸ ਵਲੋਂ ਖ਼ਬਰਦਾਰ ਕਰ ਦਿਤਾ ਗਿਆ। ਇੰਜ ਪੰਜਾਬ ਸਰਕਾਰ ਨੇ ਇਸ ਪਰਚੇ ਦਾ ਜੀਊਣਾ ਮੁਹਾਲ ਕਰ ਦਿੱਤਾ।

1937 ਦੀਆਂ ਚੋਣਾਂ ਦੇ ਬਾਅਦ ਉੱਤਰ-ਪ੍ਰਦੇਸ਼ ਵਿਚ ਕਾਂਗਰਸ ਦਾ ਰਾਜ ਆ ਜਾਣ ਨਾਲ ਉਥੇ ਕੁਝ ਹੱਦ ਤੱਕ ਸ਼ਹਿਰੀ ਆਜ਼ਾਦੀਆਂ ਬਹਾਲ ਕਰ ਦਿੱਤੀਆਂ ਗਈਆਂ। 'ਕਿਰਤੀ' 'ਕਿਰਤੀ-ਲਹਿਰ' ਵਿਚ ਬਦਲ ਕੇ ਹੁਣ ਮੇਰਠ ਤੋਂ ਹਫ਼ਤੇਵਾਰ ਉਰਦੂ ਤੇ ਗੁਰਮੁਖੀ ਵਿਚ ਸ਼ੁਰੂ ਕੀਤਾ ਗਿਆ। ਕਿਰਤੀ ਪਰਚੇ ਦੇ ਸਿਰੜੀ ਇਤਿਹਾਸ 'ਤੇ ਨਜ਼ਰ ਮਾਰਦਿਆਂ ਪੁਲਸ ਦੇ ਇਕ ਨੋਟ ਵਿਚ ਲਿਖਿਆ ਹੋਇਆ ਹੈ: "ਕਿਰਤੀ-ਲਹਿਰ" ਦੇ ਬਹੁਤ ਸਾਰੇ ਪਰਚੇ ਤੇ ਹਜ਼ਾਰਾਂ ਰੁਪਏ ਦੀਆਂ ਜ਼ਮਾਨਤਾਂ ਜ਼ਬਤ ਕੀਤੀਆਂ ਗਈਆਂ। ਇਕੱਲੇ 1936-37 ਵਿਚ ਪਰਚੇ ਨੂੰ 10,000 ਰੁਪਏ ਦਾ ਨੁਕਸਾਨ ਕੀਤਾ ਗਿਆ। ਪਰ ਗ਼ਦਰ ਪਾਰਟੀ ਤੋਂ ਹੋਰ ਪੈਸਾ ਆਉਂਦਾ ਰਿਹਾ ਤੇ ਪਰਚਾ ਚਲਦਾ ਰਿਹਾ।" ਹਫ਼ਤੇਵਾਰ **ਕਿਰਤੀ ਲਹਿਰ** 1938 ਦਾ ਸਾਰਾ ਸਾਲ ਅਤੇ ਨਵੰਬਰ 1939 ਤੱਕ ਲਗਾਤਾਰ ਛਪਦਾ ਰਿਹਾ। ਪੰਜਾਬ ਵਿਚ ਗੁਪਤ ਢੰਗਾਂ ਰਾਹੀਂ ਭੇਜਿਆ ਜਾਂਦਾ ਸੀ ਤੇ ਖ਼ਬਰਾਂ ਵੀ ਇੰਜ ਹੀ ਇਕੱਠੀਆਂ ਕੀਤੀਆਂ ਜਾਂਦੀਆਂ ਸਨ। ਡਾ: ਭਾਗ ਸਿੰਘ ਅਮਰੀਕਨ, ਰਾਮ ਕਿਸ਼ਨ ਬੀ. ਏ., ਭਰਤ ਸਿੰਘ, ਹਰਮਿੰਦਰ ਸਿੰਘ ਸੋਢੀ, ਰਾਮ ਸਿੰਘ ਦੱਤ, ਮੀਰਦਾਦ ਖਾਨ ਤੇ ਗੁਰਚਰਨ ਸਿੰਘ ਸਹਿੰਸਰਾ ਐਡੀਟੋਰੀਅਲ ਬੋਰਡ ਦੇ ਮੈਂਬਰ ਸਨ। ਪੁਲਸ ਦੇ ਇਕ ਅੰਦਾਜ਼ੇ ਅਨੁਸਾਰ ਪਰਚਾ 5,000 ਛਾਪਿਆ



ਜਾਂਦਾ ਸੀ ਤੇ ਇਸ ਦੀਆਂ ਕਈ ਸੌ ਕਾਪੀਆਂ ਉੱਤਰੀ ਤੇ ਦੱਖਣੀ ਅਮਰੀਕਾ, ਅਫ਼ਰੀਕਾ, ਮਲਾਇਆ, ਅਤੇ ਫ਼ਿਜੀ ਵਿਚ ਭੇਜੀਆਂ ਜਾਂਦੀਆਂ ਸਨ। 1938 ਤੱਕ ਮੇਰਠ ਵਿਚ **ਕਿਰਤੀ-ਲਹਿਰ** ਦਾ ਦਫ਼ਤਰ ਇਨਕਲਾਬੀਆਂ ਦਾ ਅੱਡਾ ਬਣ ਚੁੱਕਾ ਸੀ। ਦਫ਼ਤਰ ਵਿਚ ਹੀ ਮਾਸਕੋ ਤੋਂ ਪਰਤੇ ਗ਼ਦਰ ਪਾਰਟੀ ਦੇ ਮੈਂਬਰ ਹਰਮਿੰਦਰ ਸਿੰਘ ਸੋਢੀ ਸਟੱਡੀ ਸਰਕਲ ਚਲਾਉਂਦੇ ਸਨ। ਇਕ ਸੋਮੇਂ ਅਨੁਸਾਰ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਕਿਰਤੀ ਕੰਟਰੋਲ ਬੋਰਡ ਅਗੇ ਇਕ ਸਾਂਝਾ ਵਿਚਾਰਧਾਰਕ ਸੈਂਟਰ ਕਾਇਮ ਕਰਨ ਦੀ ਸਕੀਮ ਰੱਖੀ ਗਈ। ਭਾਵੇਂ ਇਸ ਸਕੀਮ ਨਾਲ ਬੋਰਡ ਨੇ ਸਹਿਮਤੀ ਨਹੀਂ ਪ੍ਰਗਟ ਕੀਤੀ ਪਰ ਇਸ ਤੋਂ ਬਾਅਦ **ਕਿਰਤੀ** ਵਿਚ ਛਪਣ ਵਾਲਾ ਬਹੁਤ ਸਾਰਾ ਮੈਟਰ ਸਿੱਧਾ ਨੈਸ਼ਨਲ ਫ਼ਰੰਟ ਦੇ ਦਫ਼ਤਰ ਤੋਂ ਆਉਣ ਲੱਗਾ ਤੇ ਇੰਜ ਕਿਰਤੀ-ਗਰੁੱਪ ਪਹਿਲੀ ਵੇਰ ਭਾਰਤੀ ਕਮਿਊਨਿਸਟ ਪਾਰਟੀ ਦੇ ਪ੍ਰਭਾਵ ਹੇਠ ਆਉਣ ਲੱਗਾ। ਇਥੇ ਇਕ ਗੱਲ ਮੈਂ ਜ਼ਰੂਰ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ: ਜਿੰਨੀ ਇਤਿਹਾਸਕ ਸਮੱਗਰੀ ਮੈਨੂੰ ਨੈਸ਼ਨਲ ਆਰਕਾਈਵਜ਼ ਤੇ ਕੁਝ ਕੁ ਅਖ਼ਬਾਰਾਂ ਤੇ ਰਸਾਲਿਆਂ ਤੋਂ ਮਿਲੀ ਹੈ, ਉਸ ਦੇ ਆਧਾਰ 'ਤੇ ਹੇਠਲੇ ਕੁਝ ਕੁ ਸਵਾਲਾਂ ਦੇ ਜਵਾਬ ਸਪੱਸ਼ਟ ਰੂਪ ਵਿਚ ਦੇ ਸਕਣਾ ਮੁਸ਼ਕਲ ਹੈ:

ਕਿਰਤੀ ਗਰੁੱਪ ਦੀ ਅੰਦਰੂਨੀ ਜਥੇਬੰਦੀ, ਜੋ ਮੁੱਖ-ਫੈਸਲੇ ਲੈਂਦੀ ਸੀ, ਵਿਚ ਕੌਣ ਕੌਣ ਲੋਕ ਸ਼ਾਮਿਲ ਸਨ? ਕਿਰਤੀ ਗਰੁੱਪ ਦੇ ਪੰਜਾਬ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੀ ਬਰਾਂਚ (ਜੋਸ਼ ਗਰੁੱਪ) ਨਾਲ ਵਿਚਾਰਧਾਰਕ, ਜਥੇਬੰਦਕ ਤੇ ਪੈਂਤੜਿਆਂ ਸੰਬੰਧੀ ਕੀ ਮੱਤ-ਭੇਦ ਸਨ? ਗੁਰਦੁਆਰਾ ਚੋਣਾਂ ਦੇ ਸਵਾਲ ਦੇ ਸਵਾਏ, ਹੋਰ ਕਿਹੜੇ ਕਿਹੜੇ ਮਸਲਿਆਂ 'ਤੇ ਦੋਹਾਂ ਗਰੁੱਪਾਂ ਵਿਚਕਾਰ ਲਿਖਤੀ ਰੂਪ ਵਿਚ ਝੜਪਾਂ ਹੋਈਆਂ? ਭਾਰਤ ਵਿਚ ਕਿਰਤੀ-ਗਰੁੱਪ ਹੀ ਇਕ ਅਜਿਹਾ ਗਰੁੱਪ ਸੀ ਜੋ 1926 ਤੋਂ ਲੈ ਕੇ ਲਗਾਤਾਰ 1942 ਤੱਕ ਕਮਿਊਨਿਸਟ ਪਾਰਟੀ ਦੇ ਸਮਾਂਨਾਤਰ ਕੰਮ ਕਰਦਾ ਰਿਹਾ। ਜਦ 1948 ਵਿਚ ਕਮਿਊਨਿਸਟ ਲਹਿਰ ਵਿਚ ਹੋਈ ਪਹਿਲੀ ਦੁਫਾੜ ਤੇ ਲਾਲ ਪਾਰਟੀ ਦੇ ਬਣਨ ਨੂੰ ਇਸ ਇਤਿਹਾਸਕ ਪੱਖ ਤੋਂ ਵੇਖਿਆ ਜਾਵੇ ਤਾਂ ਇਨ੍ਹਾਂ ਸਮਾਨਾਂਤਰ ਤੁਰੀਆਂ ਆਉਂਦੀਆਂ ਧਾਰਾਵਾਂ ਦਾ 1942 ਵਿਚ ਹੋਇਆ ਮੇਲ-ਮਿਲਾਪ ਬਹੁਤ ਪੇਤਲਾ ਜਾਪਦਾ ਹੈ। ਇਨ੍ਹਾਂ ਸਵਾਲਾਂ ਦਾ ਉੱਤਰ ਦੇ ਸੱਕਣ ਦੀ ਸਮੱਗਰੀ ਮੇਰੇ ਪਾਸ ਨਹੀਂ ਹੈ ਤੇ ਇਨ੍ਹਾਂ ਨੂੰ ਸਮਝਣ ਲਈ ਘਾਲਣਾ-ਭਰੀ ਖੋਜ ਦੀ ਲੋੜ ਹੈ।

ਸੰਭਵ ਹੈ ਵੇਲੇ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਇਨ੍ਹਾਂ 'ਇਤਿਹਾਸਕ ਤੱਥਾਂ' ਵਿਚ ਕੋਈ ਦਿਲਚਸਪੀ ਨਾ ਹੋਵੇ ਤੇ ਇਸ ਨੂੰ ਉਹ 'ਕੌੜਾ-ਭੂਤ' ਹੀ ਸਮਝਦੀਆਂ ਹੋਣ। ਪਰ ਪੰਜਾਬ ਦੇ ਅਗਾਂਹਵਧੂ ਲੋਕਾਂ ਦੀ ਸਾਮਰਾਜ-ਵਿਰੁਧ ਆਜ਼ਾਦੀ ਤੇ ਡੈਮੋਕਰੈਟਿਕ ਖੱਬੇ-ਪੱਖੀ ਲਹਿਰ ਦੇ ਦ੍ਰਿਸ਼ਟੀ-ਕੋਨ ਤੋਂ ਇਸ ਨੂੰ ਸਮਝਣਾ ਅੱਜ ਵੀ ਮਹੱਤਵਪੂਰਨ ਸਿੱਧ ਹੋ ਸਕਦਾ ਹੈ। ਇਸ ਇਨਕਲਾਬੀ ਵਿਰਸੇ ਨੂੰ ਸਾਂਭਿਆ ਜਾਣਾ ਜ਼ਰੂਰੀ ਹੈ। ਇਹ ਇਤਿਹਾਸ ਲਿਖਣ ਦਾ ਕੰਮ ਕੇਵਲ ਅਜੋਕੀਆਂ ਕਮਿਊਨਿਸਟ ਪਾਰਟੀਆਂ ਉਪਰ ਹੀ ਨਹੀਂ ਛੱਡਿਆ ਜਾ ਸਕਦਾ ਕਿਉਂਕਿ ਉਹ ਇਤਿਹਾਸ ਨੂੰ 'ਹੁਣ' ਦੀ ਸੇਵਾ ਵਿਚ ਵਰਤਨ ਲਈ ਇਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਤੋਂ ਉੱਕਾ ਹੀ ਨਹੀਂ ਝਿਜਕਦੀਆਂ। ਉਹ ਜੰਮ ਜੰਮ ਆਪਣਾ ਤੇ ਹੋਰਾਂ ਦਾ ਇਤਿਹਾਸ ਲਿਖਣ ਪਰ ਇਸ ਤੋਂ ਪਹਿਲਾਂ ਕਿ ਸੂਝਵਾਨ ਲੋਕ ਅਜਿਹੇ ਇਤਿਹਾਸ ਨੂੰ 'ਵਿਗਿਆਨਕ ਇਤਿਹਾਸ' ਦਾ ਰੁੱਤਬਾ ਦੇ ਕੇ ਸਰਬ-ਪਰਵਾਣਿਆ ਬਣਾ ਦੇਣ, ਉਹ ਇਸ ਨੂੰ ਬਾਕੀ ਮਿਲਣ ਵਾਲੀਆਂ ਇਤਿਹਾਸਕ ਲਿਖਤਾਂ ਨਾਲ ਮੇਲ ਕੇ ਪਦਾਰਥਵਾਦੀ ਦ੍ਰਿਸ਼ਟੀਕੋਨ ਤੋਂ ਸਵੈ-ਜਾਂਚ ਕਰਨਾ ਆਪਣਾ ਇਤਿਹਾਸਕ ਫ਼ਰਜ਼ ਸਮਝਣ।

ਇਥੇ ਮੈਂ ਗੱਲ ਨੂੰ ਸਪੱਸ਼ਟ ਕਰਨ ਲਈ ਇਕ ਮਿਸਾਲ ਦੇਣੀ ਚਾਹਾਂਗਾ ਕਿਉਂਕਿ ਹੋ ਸਕਦਾ ਹੈ ਕੋਈ ਕਾਮਰੇਡ ਉਠ ਕੇ ਇਹ ਹੀ ਕਹਿ ਦੇਵੇ : 'ਵੇਖਿਆ ! ਕਰ ਗਿਆ ਨਾ ਭੰਡੀ ਕਮਿਊਨਿਸਟ ਪਾਰਟੀਆਂ ਦੀ। ਆਖ਼ਰਕਾਰ ਹੈ ਤਾਂ ਪੈਟੀ-ਬੁਰਜਵਾ ਬੁਧੀਜੀਵੀ ਹੀ। ਸਾਨੂੰ ਲੱਗਾ ਹੈ ਕਿਤਾਬੀ ਮਾਰਕਸਵਾਦ ਪੜ੍ਹਾਉਣ। ਇਹਨੂੰ ਇਹ ਨਹੀਂ ਪਤਾ ਕਿ ਅੱਗੋਂ ਅਸੀਂ ਵੀ ਗੁੜ੍ਹੇ ਹੋਏ ਹਾਂ—ਅਮਲੀ ਮਾਰਕਸਵਾਦ ਵਿਚ 'ਇਤਿ ਆਦਿ'।

ਰੂਸ ਦੀ ਕਮਿਊਨਿਸਟ ਪਾਰਟੀ ਨੇ ਪਿਛੇ ਜਿਹੇ ਬਰੈਜ਼ਨੇਵ ਦੀ ਜੀਵਨੀ ਛਾਪੀ ਹੈ। ਇਸ ਜੀਵਨੀ ਵਿਚ ਸਟਾਲਿਨ ਤੇ ਖ਼ਰੁਸ਼ਚੇਵ ਦੇ ਨਾਂਅ ਤਕ ਗਾਇਬ ਹਨ ਜਿਵੇਂ ਅਜਿਹੇ ਦੋ ਆਦਮੀਆਂ ਦੀ ਉਸ ਪਾਰਟੀ ਤੇ ਰੂਸ ਉਪਰ ਕੋਈ ਛਾਪ ਹੀ ਨਹੀਂ ਸੀ ਜਿਸ ਦੀ ਕਿ ਬਰੈਜ਼ਨੇਵ ਪੈਦਾਵਾਰ ਹੈ। ਜੇਕਰ ਸਟਾਲਿਨ ਤੇ ਖ਼ਰੁਸ਼ਚੇਵ ਨਾਵਾਂ ਦੇ ਦੋ ਇਤਿਹਾਸਕ ਦੌਰ ਹੀ ਨਹੀਂ ਤਾਂ ਲੈਨਿਨ ਤੋਂ ਬਾਅਦ ਸਿੱਧਾ ਬਰੈਜ਼ਨੇਵ ! ਲੈਨਿਨ ਦੀ ਪਾਰਟੀ ਵੱਧ ਫੁਲ ਕੇ ਹੋ ਗਈ ਕਾਮਰੇਡ ਬਰੈਜ਼ਨੇਵ ਦੀ ਪਾਰਟੀ; ਲੈਨਿਨ ਦੇ ਮਾਰਕਸਵਾਦ ਦਾ ਸਿੱਧਾ ਉਤਰ-ਅਧਿਕਾਰੀ ਬਰੈਜ਼ਨੇਵ ਦਾ ਮਾਰਕਸਵਾਦ ! ਇਨਕਲਾਬੀ ਵਿਰਸੇ ਨਾਲ ਅਟੁੱਟ ਪ੍ਰੰਪਰਾ ਦੀ ਲੜੀ ! ਇਸ ਤਰ੍ਹਾਂ ਇਕ ਹੋਰ ਪੁਸਤਕ, ਜਿਸ ਦਾ ਤਕਰੀਬਨ ਹਰ ਪੰਜਾਬੀ ਕਾਮਰੇਡ ਵਾਕਿਫ਼ ਹੈ—ਉਹ ਹੈ ਜਾਨ੍ਹ ਰੀਡ ਦੀ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ'। ਯਾਦ ਰਹੇ ਇਸ ਕਿਤਾਬ ਦੀ ਭੂਮਿਕਾ ਲੈਨਿਨ ਨੇ ਲਿਖੀ ਸੀ ਤੇ ਕਿਹਾ ਸੀ ਕਿਤਾਬ ਇਨਕਲਾਬ ਦੀ ਸੱਚੀ ਸੱਚੀ ਤਸਵੀਰ ਬਿਆਨ ਕਰਦੀ ਹੈ। ਲੈਨਿਨ ਦੀ ਮੌਤ ਤੋਂ ਬਾਅਦ ਜਦ ਬਾਲਸ਼ਵਿਕਾਂ ਦੇ ਕਤਲ ਦਾ ਦੌਰ ਸਟਾਲਿਨ ਨੇ ਸ਼ੁਰੂ ਕੀਤਾ ਤਾਂ ਇਸ ਕਿਤਾਬ ਉਪਰ ਉਸ ਨੇ ਪਾਬੰਦੀ ਲਾ ਦਿੱਤੀ। ਸਟਾਲਿਨ ਦੀ ਮੌਤ ਤੋਂ ਬਾਅਦ ਹੁਣ ਇਹ ਕਿਤਾਬ ਫੇਰ ਰੂਸ ਵਿਚ ਛਪੀ ਹੈ। ਕਾਰਨ : ਇਸ ਪੁਸਤਕ ਵਿਚ ਸਟਾਲਿਨ ਬਾਰੇ ਇਕ ਵੀ ਲਾਈਨ ਨਹੀਂ ਹੈ। ਬਾਅਦ ਵਿਚ ਜੋ ਇਤਿਹਾਸ ਉਸ ਨੇ ਪਾਰਟੀ ਦਾ ਲਿਖਵਾਇਆ ਤੇ ਜਿਸ ਨੂੰ ਪੰਜਾਬ ਦੇ ਕਾਮਰੇਡ 'ਵਿਗਿਆਨਕ ਇਤਿਹਾਸ' ਸਮਝ ਕੇ ਪੜ੍ਹਦੇ ਰਹੇ ਹਨ, ਜੇਕਰ ਅਜਿਹੇ ਇਤਿਹਾਸ ਨੂੰ 'ਵਿਗਿਆਨਕ ਇਤਿਹਾਸ' ਦਾ ਰੁਤਬਾ ਦਵਾਉਣਾ ਸੀ ਤਾਂ ਜ਼ਰੂਰੀ ਸੀ ਕਿ ਪਹਿਲਾਂ ਜਾਨ੍ਹ ਰੀਡ ਵਰਗੇ ਲੇਖਕਾਂ ਦੀਆਂ ਪੁਸਤਕਾਂ ਦਾ ਖੁਰਾ ਖੋਜ ਮਿਟਾਇਆ ਜਾਂਦਾ।

ਕਿਰਤੀ-ਲਹਿਰ ਦੇ ਦਫ਼ਤਰ ਦੇ ਰਾਹੀਂ ਕਿਰਤੀ-ਗਰੁੱਪ ਦੇ ਕਾਰਕੁਨਾਂ ਨੇ ਫ਼ੌਜੀਆਂ ਨੂੰ ਸਟੱਡੀ ਸਰਕਲ ਦੇ ਕੇ ਮੇਰਠ ਛਾਉਣੀ ਵਿਚ ਕਾਫ਼ੀ ਸੰਬੰਧ ਬਣਾ ਲਏ ਸਨ। ਬਾਅਦ ਵਿਚ ਸਰਕਾਰ ਨੇ ਫ਼ੌਜੀਆਂ ਦੇ ਲੜਾਈ ਵਿਚੋਂ ਗ਼ਾਇਬ ਹੋਣ ਨੂੰ ਇਸ ਪ੍ਰਭਾਵ ਸਿਰ ਮੜ੍ਹਿਆ। ਇਹ ਸੰਬੰਧ ਇਨ੍ਹਾਂ ਕੰਪਨੀਆਂ ਵਿਚ ਸਨ : 25 M. T. Coy, Meerut; CIH, Meerut; Signals, Meerut (3rd. division); ICTC, Ferozepur; 45 MT Coy, Secundrabad; 10/2 Punjab, Training, Depot (Meerut); MT Depot, Chaklala.

ਕਿਰਤੀ ਦੇ ਪ੍ਰਭਾਵ ਹੇਠਲੇ ਕਿੰਨੇ ਫ਼ੌਜੀਆਂ ਦਾ ਤੇ ਕਿਸ ਕਿਸ ਥਾਂ ਕੋਰਟ ਮਾਰਸ਼ਲ ਕੀਤਾ ਗਿਆ ? ਇਸ ਪ੍ਰਭਾਵ ਦਾ ਦਾਇਰਾ ਕਿੰਨਾ ਕੁ ਸੀ ? ਇਨ੍ਹਾਂ ਸਵਾਲਾਂ ਦਾ ਠੋਸ ਉੱਤਰ ਦੇਣ ਲਈ ਸਮੱਗਰੀ ਪ੍ਰਾਪਤ ਨਹੀਂ ਹੈ।

•

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ ਹੈ।



ਪ੍ਰੀਤ ਫਲਸਫੇ ਦੀ ਸ਼ਵ-ਪ੍ਰੀਖਿਆ—6

ਹਿੰਮਤ ਸਿੰਘ ਸੋਢੀ

## ਮਾਰਕਸਵਾਦ ਦੀ ਚਾਦਰ

ਚੌਹਠ ਸਾਲਾਂ ਦੀ ਉਮਰ ਵਿਚ ਲਿਖੀ ਆਪਣੀ "ਜੀਵਨ ਕਹਾਣੀ" ਵਿਚ ਗੁਰਬਖਸ਼ ਸਿੰਘ 1918 ਦੇ ਜ਼ਮਾਨੇ ਦੀ ਗੱਲ ਦੱਸਦੇ ਹਨ ਜਦ ਈਰਾਨ ਵਿਚ ਇਕ ਲਾਟ ਪਾਦਰੀ ਨਾਲ ਉਹਨਾਂ ਦੀ ਮੁਲਾਕਾਤ ਹੋਈ ਜਿਸ ਦੇ ਫਲ-ਰੂਪ ਉਹਨਾਂ ਨੂੰ ਸ਼ੇਕਸਪੀਅਰ, ਸ਼ੈਲੇ, ਬਾਇਰਨ, ਕੀਟਸ, ਐਮਰਸਨ ਤੇ ਵਾਲਟ ਵਿਟਮੈਨ ਪੜ੍ਹਨ ਲਈ ਮਿਲੇ ਅਤੇ ਨਾਲ ਹੀ ਮਿਸਰ ਤੇ ਯੂਨਾਨ ਆਦਿ ਦੀ ਪੁਰਾਣੀ ਸਭਿਅਤਾ ਨੂੰ ਸਮਝਣ ਦਾ ਮੌਕਾ ਵੀ ਮਿਲਿਆ। ਉਹ ਦੱਸਦੇ ਹਨ ਕਿ 'ਏਸ ਮੁਤਾਲਿਆ ਨੇ ਨਾ ਸਿਰਫ਼ ਹੁਣ ਦੀ ਦੁਨੀਆਂ ਦੇ ਮਨੁੱਖਾਂ ਨਾਲ ਮੇਰਾ ਪਿਆਰ ਵਧਾਇਆ, ਸਗੋਂ ਸਦੀਆਂ ਪਹਿਲਾਂ ਜੰਗਲਾਂ, ਗਾਰਾਂ ਤੇ ਬ੍ਰਿਛਾਂ ਉਤੇ ਰਹਿਣ ਵਾਲੇ ਮਨੁੱਖਾਂ ਨਾਲ ਮੇਰੀ ਅਟੁਟ ਸਾਂਝ ਦਾ ਮੈਨੂੰ ਪਤਾ ਦਿੱਤਾ। ਪਹਿਲਾ ਗੀਤ ਜਦੋਂ ਮਨੁੱਖ ਨੇ ਗਾਇਆ, ਪਹਿਲੀ ਤਸਵੀਰ ਜਦੋਂ ਮਨੁੱਖ ਨੇ ਖਿਚੀ, ਪਹਿਲਾ ਗਹਿਣਾ (ਸ਼ਿਕਾਰ ਕੀਤੇ ਜੰਗਲੀ ਜਾਨਵਰਾਂ ਦੇ ਦੰਦਾਂ ਦੀ ਮਾਲਾ) ਜਦੋਂ ਆਪਣੀ ਇਸਤਰੀ ਦੇ ਗਲ ਵਿਚ ਪਾਇਆ, ਤੇ ਮਸ਼ਾਲ ਬਾਲ ਕੇ ਜਦੋਂ ਉਹ ਉਹਦੇ ਨਾਲ ਆਪਣੀ ਗਾਰ ਵਿਚ ਨੱਚਿਆ—ਮਨੁੱਖੀ ਤਾਰੀਖ ਦੇ ਇਹ ਸਾਦੇ ਜਹੇ ਹਾਦਸੇ ਕਈ ਕਈ ਰਾਤਾਂ ਮੈਨੂੰ ਜਗਾਈ ਰਖਦੇ..." (ਅੰਕ ਪਹਿਲਾ, ਤੀਜਾ ਸੰਸਕਰਨ, ਪੰਨਾ 172-73)

ਏਥੇ ਲੇਖਕ ਨੇ ਆਪਣੀ ਭਾਵਨਾ ਤਾਂ ਉਸ ਸਮੇਂ ਦੀ ਦੱਸੀ ਹੈ ਜਦੋਂ ਉਹ ਅਜੇ 23 ਸਾਲ ਦਾ ਸੀ, ਪਰ ਜਿਸ ਢੰਗ ਨਾਲ ਇਸ ਨੂੰ ਪੇਸ਼ ਕੀਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ 64 ਸਾਲ ਦੀ ਉਮਰ ਵਿਚ ਵੀ, ਮਾਰਕਸਵਾਦ ਨਾਲ ਆਪਣੀ ਪਛਾਣ ਦੇ ਵੀਹ-ਬਾਈ ਸਾਲ ਬਾਅਦ (1964 ਵਿਚ) ਵੀ ਲੇਖਕ ਦਾ ਮਾਨਵੀ ਵਿਕਾਸ ਬਾਰੇ ਵਿਚਾਰ ਬੁਰਜੁਆ ਦ੍ਰਿਸ਼ਟੀਕੋਣ ਦਾ ਧਾਰਨੀ ਹੀ ਸੀ, ਜਿਵੇਂ "ਪਹਿਲਾ ਗੀਤ ਜਦੋਂ ਮਨੁੱਖ ਨੇ ਗਾਇਆ, ਪਹਿਲੀ ਤਸਵੀਰ ਜਦੋਂ ਮਨੁੱਖ ਨੇ ਖਿਚੀ..." ਆਦਿ ਉਪਰੋਕਤ ਵਿਚਾਰ ਮਾਰਕਸਵਾਦੀ ਸਿਧਾਂਤ ਅਨੁਸਾਰ ਤਾਂ ਮਨੁੱਖੀ ਇਤਿਹਾਸ ਦੇ ਅਜਿਹੇ ਸਾਦੇ ਜਿਹੇ ਹਾਦਸੇ ਨਹੀਂ ਹੋਏ ਕਿ ਕਿਸੇ ਮਨੁੱਖ ਨੇ ਪਹਿਲਾ ਗੀਤ ਕਿਸੇ ਇਕ ਦਿਨ ਗਾਇਆ ਅਤੇ ਪਹਿਲੀ ਤਸਵੀਰ ਕਿਸੇ ਇਕ ਬੰਦੇ ਨੇ ਕਿਸੇ ਵਿਸ਼ੇਸ਼ ਦਿਨ ਖਿਚੀ ਤੇ ਉਸ ਤੋਂ ਪਿਛੋਂ ਬੰਦੇ ਤਸਵੀਰਾਂ ਬਣਾਉਣ

ਲੱਗ ਪਏ। "ਲੰਗੂਰ ਤੋਂ ਬੰਦਾ ਬਣਨ ਤੱਕ ਕਿਰਤ ਦੀ ਭੂਮਕਾ" ਵਿਚ ਜਿਵੇਂ ਏਂਗਲਜ਼ ਨੇ ਦੱਸਿਆ ਹੈ ਕਿ ਮਨੁੱਖੀ ਵਿਕਾਸ ਵਿਚ ਸਾਂਝੀ ਕਿਰਤ ਦਾ ਕੀ ਮਹੱਤਵ ਰਿਹਾ ਹੈ, ਉਸ ਦੇ ਆਧਾਰ 'ਤੇ ਹੀ ਇਹ ਪਤਾ ਲਗਦਾ ਹੈ (ਜਿਵੇਂ ਜਾਰਜ ਥਾਮਸਨ ਨੇ Marxism and Poetry ਵਿਚ ਅਤੇ ਪਲੈਖਾਨੋਵ ਨੇ Art & Social Life ਵਿਚ ਸਪਸ਼ਟ ਕੀਤਾ ਹੈ) ਕਿ ਕਿਵੇਂ ਗੀਤ ਦਾ ਜਨਮ ਵੀ ਮਨੁੱਖਾਂ ਦੀ ਸਾਂਝੀ ਕਿਰਤ ਵਿਚੋਂ ਉਤਪਨ ਭਾਵਨਾਵਾਂ ਵਿਚੋਂ ਹੋਇਆ। ਏਸੇ ਤਰ੍ਹਾਂ ਤਸਵੀਰ ਦਾ ਜਨਮ ਵੀ ਇਕ ਹਾਦਸੇ ਵਾਂਗ ਕਿਸੇ ਇਕ ਮਨੁੱਖ ਦਵਾਰਾ ਕਿਸੇ ਇਕ ਖਾਸ ਦਿਨ ਨਹੀਂ ਸਗੋਂ ਮਨੁੱਖਾਂ ਦੇ ਲੰਮੇ ਸਮੇਂ ਦੇ ਮਨੋਵੇਗਾਂ, ਉਦਗਾਰਾਂ ਤੇ ਸਾਂਝੀਆਂ ਘਟਨਾਵਾਂ ਵਿਚੋਂ ਹੋਇਆ। ਇਉਂ ਹੀ ਇਹ ਵਿਚਾਰ ਵੀ ਬਿਲਕੁਲ ਗਲਤ ਹੈ ਕਿ ਕਿਸੇ ਮਨੁੱਖ ਨੇ ਪਹਿਲਾ ਗਹਿਣਾ ਆਪਣੀ ਇਸਤਰੀ ਦੇ ਗਲ ਕਿਸ ਦਿਨ ਪਾਇਆ ਹੋਵੇਗਾ ਤੇ ਉਹ ਮਸ਼ਾਲ ਬਾਲ ਕੇ ਉਸ ਦੇ ਨਾਲ ਗਾਰ ਵਿਚ ਨੱਚਿਆ ਹੋਵੇਗਾ। ਇਸ ਬਾਰੇ ਮਾਰਕਸਵਾਦੀ ਸਮਝ ਤਾਂ ਇਹ ਹੈ ਕਿ ਬੰਦੇ ਤੇ ਇਸਤਰੀਆਂ ਆਪਣੀ ਸਾਂਝੀ ਕਿਰਤ ਦੀ ਲੋੜ ਹਿੱਤ ਹੀ ਇੱਕਠੇ ਨਚਦੇ ਰਹੇ ਹਨ, ਸਮੂਹਕ ਨਾਚ ਸਾਂਝੀ ਕਿਰਤ ਦਾ ਹੀ ਅੰਗ ਸੀ ਅਤੇ ਪਹਿਲੇ ਗਹਿਣੇ ਵੀ ਸਮੂਹਕ ਤੌਰ 'ਤੇ ਬਣੇ। ਸਮੂਹਕ ਰੂਪ ਵਿਚ ਹੀ ਵੰਡੇ ਤੇ ਪਹਿਣੇ ਗਏ। ਕਿਉਂਕਿ ਆਦਿ-ਕਾਲ ਵਿਚ (ਜਿਵੇਂ ਮਾਰਗਨ ਨੇ ਆਪਣੀ Ancient Society ਵਿਚ ਅਤੇ ਏਂਗਲਜ਼ ਨੇ Origin of Family, Private Property and State ਵਿਚ ਸਪਸ਼ਟ ਕੀਤਾ ਹੈ) ਜਦ ਅਜੇ ਨਿੱਜੀ ਟਬਰ ਅਤੇ ਨਿੱਜੀ ਜਾਇਦਾਦ ਦਾ ਰਵਾਜ ਸ਼ੁਰੂ ਨਹੀਂ ਸੀ ਹੋਇਆ, ਕਬੀਲੇਦਾਰ ਸਮਾਜਕ ਜੀਵਨ ਸਾਂਝਾ ਹੀ ਹੁੰਦਾ ਸੀ। ਉਸ ਸਮੇਂ ਕੋਈ ਇਕ ਇਸਤਰੀ ਕਿਸੇ ਇਕ ਮਰਦ ਦੀ ਪਤਨੀ ਨਹੀਂ ਸੀ ਹੁੰਦੀ। ਪਹਿਲੇ ਗਹਿਣੇ ਜੋ ਬਣੇ ਉਹ ਕਬੀਲੇ ਦੀ ਮਲਕੀਅਤ ਸਨ, ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਨਹੀਂ।

ਪਰਤੀਤ ਹੁੰਦਾ ਹੈ ਕਿ ਗੁਰਬਖਸ਼ ਸਿੰਘ ਦੇ ਮਾਰਕਸਵਾਦ ਬਾਰੇ ਭੁਲੇਖਿਆਂ ਤੇ ਅਗਿਆਨਤਾ ਦਾ ਇਤਿਹਾਸ ਬੜਾ ਪੁਰਾਣਾ ਹੈ। 1964 ਵਿਚ ਹੀ ਜਦ ਕਿ ਦੇਸ ਵਿਚ ਕਮਿਊਨਿਸਟ ਜਥੇਬੰਦੀਆਂ ਨੂੰ ਸ਼ੁਰੂ ਹੋਇਆਂ ਵੀਹ ਸਾਲ ਹੋ ਚੁਕੇ ਸਨ ਅਤੇ ਹਜ਼ਾਰਾਂ ਪੜ੍ਹੇ—ਲਿਖੇ ਲੋਕ ਕਮਿਊਨਿਜ਼ਮ ਦੇ ਬੁਨਿਆਦੀ ਸਿਧਾਤਾਂ ਤੋਂ ਜਾਣਕਾਰ ਹੋ ਚੁਕੇ ਸਨ, ਗੁਰਬਖਸ਼ ਸਿੰਘ ਜਿਹੇ ਪੜ੍ਹੇ ਗੁੜ੍ਹੇ ਤੇ ਯੂਰਪ-ਅਮਰੀਕਾ ਘੁੰਮ ਚੁਕੇ, ਸਥਾਪਤ ਤੇ ਪ੍ਰਮੁਖ ਪੰਜਾਬੀ ਲੇਖਕ ਪਤਰਕਾਰ ਨੂੰ (ਜੋ 1935 ਤੋਂ ਹੀ 'ਪਰਮ ਮਨੁੱਖ' ਨਾਮ ਦੇ ਲੇਖ ਤੇ ਹੋਰ ਲਿਖਤਾਂ ਨਾਲ ਅੰਧ—ਵਿਸ਼ਵਾਸ ਵਿਰੁਧ ਝੰਡਾ ਖੜਾ ਕਰ ਚੁਕਾ ਸੀ) ਕਮਿਊਨਿਜ਼ਮ ਨਾਲ ਅਜੇ ਦੋ ਬੁਨਿਆਦੀ ਮਤ-ਭੇਦ ਸਨ, ਇਹ ਕਿ ਕਮਿਊਨਿਜ਼ਮ ਨਾਸਤਕਤਾ ਅਤੇ ਹਿੰਸਾ ਵਿਚ ਵਿਸ਼ਵਾਸ ਦਰਸਾਉਂਦਾ ਹੈ।[1] ਦੋ ਸਾਲ ਬਾਅਦ ਹੋਈ ਗਾਂਧੀ ਜੀ ਦੀ ਹਤਿਆ ਬਾਰੇ ਲੇਖਕ ਕਹਿੰਦਾ ਹੈ ਕਿ "ਗਾਂਧੀ ਜੀ ਦੀ ਵੱਡੀ ਭੇਟ ਦੁਨੀਆਂ ਨੂੰ ਇਹ ਹੈ ਕਿ ਉਨ੍ਹਾਂ ਦੁਨੀਆਂ ਦੇ ਸਿਆਸਤਦਾਨਾਂ ਨੂੰ ਸੋਚਾਂ ਵਿਚ ਪਾ ਦਿੱਤਾ ਹੈ ਕਿ ਮਨੁੱਖੀ ਜ਼ਿੰਦਗੀ ਦਾ ਅੰਤਮ ਮਨੋਰਥ ਜੋ ਵੀ ਹੈ, ਸਿਰਫ ਅਹਿੰਸਾ ਦੇ ਵਾਯੂ-ਮੰਡਲ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ।"[2] ਇਹ ਵਿਚਾਰ ਵੀ ਉਸ ਸਮੇਂ ਦੇ ਹਨ ਜਦ ਲੇਖਕ ਸੱਤਰ ਸਾਲ ਦੇ ਨੇੜੇ ਸੀ। ਸਪਸ਼ਟ ਹੈ ਕਿ ਗਾਂਧੀਵਾਦ ਦਾ ਜੋ ਆਮ ਜਿਹਾ ਪ੍ਰਭਾਵ ਮਧ-ਵਰਗ ਦੇ, ਜਮਾਤੀ-ਸੂਝ ਤੋਂ ਕੋਰੇ ਤੇ ਮਾਰਕਸਵਾਦ ਤੋਂ ਅਭਿੱਜ ਬੁਧੀਜੀਵੀਆਂ ਉਤੇ ਸੀ, ਉਹੀ ਅੰਤ ਤੱਕ ਗੁਰਬਖਸ਼ ਸਿੰਘ ਉਤੇ ਵੀ ਰਿਹਾ ਅਤੇ ਤੀਹ-ਬੱਤੀ ਸਾਲ ਤੱਕ 'ਕਮਿਊਨਿਸਟਾਂ' ਨਾਲ ਘਿਰੇ ਰਹਿਣ ਦੇ ਬਾਵਜੂਦ ਵੀ ਧਰਮ ਅਤੇ ਰਾਜਨੀਤੀ ਬਾਰੇ ਉਹ ਮਾਰਕਸਵਾਦ ਦੇ ਮੂਲ-ਸਿਧਾਂਤਾਂ ਨੂੰ ਨਾ ਸਮਝ ਸਕਿਆ ਅਤੇ ਨਾ ਹੀ ਅਪਣਾ ਸਕਿਆ। ਨਹੀਂ ਤਾਂ 1976 ਵਿਚ ਵੀ ਉਹ ਭਾਰਤੀ ਸਰਕਾਰ ਨੂੰ ਸਮਾਜਵਾਦੀ ਨਾ ਕਹਿੰਦਾ,



ਜਦ ਸੂਰਜ ਗ੍ਰਹਿਣ ਦੇ ਮੇਲੇ ਸੰਬੰਧੀ ਵਹਿਮਾਂ ਨੂੰ ਨਿੰਦਦਾ ਹੋਇਆ ਉਹ ਲਿਖਦਾ ਹੈ: "ਅਸੀਂ ਆਪਣੀ ਸਮਾਜਵਾਦੀ ਸਰਕਾਰ ਕੋਲੋਂ ਉਮੈਦ ਰਖਦੇ ਹਾਂ ਕਿ ਲੋਕਾਂ ਦਾ ਗਿਆਨ ਵਧਾਵੇ ਤੇ ਇਹ ਖਰਚੀਲੇ ਭਰਮ ਦੂਰ ਕਰੇ।"[3] ਜੇ ਏਥੇ ਸ਼ਬਦ 'ਸਮਾਜਵਾਦੀ' ਨੂੰ ਕਾਮਿਆਂ ਵਿਚ ਲਿਖਿਆ ਹੁੰਦਾ ਤਾਂ ਵੀ ਅਸੀਂ ਸਮਝਦੇ ਕਿ ਲੇਖਕ ਇਸ ਸਰਕਾਰ ਨੂੰ 'ਅਖੌਤੀ ਸਮਾਜਵਾਦੀ' ਸਰਕਾਰ ਸਮਝ ਰਿਹਾ ਹੈ। ਪਰ ਲੇਖਕ ਦਾ ਵਿਸ਼ਵਾਸ ਸੀ ਕਿ ਇੰਦਰਾ ਗਾਂਧੀ ਦੀ ਸਰਕਾਰ, ਖਾਸ ਕਰ ਕੇ ਐਮਰਜੈਂਸੀ ਦੇ ਲਾਗੂ ਹੋਣ ਤੋਂ ਬਾਅਦ, ਸਮਾਜਵਾਦੀ ਹੋ ਗਈ ਸੀ। ਤੇ ਲੇਖਕ ਦਾ ਇਹ ਵਿਸ਼ਵਾਸ ਉਸ ਦੀ ਆਪਣੀ ਨਿੱਜੀ ਸਮਝ-ਸੋਚ ਦਾ ਸਿੱਟਾ ਨਹੀਂ ਸੀ। ਇਸ ਸਮਝ-ਸੋਚ ਦੇ ਪਿੱਛੇ ਕੁਝ 'ਲੁਕੇ ਹੋਏ ਹਿੱਤ' ਸਨ। ਨਹੀਂ ਤਾਂ ਮਾਰਚ 1977 ਦੀਆਂ ਚੋਣਾਂ ਦੇ ਸਮੇਂ ਲੇਖਕ ਨੂੰ ਆਪਣੇ ਸੰਪਾਦਕੀ ਵਿਚ ਪ੍ਰੀਤ-ਪਾਠਕਾਂ ਨੂੰ ਇਹ ਨਾ ਕਹਿਣਾ ਪੈਂਦਾ: "ਫੀਰੋਜ਼ਪੁਰ, ਬਠਿੰਡਾ, ਚੰਡੀਗੜ੍ਹ, ਤੇ ਫਿਲੌਰ ਹਲਕਿਆਂ ਤੋਂ ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰਾਂ ਨੂੰ ਸਫਲ ਕਰਾਉ ਤੇ ਪੰਜਾਬ ਵਿਚ ਬਾਕੀ ਦੇ ਦਸ ਹਲਕਿਆਂ ਵਿਚ ਕਾਂਗਰਸ ਦੇ ਉਮੀਦਵਾਰਾਂ ਨੂੰ ਜਿਤਾਉ।" (ਪ੍ਰੀਤ ਲੜੀ, ਮਾਰਚ 1977, ਪੰਨਾ 13)

ਗੁਰਬਖਸ਼ ਸਿੰਘ ਦੀਆਂ ਲਿਖਤਾਂ ਨੂੰ ਗੌਹ ਨਾਲ ਪੜ੍ਹਨ ਤੋਂ ਪਰਤੀਤ ਹੁੰਦਾ ਹੈ ਕਿ 1943 ਤੋਂ ਲੈ ਕੇ, ਜਦ ਉਸ ਮਾਰਕਸਵਾਦ ਵੱਲ ਝੁਕਣਾ ਸ਼ੁਰੂ ਕੀਤਾ, 1977 ਤੱਕ ਦੇ 35 ਸਾਲਾਂ ਵਿਚ ਉਸ ਨੇ ਮਾਰਕਸਵਾਦ ਦੇ ਅਮਲ ਤੇ ਸਿਧਾਂਤ ਨੂੰ ਸਮਝਣ ਦਾ ਤਨੋਂ-ਮਨੋਂ ਯਤਨ ਨਹੀਂ ਕੀਤਾ। ਇਸ ਦੌਰਾਨ ਉਸ ਨੇ ਇਤਨਾ ਹੀ ਮਾਰਕਸਵਾਦ ਸਮਝਿਆ ਜਿੰਨਾਂ ਕਿ ਕਮਿਊਨਿਸਟਾਂ ਵਿਚ ਘਿਰੇ ਹੋਏ ਬੰਦੇ ਨੂੰ ਸਮਝ ਵਿਚ ਆ ਸਕਦਾ ਸੀ। ਜਾਂ ਕਾਰ-ਵਿਹਾਰ ਵਿਚ ਲਾਭ ਦੇ ਹਿੱਤ ਜਿੰਨੇ ਕੁ ਮਾਰਕਸਵਾਦ ਨਾਲ ਗੁਜ਼ਾਰਾ ਹੋ ਸਕਦਾ ਸੀ। ਇਹ ਕਥਨ ਗੁਰਬਖਸ਼ ਸਿੰਘ ਬਾਰੇ ਕਿਸੇ ਤੁਅਸਬ ਦੀ ਭਾਵਨਾ ਦਾ ਸੂਚਕ ਨਹੀਂ ਹੈ, ਸਗੋਂ ਉਸ ਦੀਆਂ ਆਪਣੀਆਂ ਲਿਖਤਾਂ ਵਿਚੋਂ ਇਸ ਦੇ ਪ੍ਰਮਾਣ ਕਿਸੇ ਵੀ ਮਾਰਕਸਵਾਦੀ ਸੂਝ-ਬੂਝ ਵਾਲੇ ਬੰਦੇ ਨੂੰ ਮਿਲ ਸਕਦੇ ਹਨ ਅਤੇ ਇਹਨਾਂ 35 ਸਾਲਾਂ ਵਿਚ ਜੋ ਲੋਕ ਉਸ ਦੇ ਨੇੜ ਵਿਚ ਆਏ ਹਨ ਉਹ, ਜੇ ਇਮਾਨਦਾਰੀ ਤੋਂ ਕੰਮ ਲੈਣ, ਤਾਂ ਗੱਜ-ਵੱਜ ਕੇ ਜਾਂ ਤੁਹਾਡੇ ਕੰਨ ਵਿਚ, ਏਸੇ ਕਥਨ ਦੀ ਪੁਸ਼ਟੀ ਕਰ ਸਕਦੇ ਹਨ। ਇਹ ਗੱਲ ਵੱਖਰੀ ਹੈ, ਜਿਵੇਂ ਮੈਂ ਦੇਖਿਆ ਹੈ, ਸਾਡੇ ਨੇੜ ਵਿਚ ਆਉਣ ਵਾਲੇ 98 ਫੀ ਸਦੀ ਲੋਕ ਨਿਜੀ ਗੱਲ-ਬਾਤ ਵੇਲੇ ਗੁਰਬਖਸ਼ ਸਿੰਘ ਬਾਰੇ ਜੋ ਰਾਏ ਦੇਂਦੇ ਹਨ ਉਸ ਨੂੰ ਉਹ ਕਿਸੇ ਇੱਕਠ ਵਿਚ ਜਾਂ ਲਿਖਤੀ ਰੂਪ ਵਿਚ ਕਹਿਣ ਲਈ ਤਿਆਰ ਨਹੀਂ ਹੁੰਦੇ—ਜਿਸ ਦੀ ਇਕ ਸਭ ਤੋਂ ਤਾਜ਼ਾ ਮਿਸਾਲ ਸ੍ਰੀ ਜਸਵੰਤ ਸਿੰਘ ਰਾਹੀ ਦੀ ਸੋਧ, ਮਾਰਚ 1979, ਪੰਨਾ 63 ਉਤੇ ਛਪੀ ਚਿੱਠੀ ਹੈ। ਪਰ ਜਿਸ ਵਿਹੁ-ਚਕਰ ਵਿਚ ਸਾਡੇ ਆਮ ਲੇਖਕ-ਪਾਠਕ ਫਸੇ ਹੋਏ ਹਨ ਉਹ ਅਜਿਹਾ ਕਰਨ ਦੀ ਦਲੇਰੀ ਘੱਟ ਹੀ ਕਰਦੇ ਹਨ। ਅਜਿਹੀ ਦਲੇਰੀ 1951-52 ਦੇ ਸਮੇਂ ਸ਼ੁਰੂ ਵੀ ਹੋਈ ਸੀ ਅਤੇ ਕਿਸ ਤਰ੍ਹਾਂ ਦੇ ਜਤਨਾਂ ਨਾਲ ਇਸ ਨੂੰ ਨੱਪ ਦਿੱਤਾ ਗਿਆ ਸੀ, ਇਹ ਇਕ ਵੱਖਰੇ ਲੇਖ ਦਾ ਵਿਸ਼ਾ ਹੈ। ਅਸੀਂ ਮੁੜ ਆਪਣੀ ਗੱਲ ਵੱਲ ਆਉਂਦੇ ਹਾਂ।

1943 ਵਿਚ ਜਦ, ਦੂਜੀ ਵੱਡੀ ਜੰਗ ਦੇ ਸਮੇਂ, ਰੂਸ-ਅਮਰੀਕਾ-ਅੰਗਰੇਜ਼-ਚੀਨ ਦੀਆਂ ਇਤਹਾਦੀ ਤਾਕਤਾਂ ਦੀ ਜਿੱਤ ਦਾ ਸੰਕੇਤ ਸਟਾਲਨਗਰਾਦ ਦੀ ਵੀਰਤਾ-ਪੂਰਨ ਜੰਗ ਸਮੇਂ ਮਿਲਣ ਲੱਗਾ, ਭਾਰਤੀ ਕਮਿਊਨਿਸਟ ਪਾਰਟੀ ਵੀ ਕਾਨੂੰਨੀ ਹੋ ਗਈ ਅਤੇ ਇਸ ਨੇ ਆਪਣੀਆਂ ਸਰਗਰਮੀਆਂ ਵਿਚ ਵਾਧਾ ਕੀਤਾ ਤਾਂ ਦੇਸ਼ ਦੀ ਆਜ਼ਾਦੀ ਦੇ ਖੱਬੇ-ਪੱਖੀ ਚਾਹਵਾਨ ਇਸ ਪਾਰਟੀ ਦੇ ਹਮਦਰਦ ਬਣਨ ਲਗੇ। ਗੁਰਬਖਸ਼ ਸਿੰਘ ਵੀ, ਵਧੇਰੇ ਆਪਣੇ ਪ੍ਰਵਾਰ ਦੇ ਅਸਰ ਹੇਠ ਦੋ ਤਿੰਨ ਸਾਲ ਦੇ ਅੰਦਰ ਇਸ ਪਾਰਟੀ ਦਾ ਸਮਰਥਕ ਤੇ ਹਮਦਰਦ ਹੋ ਗਿਆ ਜਿਸ ਦਾ ਬਿਆਨ ਉਸ ਦੀ 'ਜੀਵਨ ਕਹਾਣੀ'

ਦੇ ਦੂਜੇ ਅੰਕ 'ਮੰਜ਼ਲ ਦਿਸ ਪਈ' ਵਿਚ ਮਿਲਦਾ ਹੈ । 1946 ਵਿਚ ਹੀ ਉਸ ਦੀ ਮੁਲਾਕਾਤ ਡਾ: ਅਧਕਾਰੀ ਅਤੇ ਅਜੇ ਘੋਸ਼ ਜਹੇ ਪਾਰਟੀ ਨੇਤਾਵਾਂ ਨਾਲ ਵੀ ਹੋਈ । ਉਸੇ ਸਾਲ ਗੁਰਬਖਸ਼ ਸਿੰਘ ਨੇ ਪਾਰਟੀ ਫੰਡ ਵਿਚ ਇਕ ਹਜ਼ਾਰ ਰੁਪਇਆ ਵੀ ਦਿੱਤਾ ਅਤੇ ਉਸ ਦੀ ਤਸਵੀਰ ਦੇ ਨਾਲ ਹੀ ਇਹ ਖ਼ਬਰ ਪਾਰਟੀ ਦੇ ਹਫਤਾਵਾਰ 'ਪੀਪਲਜ਼ ਏਜ' (ਹੁਣ 'ਨੀਊ ਏਜ') ਵਿਚ ਛਪੀ । ਉਸ ਸਾਲ ਗੁਰਬਖ਼ਸ਼ ਸਿੰਘ ਦੇ ਵੱਡੇ ਚਾਰ ਬੱਚੇ ਸੋਲਾਂ ਤੋਂ ਬਾਈ ਸਾਲ ਦੀ ਉਮਰ ਦੇ ਸਨ ਅਤੇ ਕਮਿਊਨਿਸਟ ਪਾਰਟੀ ਦੇ ਬੜੇ ਹਮਦਰਦ ਤੇ ਸਮਰਥਕ ਸਨ । ਇਸ ਉਮਰ ਦੇ ਨੌਜਵਾਨਾਂ ਵਿਚ, ਇਨਕਲਾਬ ਦੇ ਸੁਪਨੇ ਲੈਣ ਵਾਲੇ ਨੌਜਵਾਨਾਂ ਵਿਚ ਕਿੰਨਾ ਜੋਸ਼ ਤੇ ਉਤਸ਼ਾਹ ਹੁੰਦਾ ਹੈ । ਏਸੇ ਸਾਲ ਇਹਨਾਂ ਵਿਚੋਂ ਤਿੰਨ ਬੱਚੇ ਇਕ ਅੰਗਰੇਜ਼-ਵਿਰੋਧੀ ਗੀਤ ਵਿਚ ਭਾਗ ਲੈਣ ਕਰਕੇ ਗ੍ਰਿਫਤਾਰ ਹੋਏ ਤੇ ਪੁਲਿਸ ਮੁਕਦਮੇ ਦਾ ਸ਼ਿਕਾਰ ਵੀ ਹੋਏ ਜੋ ਛੇ ਮਹੀਨੇ ਚਲਦਾ ਰਿਹਾ । ਇਸ ਤਰ੍ਹਾਂ ਗੁਰਬਖਸ਼ ਸਿੰਘ ਪਰਵਾਰ ਨੂੰ ਸਭ ਤੋਂ ਪਹਿਲਾ ਇਨਕਲਾਬੀ ਤੇ ਅੰਗਰੇਜ਼-ਵਿਰੋਧੀ ਬਪਤਿਸਮਾ ਮਿਲਿਆ । ਪਰ ਫੇਰ 1947 ਦਾ ਜਨੂੰਨੀ ਝਖੜ ਝੁਲਿਆ ਜਿਸ ਨੂੰ ਗੁਰਬਖਸ਼ ਸਿੰਘ 'ਕੌਮੀ ਖੁਦਕਸ਼ੀ' ਕਹਿੰਦਾ ਹੈ । ਉਹ ਆਪ ਇਸ ਫ਼ਿਰਕੂ ਜਨੂੰਨ ਦਾ ਸ਼ਿਕਾਰ ਹੋਣੋ ਮਸਾਂ ਮਸਾਂ ਬਚਿਆ ਅਤੇ ਏਸੇ ਲਈ ਪ੍ਰੀਤ-ਨਗਰ ਤੋਂ ਉਠ ਕੇ ਦਿੱਲੀ ਜਾਣਾ ਪਿਆ । ਘੁਗ ਵਸਦਾ ਪ੍ਰੀਤ ਨਗਰ, ਗੁਰਬਖਸ਼ ਸਿੰਘ ਦੀਆਂ ਆਸਾਂ-ਉਮੀਦਾਂ ਦੀ ਟੇਕ ਤੇ ਸਹਾਰਾ, ਵੀਰਾਨ ਹੋ ਗਿਆ । ਸਕੂਲ ਬੰਦ ਹੋ ਗਿਆ ਅਤੇ ਪ੍ਰੀਤ ਨਗਰ ਤੋਂ ਮਾਸਿਕ-ਪੱਤਰ ਕਢਣਾ ਵੀ ਅਸੰਭਵ ਹੋ ਗਿਆ । ਬਵੰਜਾ ਸਾਲਾਂ ਦੀ ਉਮਰ ਵਿਚ ਇਹ ਉਸ ਦੇ ਜੀਵਨ ਦੀ ਸਭ ਤੋਂ ਵੱਡੀ ਹਨੇਰੀ ਝੁਲੀ ਸੀ ਜਿਸ ਨੇ ਉਸ ਦੇ ਆਲ੍ਹਣੇ ਦੇ ਕਖ-ਕਾਨ ਤਕ ਉਡਾ ਦਿਤੇ । ਗੁਰਬਖਸ਼ ਸਿੰਘ ਨੂੰ ਜੋ ਰਾਜਸੀ-ਸਮਾਜਕ ਨਿਜੀ ਤਜਰਬੇ 1946 ਤੋਂ 1952 ਵਿਚਾਲੇ ਪ੍ਰਾਪਤ ਹੋਏ, ਜਿਸ ਫਿਰਕੂ ਅੱਗ ਦਾ ਸੇਕ ਉਸ ਨੂੰ ਕੰਠ ਲੂੰਹਦਾ ਤੇ ਜਾਨ ਦਾ ਖਉ ਬਣਿਆ ਪਰਤੀਤ ਹੋਇਆ, ਜਿਸ ਬੇਕਿਰਕ ਨੌਕਰਸ਼ਾਹੀ ਨਾਲ ਉਸ ਨੂੰ ਇਸ ਦੌਰਾਨ ਵਾਸਤਾ ਪਿਆ, ਕਿਵੇਂ 'ਪ੍ਰੀਤ ਲੜੀ' ਤੋਂ ਜ਼ਮਾਨਤਾਂ ਲਈਆਂ ਗਈਆਂ ਤੇ ਕਿਵੇਂ ਚੀਨ ਜਾਣ ਦੇ ਪਾਸਪੋਰਟ ਲਈ ਨਹਿਰੂ ਤੋਂ ਸਿਫਾਰਸ਼ ਕਰਾਉਣੀ ਪਈ, ਪ੍ਰੀਤ ਨਗਰ ਤੋਂ ਅੱਡਾ ਪੁਟਣਾ ਤੇ ਦੋ ਸਾਲ ਬਾਅਦ ਮੁੜ ਵਾਪਸ ਆਉਣ ਲਈ ਮਜਬੂਰ ਹੋਣਾ—ਇਸ ਸੱਤ-ਸਾਲਾਂ ਤਜਰਬੇ ਨੇ ਉਸ ਨੂੰ ਜਜ਼ਬਾਤੀ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜਨ ਲਈ ਮਜਬੂਰ ਕਰ ਦਿੱਤਾ । ਮਜਬੂਰ ਇਸ ਵਾਸਤੇ ਕਿ ਉਸ ਦੇ ਆਪਣੇ ਸਾਰੇ ਬੱਚੇ ਕਮਿਊਨਿਸਟ-ਪਖੀ ਹੋ ਗਏ ਸਨ ਅਤੇ ਹੋਰ ਕੋਈ ਧਿਰ ਉਸ ਨੂੰ ਨੈਤਿਕ ਮਦਦ ਅਤੇ ਸਮਾਜਕ-ਰਾਜਸੀ ਆਧਾਰ ਦੇਣ ਵਾਲੀ ਨਹੀਂ ਸੀ ।

ਕਮਿਊਨਿਸਟ ਪਾਰਟੀ ਨਾਲ ਇਸ ਮੇਲ ਦਾ ਦੋਵਾਂ ਧਿਰਾਂ ਨੂੰ ਹੀ ਲਾਭ ਹੋਇਆ । ਕਮਿਊਨਿਸਟ ਪਾਰਟੀ ਨੂੰ ਇਕ ਸੰਸਥਾ, ਇਕ ਪਰਚਾ ਅਤੇ ਵੱਡਾ ਲੇਖਕ ਤੇ ਸਮਰਥਕ ਮਿਲ ਗਿਆ ਅਤੇ ਗੁਰਬਖਸ਼ ਸਿੰਘ ਦਾ ਸੰਪਰਕ ਇਸ ਪਾਰਟੀ ਦੇ ਰਾਹੀਂ ਹੋਰ ਬੋਲੀਆਂ ਦੇ ਲੇਖਕਾਂ ਤੇ ਰਾਜਸੀ-ਸਮਾਜਕ ਆਗੂਆਂ ਨਾਲ ਕਾਇਮ ਹੋਇਆ ਤੇ ਉਹ ਅਮਨ-ਡੇਲੀਗੇਸ਼ਨਾਂ ਵਿਚ ਚੀਨ, ਰੂਸ, ਪੂਰਬੀ ਯੂਰਪ ਦੇ ਦੇਸਾਂ ਵਿਚ ਇਕ ਲੇਖਕ ਅਤੇ 'ਅਮਨ-ਸੰਗਰਾਮੀਏਂ' ਦੇ ਤੌਰ 'ਤੇ ਜਾਣ ਦੇ ਯੋਗ ਹੋਇਆ । ਇਸ ਤਰ੍ਹਾਂ ਗੁਰਬਖਸ਼ ਸਿੰਘ ਨੇ ਮਾਰਕਸਵਾਦ ਵਰਿਆ ਜਾਂ ਪਰਨਾਇਆ, ਜਾਂ ਹੋਰ ਠੁਲ੍ਹੇ ਸ਼ਬਦਾਂ ਵਿਚ, ਇਸ ਤਰ੍ਹਾਂ ਗੁਰਬਖਸ਼ ਸਿੰਘ ਨੇ ਮਾਰਕਸਵਾਦ ਨਾਲ ਚਾਦਰ ਪਾਈ । ਇਸ ਮੇਲ ਨਾਲ ਉਸ ਦੀ ਲਿਖਤ ਨੂੰ ਵੀ ਲਾਭ ਹੋਇਆ ਅਤੇ ਉਸ ਦੇ ਮਾਣ-ਸਤਕਾਰ ਵਿਚ ਵੀ ਵਾਧਾ ਹੋਇਆ । ਤੇ ਜਿਵੇਂ ਫਰੀਦ ਕਹਿੰਦਾ ਹੈ "ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ,"



ਗੁਰਬਖਸ਼ ਸਿੰਘ ਸਰਵਰ ਦੇ ਕੰਢੇ ਤਾਂ ਪਹੁੰਚ ਗਿਆ, ਪਰ ਉਹ 'ਵਥੁ' ਨਹੀਂ ਲਭ ਸਕਿਆ । ਸਰੋਵਰ ਦੇ ਕੰਢੇ ਖੜਾ ਹੋ ਕੇ ਉਹ ਇਸ ਦੀ ਲੀਲਾ ਦੇਖਦਾ ਰਿਹਾ, ਸਰਵਰ ਵਿਚ ਉਤਰ ਕੇ ਉਸ ਨੇ 'ਵਥੁ' ਨਹੀਂ ਲਭੀ : ਜਿਨ ਖੋਜਿਆ ਤਿਨ ਪਾਇਆ ਗਹਿਰੇ ਪਾਣੀ ਪੈਠ । ਨਾ ਉਹ ਗਹਿਰੇ ਪਾਣੀ ਪੈਠਿਆ, ਨਾ ਉਸ ਖੋਜਿਆ ਤੇ ਨਾ ਕੁਝ ਪਾਇਆ । ਹਾਂ, ਕੁਝ ਚਲਾਏਮਾਨ ਮਾਨ-ਮਰਯਾਦਾ ਅਵੱਸ਼ ਪ੍ਰਾਪਤ ਕੀਤੀ । ਉਸ ਨੂੰ ਆਤਮਕ ਨਾਲੋਂ ਪਦਾਰਥਕ ਲਾਭ ਵਧੇਰੇ ਹੋਇਆ ।

ਸ਼ੁਰੂ ਤੋਂ ਹੀ ਗੁਰਬਖਸ਼ ਸਿੰਘ ਚੰਗੇ-ਚੰਗੇ, 'ਚੜ੍ਹੇ-ਪੀੜ੍ਹੇ' ਲੋਕਾਂ ਦੇ ਸੰਪਰਕ ਵਿਚ ਆਇਆ ਸੀ । ਬਾਬਾ ਖੜਕ ਸਿੰਘ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਸਨ ਜਿਹੜੇ ਪਹਿਲੇ ਪ੍ਰਸਿਧ ਸਿੱਖ ਨੇਤਾ ਹੋਏ ਹਨ ਜਿਨ੍ਹਾਂ ਨੇ ਸਿੱਖਾਂ ਦੇ ਬੁਰਜੂਆ-ਫੀਊਡਲ ਤੱਤਾਂ ਨੂੰ ਭਾਰਤੀ ਬੁਰਜੁਆਜ਼ੀ ਨਾਲ ਜੋੜਨ ਲਈ ਸਭ ਤੋਂ ਪਹਿਲਾਂ ਇਕ ਵਿਸ਼ੇਸ਼ ਰੋਲ ਅਦਾ ਕੀਤਾ, ਭਾਵੇਂ ਸਾਧਾਰਨ ਸਿੱਖ ਜਨਤਾ ਉਹਨਾਂ ਨੂੰ ਸਿੱਖਾਂ ਦੇ ਨਿਧੜਕ ਤੇ 'ਬੇਤਾਜ ਬਾਦਸ਼ਾਹ' ਦੇ ਤੌਰ 'ਤੇ ਹੀ ਜਾਣਦੀ ਰਹੀ ਹੈ । ਪਰ ਇਹ ਇਕ ਵੱਖਰੀ ਕਹਾਣੀ ਹੈ ਕਿ ਕਿਵੇਂ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦਾ ਲੀਡਰਾਂ ਲਈ ਅੰਤਰ-ਵਿਰੋਧ ਸ਼ੁਰੂ ਹੋਇਆ ਜਿਸ ਵਿਚ ਮਾਸਟਰ ਤਾਰਾ ਸਿੰਘ ਨੂੰ ਜਿੱਤ ਹੋਈ, ਪਰ ਭਾਰਤੀ ਬੁਰਜੁਆਜ਼ੀ ਬਾਬਾ ਖੜਕ ਸਿੰਘ ਨੂੰ ਬੜੇ ਸਤਕਾਰ ਨਾਲ ਯਾਦ ਕਰਦੀ ਰਹੀ ਹੈ ਅਤੇ ਜਦ ਖੜਕ ਸਿੰਘ ਦਿੱਲੀ ਵਿਖੇ ਗੋਸ਼ਾ-ਨਸ਼ੀਨ ਹੋ ਕੇ ਬੈਠ ਗਏ ਤਾਂ ਵੀ ਜਵਾਹਰਲਾਲ ਨਹਿਰੂ ਉਹਨਾਂ ਦੇ ਜਨਮ ਦਿਨ ਉਤੇ ਉਹਨਾਂ ਨੂੰ ਮਿਲਣ ਜਾਂਦਾ ਰਿਹਾ, ਪ੍ਰਧਾਨ ਮੰਤਰੀ ਬਣਨ ਦੇ ਬਾਅਦ ਵੀ ।

ਸ: ਗੁਰਬਖਸ਼ ਸਿੰਘ ਦੇ ਘਰਾਣੇ ਬਾਰੇ ਅਸੀਂ ਪਹਿਲਾਂ ਹੀ ਵਿਚਾਰ ਕਰ ਚੁਕੇ ਹਾਂ । ਉਹ ਛੋਟੀ ਉਮਰ ਵਿਚ ਹੀ ਤੇ ਬਾਅਦ ਵਿਚ ਵੀ ਬੜੇ 'ਚੜ੍ਹੇ-ਪੀੜ੍ਹੇ' ਲੋਕਾਂ ਨੂੰ ਮਿਲਦਾ ਰਿਹਾ, ਜਾਂ ਉਹਨਾਂ ਲੋਕਾਂ ਨੂੰ ਜੋ ਬਾਅਦ ਵਿਚ ਚੰਗੀ ਪ੍ਰਸਿਧੀ ਪ੍ਰਾਪਤ ਕਰ ਗਏ । ਸੋਲ੍ਹਾਂ ਸਤਾਰਾਂ ਸਾਲ ਦੀ ਉਮਰ ਵਿਚ ਹੀ ਉਹ ਪ੍ਰੋ: ਪੂਰਨ ਸਿੰਘ ਅਤੇ ਭਾਈ ਸਮੁੰਦ ਸਿੰਘ ਰਾਗੀ ਦੇ ਨਾਲ ਹੀ ਹਮਜੋਲੀਆਂ ਵਾਂਗ ਰਿਹਾ ਜੋ ਬਾਅਦ ਵਿਚ ਕਵਿਤਾ ਅਤੇ ਰਾਗ ਦੇ ਖੇਤਰ ਵਿਚ ਪ੍ਰਸਿਧ ਹੋਏ । ਅਮਰੀਕਾ ਜਾਣ ਤੋਂ ਪਹਿਲਾਂ ਉਹ ਲਾਲਾ ਲਾਜਪਤ ਰਾਏ ਨੂੰ ਮਿਲਿਆ ਸੀ ਜਿੰਨਾਂ ਦਾ ਲੜਕਾ ਅਮਰੀਕਾ ਵਿਚ ਪੜ੍ਹਦਾ ਸੀ ਅਤੇ ਲਾਲਾ ਜੀ ਨੇ ਉਸ ਲਈ ਅਮਰਤਸਰੋਂ ਪਾਪੜ ਲਿਜਾਣ ਲਈ ਕਿਹਾ ਸੀ । ਵਿਦੇਸ਼ ਵਿਚ ਉਹ ਸਰੋਜਨੀ ਨੈਡੋ ਜੀ ਨੇ ਉਸ ਲਈ ... ਅਤੇ ਐਮ. ਐਨ. ਰਾਏ ਨੂੰ ਅਤੇ ਹੋਰ ਕਹਿੰਦੇ ਸੁਣਦੇ ਲੋਕਾਂ ਨੂੰ ਮਿਲਦਾ ਰਿਹਾ ਸੀ । ਅਮਰੀਕਾ ਵਿਚ ਹੀ ਅੰਗ੍ਰੇਜ਼ੀ ਪਤਰਾਂ ਵਿਚ ਛਪਣ ਦਾ ਉਸ ਨੂੰ ਮਾਣ ਪ੍ਰਾਪਤ ਹੋਇਆ ਸੀ । ਦੇਸ ਪਰਤ ਕੇ ਉਹ ਨੌਕਰੀ ਲਈ ਸੁੰਦਰ ਸਿੰਘ ਮਜੀਠੀਆ, ਸਰ ਜੁਗਿੰਦਰ ਸਿੰਘ, ਫਜ਼ਲ ਹੁਸੈਨ, ਸਰ ਗੰਗਾ ਰਾਮ ਜਿਹੀਆਂ ਪ੍ਰਸਿਧ ਹਸਤੀਆਂ ਨੂੰ ਮਿਲਣ ਦਾ ਦਮ-ਖਮ ਰਖਦਾ ਸੀ । ਮਹਾਤਮਾ ਗਾਂਧੀ ਨੂੰ ਉਸ ਨੇ 'ਮੇਰੀ ਅਛੂਤ ਸਹੇਲੀ' ਜਿਹੀ ਰਚਨਾ ਅੰਗ੍ਰੇਜ਼ੀ ਦੇ 'ਹਰੀਜਨ' ਵਿਚ ਛਪਣ ਲਈ ਭੇਜੀ ਸੀ, ਜੋ ਛਪੀ ਤਾਂ ਨਹੀਂ, ਪਰ ਗਾਂਧੀ ਨੇ ਉਸ ਦੀ ਸਿਫ਼ਤ ਕੀਤੀ ਸੀ । ਸਰਹਦੀ ਸੂਬੇ ਵਿਚ ਨੌਕਰੀ ਦੇ ਦੌਰਾਨ ਸਿਕੰਦਰ ਮਿਰਜ਼ਾ ਆਪ ਦਾ ਪੜੋਸੀ ਰਹਿ ਚੁਕਾ ਸੀ ਜੋ ਬਾਅਦ ਵਿਚ ਪਾਕਿਸਤਾਨ ਦਾ ਪ੍ਰਧਾਨ ਬਣਿਆ ।

ਪ੍ਰੀਤ ਨਗਰ ਵਸਿਆ ਤਾਂ ਉਥੇ ਚੰਗੇ ਚੰਗੇ ਟੀਚਰ ਰਖੇ ਗਏ ਜੋ ਬਾਅਦ ਵਿਚ 'ਚੜ੍ਹੇ-ਪੀੜ੍ਹੇ' ਅਫ਼ਸਰ ਤੇ ਨੀਤੀਵਾਨ ਬਣੇ, ਜਿਵੇਂ ਪ੍ਰਿੰਸੀਪਲ ਜਗਦੀਸ਼ ਸਿੰਘ, ਜਗਨ ਨਾਥ ਕੌਲ (ਜੇ. ਐਸ. ਕੌਲ), ਤਿਲਕ ਰਾਜ ਚੱਢਾ, ਪ੍ਰਕਾਸ਼ ਕੌਰ, ਸੀਤਾ ਜੀ ਆਦਿ । ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਉਪਿੰਦਰ ਨਾਥ ਅਸ਼ਕ, ਸਾਹਿਰ ਲੁਧਿਆਨਵੀ, ਦਰਸ਼ਨ ਸਿੰਘ ਅਵਾਰਾ, ਮੋਹਨ ਸਿੰਘ, ਸਹਿਰਾਈ

ਆਦਿ ਪ੍ਰੀਤ-ਮਿਲਣੀਆਂ ਉਤੇ ਨਜ਼ਮਾਂ ਪੜ੍ਹਦੇ ਰਹੇ ਹਨ। ਨਾਨਕ ਸਿੰਘ, ਸੋਭਾ ਸਿੰਘ ਪ੍ਰੀਤ ਨਗਰ ਆ ਕੇ ਵਸੇ। ਜਵਾਹਰਲਾਲ ਨਹਿਰੂ ਵੀ ਇਕ ਵੇਰ 1942 ਵਿਚ ਪ੍ਰੀਤ ਨਗਰ ਤਸ਼ਰੀਫ ਲਿਆਏ ਅਤੇ ਜੀ. ਬੀ. ਸਿੰਘ ਜਿਹੇ ਵਿਦਵਾਨ ਪ੍ਰੀਤ ਨਗਰ ਵੱਸਣ ਲਈ ਸਹਿਕਦੇ ਰਹੇ। ਅਜੈ ਘੋਸ਼ ਅਤੇ ਰੋਜ਼ਾ ਡਾਂਗੇ ਜਿਹੀਆਂ ਹਸਤੀਆਂ ਪ੍ਰੀਤ ਨਗਰ ਵਿਸ਼ਰਾਮ ਅਤੇ ਸਵਾਸਥ ਲਾਭ ਲਈ ਰਹਿੰਦੀਆਂ ਰਹੀਆਂ। ਭਾਈ ਕਾਹਨ ਸਿੰਘ ਨਾਭਾ ਅਤੇ ਨਾਮਧਾਰੀ ਗੁਰੂ ਪ੍ਰਤਾਪ ਸਿੰਘ, ਬਾਬਾ ਖੜਕ ਸਿੰਘ ਆਪ ਨੂੰ ਮਿਲਣ ਲਈ ਘਰ ਆ ਚੁਕੇ ਸਨ (ਪ੍ਰੀਤ ਲੜੀ ਦੇ ਸ਼ੁਰੂ ਦੇ ਦੌਰ ਵਿਚ)। ਗੁਰਬਖਸ਼ ਸਿੰਘ ਆਪ ਨਾਮਣਾ ਖਟਣ ਦੀ ਦੌੜ ਵਿਚ ਕਿਵੇਂ ਪਿਛਾਂਹ ਰਹਿ ਸਕਦਾ ਸੀ ?

1947 ਦੇ ਉਜਾੜੇ ਤੋਂ ਬਾਅਦ ਜਦ ਪ੍ਰੀਤ ਨਗਰ ਸੁੰਨਸਾਨ ਹੋ ਗਿਆ ਤਾਂ ਮਹਿੰਦਰ ਸਿੰਘ ਪਠਾਣੀਆਂ ਜਿਹਾ ਆਪ ਦਾ ਪ੍ਰਸ਼ੰਸਕ ਇਕ ਪਲਟਨ ਪ੍ਰੀਤ ਨਗਰ ਲੈ ਆਇਆ, ਜਿਸ ਨਾਲ ਆਪ ਦੀ ਤੇ ਪਰਵਾਰ ਦੀ ਸੁਰਖਿਆ ਹੋ ਗਈ। ਪ੍ਰੀਤ-ਨਗਰ ਤੋਂ ਦਿੱਲੀ ਪਹੁੰਚਣ ਲਈ ਪ੍ਰੈਸ ਅਤੇ ਅਮਲੇ ਫੈਲੇ ਵਾਸਤੇ ਖੋਸਲਾ ਜੀ ਨੇ ਵੈਗਨਾਂ ਦਾ ਪ੍ਰਬੰਧ ਕਰ ਦਿਤਾ ਅਤੇ ਬੇਦੀ 'ਸਹਿਰ' ਸਾਹਿਬ ਨੇ ਦਿੱਲੀ ਤੋਂ ਮਹਿਰੌਲੀ ਤਕ ਟਰੱਕਾਂ ਦਾ। (ਉਹਨਾਂ ਦਿਨਾਂ ਵਿਚ ਜਦ ਇਕ ਬੰਦੇ ਨੂੰ ਅਮਰਤਸਰੋਂ ਦਿੱਲੀ ਪੁਜਣ ਲਈ ਕਈ ਦਿਨ ਖਜੱਲ ਹੋਣਾ ਪੈਂਦਾ ਸੀ) ਰੰਧਾਵਾ ਜੀ ਨੇ ਆਪ ਨੂੰ ਮਹਿਰੌਲੀ ਬੜੀ ਵਧੀਆ ਖੁਲ੍ਹੀ ਥਾਂ ਲੈ ਦਿਤੀ। ਆਉਂਦੇ ਸਾਰ ਹੀ ਮਹਿਰੌਲੀ ਨਗਰ ਪਾਲਕਾ ਦਾ ਅਤੇ ਪਬਲਿਕ ਲਾਇਬਰੇਰੀ ਦਾ ਪ੍ਰਧਾਨ ਬਣਾ ਦਿਤਾ। ਕਮਿਸ਼ਨਰ ਰੰਧਾਵਾ ਅਤੇ ਹੋਰ ਚੜ੍ਹੇ-ਪੀੜ੍ਹੇ ਪ੍ਰੀਤ-ਸਨੇਹੀਆਂ ਦੇ ਕਾਰਨ ਆਪ ਆਵਾਰਾ, ਦਾਤਾ, ਸਹਿਰਾਈ, ਪ੍ਰੀਤਮ ਸਿੰਘ, ਨਰੰਗ ਸਿੰਘ ਆਦਿ ਨੂੰ ਆਪਣੇ ਸਟਾਫ ਵਿਚ ਰਖ ਸਕੇ। ਇਸ ਦੌਰਾਨ ਆਪ ਨੇ ਨੌਕਰਸ਼ਾਹੀ ਦੇ ਅਜਿਹੇ ਹੱਥ ਵੀ ਦੇਖੇ ਕਿ ਜਦ ਰੰਧਾਵਾ ਸਾਹਿਬ ਬਦਲ ਗਏ ਅਤੇ ਮੁੜ ਪ੍ਰੀਤ ਨਗਰ ਆਉਣਾ ਪਿਆ ਤਾਂ ਪੰਜਾਬ ਸਰਕਾਰ ਨੇ 'ਪ੍ਰੀਤ ਲੜੀ' ਉਰਦੂ ਤੇ ਪੰਜਾਬੀ ਅਤੇ 'ਬਾਲ-ਸੰਦੇਸ਼' ਪਾਸੋਂ ਇਕ ਇਕ ਹਜ਼ਾਰ ਰੁਪਏ ਦੀਆਂ ਜਮਾਨਤਾਂ ਮੰਗ ਲਈਆਂ। ਜਦ 1952 ਵਿਚ ਚੀਨ ਜਾਣਾ ਪਿਆ ਤਾਂ ਅਮਰਤਸਰ ਦਾ ਡੀ. ਸੀ. ਰਿਸ਼ਤੇਦਾਰ ਹੋਣ ਉਤੇ ਵੀ ਅਤੇ ਪੰਜਾਬ ਅਸੈਂਬਲੀ ਦੇ ਸਪੀਕਰ ਡਾ: ਸਤਿਆ ਪਾਲ ਦੀਆਂ ਕੋਸ਼ਸ਼ਾਂ ਨਾਲ ਵੀ ਪਾਸਪੋਰਟ ਨਾ ਬਣ ਸਕਿਆ ਅਤੇ ਇਸ ਲਈ ਆਖਰ ਪ੍ਰਧਾਨ-ਮੰਤਰੀ ਜਵਾਹਰਲਾਲ ਨਹਿਰੂ ਨੂੰ ਮਿਲਣਾ ਪਿਆ।

1946 ਤੋਂ 1952 ਤਕ ਤਾਂ ਗੁਰਬਖ਼ਸ਼ ਸਿੰਘ ਨੂੰ ਖੱਬੇ-ਪੱਖੀ ਹੋਣ ਦਾ ਕੁਝ ਸੇਕ ਲੱਗਾ ਸੀ। ਪਰ 1953 ਵਿਚ ਸਟਾਲਨ ਦੀ ਮੌਤ ਨਾਲ ਵਿਸ਼ਵ ਕਮਿਊਨਿਸਟ ਲਹਿਰ ਦੀ ਬਦਕਿਸਤੀ ਨੂੰ, ਰੂਸ ਵਿਚ ਅਜਿਹੀਆਂ ਤਬਦੀਲੀਆਂ ਆਉਣੀਆਂ ਸ਼ੁਰੂ ਹੋਈਆਂ ਜਿਸ ਦਾ ਵੱਖ ਵੱਖ ਦੇਸ਼ਾਂ ਦੀਆਂ ਪਾਰਟੀਆਂ ਵਿਚ ਵੱਖਰਾ ਵੱਖਰਾ ਪ੍ਰਤੀਕਰਨ ਹੋਇਆ। ਭਾਰਤੀ ਕਮਿਊਨਿਸਟ ਪਾਰਟੀ ਪਾਰਲੀਮਾਨੀ ਖੋਭੇ ਵਿਚ ਖੁਭਣੀ ਸ਼ੁਰੂ ਹੋ ਗਈ ਅਤੇ ਅਜ ਤਕ ਖੁਭਦੀ ਜਾ ਰਹੀ ਹੈ। ਇਸ ਤਰ੍ਹਾਂ ਕਮਿਊਨਿਸਟ ਲਹਿਰ ਦਾ ਜੋ ਦੌਰ ਭਾਰਤ ਵਿਚ 1953 ਤੋਂ ਸ਼ੁਰੂ ਹੋਇਆ ਉਹ ਸਰਦਾਰ ਗੁਰਬਖਸ਼ ਸਿੰਘ ਨੂੰ ਬੜਾ ਰਾਸ ਆਇਆ। 1962 ਵਿਚ ਪਾਰਟੀ ਦਾ ਦੁਫੇੜ ਸ਼ੁਰੂ ਹੋਣ ਬਾਅਦ ਉਹਨਾਂ ਲਈ ਹਾਲਤ ਹੋਰ ਵੀ ਸਾਜ਼ਗਾਰ ਹੋ ਗਈ। 'ਸ਼ਾਂਤਮਈ ਸਹਿ-ਹੋਂਦ,' 'ਸਮਾਜਵਾਦ ਵੱਲ ਜਾਂਦਾ ਪਾਰਲੀਮਾਨੀ ਜਨ-ਪਥ' ਅਮਨ ਲਹਿਰ ਦੀ 'ਮਿਲਬੇ ਕੀ ਮਹਿਮਾ' 'ਹਿੰਦ-ਰੂਸ ਮਿਤਰਤਾ'...ਜਾਣੋਂ ਸਵਰਗ ਦੇ ਬੂਹੇ ਖੁਲ੍ਹ ਗਏ !! ਕਮਿਊਨਿਸਟਾਂ ਦੇ ਹਮਦਰਦ ਸਾਹਿਤਕਾਰ ਵੀ ਬਹੁਤ ਕਰਕੇ ਏਸੇ ਵਹਿਣ ਵਿਚ ਵਹਿ ਤੁਰੇ। 'ਐਫ਼ਰੋ-ਏਸ਼ੀਅਨ ਲੇਖਕ ਮਿਲਣੀਆਂ', 'ਮਾਸਕੋ ਯਾਤਰਾ' ਅਤੇ 'ਸਮਾਜਵਾਦੀ' ਸਫਾਰਤਖਾਨਿਆਂ ਵਿਚ ਫਿੱਟ ਹੋਣ ਅਤੇ ਕਿਤਾਬਾਂ ਅਨੁਵਾਦਣ ਲਈ 'ਲੇਖਕ-ਨੁਮਾ ਕਾਡਰ' ਅਤੇ 'ਕਾਡਰ-ਨੁਮਾ ਲੇਖਕ'



ਲਿਹਾਜ਼ਦਾਰੀਆਂ, ਸਿਫਾਰਸ਼ਾਂ ਅਤੇ 'ਸਲਾਮੀ ਟੈਕਟਿਕਸ' ਲਭਣ ਤੇ ਅਪਨਾਉਣ ਲਗ ਪਏ। ਵੱਡੇ ਮੱਛ ਨਿਕਿਆਂ ਨੂੰ ਘੂਰਕਣ ਲੱਗੇ, ਨਿਕੇ ਹੋਰ ਨਿਕਿਆਂ ਨੂੰ। ਜੋ ਕੁਸਕਿਆ, ਉਹਨਾਂ ਵਿਚੋਂ ਕਿਸੇ ਨੂੰ ਗਾਜਰ ਦਿਖਾ ਦਿਤੀ ਗਈ ਤੇ ਕਿਸੇ ਨੂੰ ਗੁਰਜ।

ਸਾਹਿਤਕਾਰਾਂ ਵਿਚ ਵੀ ਕੁਝ ਲੇਖਕ 'ਚੜ੍ਹੇ-ਪੀੜ੍ਹੇ ਸਾਹਿਤਕਾਰ' ਹੋ ਗਏ, ਕੁਝ 'ਪੀੜ੍ਹੇ-ਚੜ੍ਹਦੇ ਸਾਹਿਤਕਾਰ', ਕੁਝ ਮੂਧੇ-ਮੂੰਹ, ਕੁਝ ਭੁੰਜੇ-ਲਥੇ ਅਥਵਾ ਅਨਗੌਲੇ ਸਾਹਿਤਕਾਰ। ਜਿਨ੍ਹਾਂ ਵਿਰੋਧ ਕੀਤਾ ਉਹਨਾਂ ਨੂੰ ਕੀਮਤ ਚੁਕਾਉਣੀ ਪਈ। ਚੌਕੀਆਂ ਭਰਨ, ਝੰਡੇ ਲਹਿਰਾਉਣ, ਬੂੰਗਿਆਂ ਉਤੇ ਹਾਜ਼ਰੀ ਦਾ ਮੁਲ ਪੈਣ ਲਗਾ. ਝੋਲੀ-ਚੁਕਾਂ ਦੀ ਜੈ ਜੈਕਾਰ ਹੋਣ ਲਗ ਪਈ। 'ਅੜੇ ਸੋ ਝੜੇ, ਸਰਨ ਪਰੇ ਸੋ ਤਰੇ' ਦਾ ਬੋਲ-ਬਾਲਾ ਹੋ ਗਿਆ। ਝੋਲਾ-ਬਰਦਾਰੀ ਦਾ ਸਿਲਾ ਫਰਮਾ-ਬਰਦਾਰੀ ਨਾਲੋਂ ਵੀ ਵਧ ਗਿਆ। ਕੋਈ ਹਠੀ ਆਲੋਚਕ ਚੁਪ ਹੋ ਗਿਆ, ਕਿਸੇ ਨੂੰ ਖੂੰਜੇ ਲਾ ਦਿਤਾ ਗਿਆ। ਨਵੇਂ ਫਰਮਾ-ਬਰਦਾਰਾਂ ਨੂੰ ਚੜ੍ਹੇ-ਪੀੜ੍ਹੇ ਸਮਾਲੋਚਕ ਬਣਾ ਦਿਤਾ ਗਿਆ। ਚੜ੍ਹੇ-ਪੀੜ੍ਹੇ ਸਮਾਲੋਚਕਾਂ ਨੇ ਸ਼ਰੋਮਣੀ ਸਾਹਿਤਕਾਰ ਨੂੰ 'ਮੁਕਤੀ-ਦਾਤਾ' ਦੇ ਨਾਮ ਨਾਲ ਯਾਦ ਕੀਤਾ। (ਇਕ ਅਜਿਹੀ ਉਪਾਧੀ ਜੋ ਅਜ ਤਕ ਕਿਸੇ ਯਸੂਹ ਜਾਂ ਬੁਧ, ਮਾਰਕਸ ਜਾਂ ਮਾਓ ਲਈ, ਗੁਰੂ ਨਾਨਕ ਜਾਂ ਗੋਰਕੀ ਜਿਹੇ ਵਡੇ ਵਡੇਰਿਆਂ ਲਈ ਰਾਖਵੀਂ ਹੁੰਦੀ ਸੀ)[4] ਜਦ ਸਾਹਿਤ-ਜਗਤ ਵਿਚ ਹਾਲਤ ਅਜਿਹੀ ਹੈ ਜਿਵੇਂ "ਬਾਬਰਵਾਣੀ ਫਿਰਿ ਗਈ ਕੋਇਰੁ ਨ ਰੋਟੀ ਖਾਇ", ਤਾਂ ਕਿਤੇ ਕਿਤੇ ਹੀ ਕੋਈ ਟਾਵਾਂ ਟਾਵਾਂ ਅਜਿਹਾ ਬੋਲ ਸੁਣਨ ਵਿਚ ਆਉਂਦਾ ਹੈ :

> ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨ ਸਮਾਲਸੀ ਬੋਲਾ।
> ਆ ਵਨਿ ਅਠਤਰੈ ਜਾਨ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।
>
> (ਆਦਿ ਗ੍ਰੰਥ : 722)

---

ਸੰਕੇਤ :

(1) ਮੰਜ਼ਲ ਦਿਸ ਪਈ, 1973, ਪੰਨਾ 220, (2) ਮੇਰੀ ਜੀਵਨ ਕਹਾਣੀ III 1978, ਪੰਨਾ 41; (3) ਪ੍ਰੀਤ ਲੜੀ, ਜੂਨ 1976, ਪੰਨਾ 13, (4) ਪ੍ਰੀਤ ਲੜੀ, ਜਨਵਰੀ 1978।

———

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3368 E, 27th AVE.,
VANCOUVER-16 (B.C.)
CANADA

Price : Rs. 1.50 per copy

Subscription :
Annual (India) : Rs. 15
U.K., U.S.A., Canada : £ 5 / $10 (By Air); £2.50 / $5 (By Sea)
(Pakistan) : Rs. 30
Life membership : Rs. 100 (India); £50 / $100 (By Air) : £ 25/ $50 (By Sea)

ਹਰਚਰਨ ਸਿੰਘ ਸੋਬਤੀ

## ਇਸ਼ਕ ਨਾ ਏਡ ਆਸਾਨ

ਬਾਰ੍ਹਾਂ ਵਰ੍ਹਿਆਂ ਦੀ ਸਰੋਜ ਵਿਆਹੀ ਗਈ। ਦੋ ਵਰ੍ਹਿਆਂ ਤੋਂ ਵੀ ਪਹਿਲਾਂ ਵਿਧਵਾ। ਬਾਲ-ਵਿਧਵਾ ! 'ਕਰਮਾਂ' ਮਾਰੀ !! ਲੋਕੀਂ ਇਹੀ ਕਹਿੰਦੇ (ਪੰਨਾ 50) ਪਿਉ ਦੇ ਬੂਹੇ 'ਤੇ ਬੈਠੀ, 'ਅਭਾਗਣ' ਖ਼ਿਆਲ ਕਰਦੀ ਸੋਚਦੀ, ਪਿਆਰ ਉਹਦੇ ਲਈ 'ਵਰਜਿਤ' ! ਕਦੀ ਸਰੋਜ ਨੂੰ ਇਉਂ ਲਗਦਾ ਕਿ ਉਹ ਅਜਿਹਾ ਫੁਲ ਹੈ ਜਿਨ੍ਹੂੰ 'ਖਿੜਨ ਦਾ ਮੌਕਾ ਨਹੀਂ ਮਿਲੇਗਾ।' ਮਹਿਕ ਦੀ ਉਹਨੂੰ ਕੀ ਸਾਰ !' (45) ਜਿਨ੍ਹਾਂ ਨਾਲ ਵਾਹ ਪਿਆ, ਉਹ ਵੀ ਗਏ ਗੁਜ਼ਰੇ। ਸਰੋਜ ਦਾ ਪਿਉ 'ਨਵੀਂ ਰੋਸ਼ਨੀ' ਦਾ ਹੈ। ਪਰ, ਵਿਧਵਾ-ਵਿਆਹ ! ਨਹੀਂ, ਇਹਦੀ 'ਜੁਰਅਤ' ਉਹ ਕਿਵੇਂ ਕਰ ਸਕਦੈ—(51)। ਸਰੋਜ ਕੁਲਦੀਪ ਨਾਲ, ਉਹਦੇ ਚਾਹੁਣ 'ਤੇ, ਵਿਆਹ ਕਰਵਾਉਣ ਲਈ ਰਜ਼ਾਮੰਦ ਏ, ਜੇ 'ਸਮਾਜ ਤੇ ਪਿਤਾ' ਦੀ ਰਜ਼ਾਮੰਦੀ ਹੋਵੇ। ਕੁਲਦੀਪ ਦੇ ਮਾਪਿਆਂ ਲਈ, ਵਿਧਵਾ ਨਾਂ ਸੁਣਨਾ ਹੀ ਬਦਸ਼ਗਨੀ ਸੀ (93) ਸਰੋਜ ਮੁੜ ਉਥੇ ਦੀ ਉਥੇ। ਫਿਰ ਸਰੋਜ ਨੇ, 'ਕੁਝ ਵੀ ਕਿਉਂ ਨਾ ਹੋਵੇ,' ਵਰਿਆਮ ਸਿੰਘ ਨਾਲ ਵਿਆਹ ਕਰਵਾਉਣ ਦਾ 'ਅਟੁਟ ਫ਼ੈਸਲਾ' ਕਰ ਲਿਆ (173) ਸਰੋਜ ਦਾ ਪਿਉ ਵੀ ਹੁਣ ਰਜ਼ਾਮੰਦ ਹੈ। ਉਹ 'ਆਪਣੇ ਖ਼ਿਆਲਾਂ ਜਾਂ ਬਰਾਦਰੀ ਉਤੋਂ ਆਪਣੀ ਬੱਚੀ ਦੀ ਜ਼ਿੰਦਗੀ ਨੂੰ ਕੁਰਬਾਨ ਨਹੀਂ ਕਰ ਸਕਦਾ। ਹੁਣ ਤਕ ਉਹ ਪੁਰਾਣੇ ਵਿਚਾਰਾਂ ਵਿਚ ਬੱਝਾ ਰਿਹਾ ਹੈ, ਪਰ ਹੁਣ ਨਹੀਂ ਬੱਝਾ ਰਹਿ ਸਕਦਾ' (212)। ਅਸਲੀਅਤ ਇਹ ਹੈ ਕਿ ਸਰੋਜ ਦੇ ਪਿਉ ਨੂੰ ਆਪਣੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਉਹਦੇ ਮਗਰੋਂ ਸਰੋਜ ਨੂੰ ਕਿਦ੍ਹਾ ਆਸਰਾ ? ਸਰੋਜ ਨੂੰ ਸਹਾਰਾ ਚਾਹੀਦੈ। ਹਰ ਔਰਤ ਨੂੰ ਕਿਸੀ ਨਾ ਕਿਸੀ ਦਾ ਸਹਾਰਾ ਚਾਹੀਦੈ। ਪਰ, ਨਾਵਲਕਾਰ ਦੀ ਕੁਝ ਹੋਰ ਹੀ ਤਮੰਨਾ ਹੈ। 'ਵਿਧਾਤਾ' ਨੂੰ ਕੁਝ ਹੋਰ ਹੀ ਮਨਜ਼ੂਰ ਹੈ।

'ਸੰਜੋਗ' ਡਾਹਡੇ ਜ਼ੋਰਾਵਰ ! ਧੀਆਂ ਆਲੇ ਅਕਸਰ ਇਹੀ ਕਹਿੰਦੇ ਸੁਣੀਂਦੇ ਨੇ। ਧੀਆਂ ਦੀ ਤਾਂ ਕਿਸਮਤ ਹੀ ਚੰਗੀ ਹੋਣੀ ਚਾਹੀਦੀ ਏ। ਇਹ ਵੀ ਸੋਚਣ ਦਾ ਇਕ ਤਰੀਕਾ ਹੈ। ਸੋਚ ਦੀਆਂ ਜੜ੍ਹਾਂ ਰਹਿਣੀ-ਬਹਿਣੀ 'ਚ ਹੀ ਹੁੰਦੀਆਂ ਨੇ। 'ਵਡੇ' ਹੀ ਕੁਲ ਰਹਿਣੀ-ਬਹਿਣੀ ਨੂੰ ਨਿਰਧਾਰਿਤ ਕਰਦੇ ਆਏ ਨੇ। 'ਵਡੇ' ਇਸ ਲਈ ਕਿ ਉਨ੍ਹਾਂ ਦੇ ਪੱਲੇ ਦਾਣੇ ਨੇ, ਦਾਣੇ ਵਾਲਿਆਂ ਦੇ ਤਾਂ ਕਮਲੇ ਵੀ ਸਿਆਣੇ ਸੁਣੀਂਦੇ ਨੇ। ਦਾਣੇ 'ਵਡਿਆਂ' ਪਾਸ ਹੀ ਰਹਿਣ, ਇਸੀ ਗ਼ਰਜ਼ 'ਚੋਂ ਹਿਕਮਤਾਂ ਉਸਾਰੀਆਂ ਜਾਂਦੀਆਂ ਨੇ। ਇਹ ਹਿਕਮਤਾਂ ਸਮਾਜ ਦੇ ਪਰਉਸਾਰ ਦਾ ਸ਼ਿੰਗਾਰ ਬਣਦੀਆਂ ਉਹਨੂੰ, ਹਰ ਹੀਲੇ, ਸਦਾ ਹੀ ਸਚਿਆਉਂਦੀਆਂ ਨੇ। ਇਹੀ 'ਸੱਚ' ਕੁਲ ਆਲਮ ਦੀ ਰਹਿਣੀ-ਬਹਿਣੀ ਦਾ ਈਮਾਨ ਬਣ ਕੇ ਲੋਕਾਂ ਦੇ ਮਨਾਂ 'ਚ ਘਰ ਕਰਦੇ। ਉਨ੍ਹਾਂ ਨੂੰ 'ਸਿਧੇ ਰਾਹੇ' ਤੋਰੀ ਰਖਦੈ। ਇਸ 'ਸੱਚ' ਦੇ 'ਸਿਧ-ਪੁਠ' ਨੂੰ ਪਛਾਣੇ ਬਿਨਾਂ ਲੋਕਾਈ ਦੀ ਨਿਜ਼ਾਤ ਨਹੀਂ। ਇਹ ਵੀ ਇਕ ਸੱਚ ਹੈ ਜਿਦ੍ਹੀ ਲੋਕਾਈ ਦੇ ਮਹਿਰਮਾਂ—ਇਨਕਲਾਬੀਆਂ—ਨੂੰ ਡਾਹਡੀ ਸਾਰ ਹੁੰਦੀ ਹੈ।

ਵਿਧਵਾ-ਪਨ ਵੀ ਇਕ ਸੰਸਥਾ ਹੈ। ਸਮਾਜਕ ਰਿਸ਼ਤਿਆਂ ਦੇ ਹੀ ਅਨੁਸਾਰੀ ਇਨ੍ਹਾਂ ਰਿਸ਼ਤਿਆਂ ਨੂੰ ਪ੍ਰਤਿਸ਼ਠਾ ਪ੍ਰਦਾਨ ਕਰਨਾ ਤੇ ਇਉਂ ਇਹਨਾਂ ਦੀ ਉਮਰ ਲੰਮੀ ਕਰਨਾ, ਇਹਨਾਂ ਸੰਸਥਾਵਾਂ ਦੇ ਜ਼ਿੰਮੇ ਹੁੰਦਾ ਹੈ। ਦੂਰੋਂ ਵੇਖਿਆਂ, ਵਿਧਵਾਪਣਾ, ਵਿਆਹ ਦੀ ਸੰਸਥਾ ਦਾ ਹੀ ਇਕ ਅੰਗ ਪ੍ਰਤੀਤ ਹੁੰਦਾ ਹੈ। ਨੇੜਿਉਂ ਵੇਖਿਆਂ ਇਸ ਦੀ ਅਸਲੀਅਤ ਕੁਝ ਹੋਰ ਹੀ ਨਜ਼ਰੀਂ ਪੈਂਦੀ ਹੈ। ਇਕ



ਕਦਆਵਰ ਦੈਂਤ ਸਾਹਮਣੇ ਖੜਾ ਦਿਖਾਈ ਦੇਂਦਾ ਹੈ, ਜਿੰਨ੍ਹ ਸਭਯ ਭਾਸ਼ਾ ਵਿਚ ਨਿਜ਼ਾਮ (ਫ਼ੀਊਡਲ) ਦਸ ਕੇ ਇਹਦੀਆਂ ਖ਼ੂਬੀਆਂ/ਖ਼ਾਮੀਆਂ ਗਿਣੀਆਂ/ਗਿਣਵਾਈਆਂ ਜਾਂਦੀਆਂ ਹਨ। ਇਸ (ਫ਼ੀਊਡਲ) ਨਿਜ਼ਾਮ ਦੀ ਉਸਾਰੀ, (ਹੋਰ ਜਮਾਤੀ ਨਿਜ਼ਾਮਾਂ ਵਾਂਗ ਹੀ) ਜਾਇਦਾਦ ਦੀ ਨਿੱਜੀ ਮਾਲਕੀ ਦੀ ਨੀਂਹ ਉਪਰ ਕੀਤੀ ਗਈ ਹੈ। ਫ਼ੀਊਡਲ ਨਿਜ਼ਾਮ ਜ਼ਮੀਨ ਦੀ ਨਿੱਜੀ ਮਾਲਕੀ ਦੀ ਨੀਂਹ ਉਪਰ ਉਸਰਿਆ। ਇਸੀ ਨੀਂਹ ਨੇ ਸਮਾਜਕ ਸੰਸਥਾਵਾਂ ਦੇ ਚਾਲ-ਚਲਨ ਵਿਚ ਜ਼ਾਹਿਰ ਹੋਣਾ ਹੁੰਦਾ ਹੈ। ਵਿਆਹ ਦੀ ਅਜਿਹੀ Monogamous ਸੰਸਥਾ ਦੇ ਤਹਿਤ ਤੀਵੀਂ, ਜ਼ਮੀਨ ਵਾਂਗ ਹੀ, ਇਕੋ ਮਰਦ ਦੀ ਅਜਿਹੀ ਜਾਇਦਾਦ ਹੈ ਜਿਸ ਉਪਰ ਉਹਦਾ ਨਿੱਜੀ ਅਧਿਕਾਰ ਹੁੰਦਾ ਹੈ। ਵਿਧਵਾ-ਪਨ ਦੀ ਸੰਸਥਾ ਦੇ ਤਹਿਤ ਮਰਦ ਦੇ ਮਰਨ ਪਿਛੋਂ ਵੀ ਤੀਵੀਂ ਆਪਣੇ ਮਰਦ ਦੀ ਨਿੱਜੀ ਜਾਇਦਾਦ ਹੀ ਰਹਿੰਦੀ ਹੈ। ਇਕ ਗੱਲੋਂ ਤੀਵੀਂ ਜ਼ਮੀਨ ਨਾਲੋਂ ਵੀ ਗਈ ਗੁਜ਼ਰੀ ਹੈ। ਜ਼ਮੀਨ ਦੀ ਮਾਲਕੀ ਵਿਚ ਤਬਦੀਲੀ ਮੁਮਕਿਨ ਹੈ। ਤੀਵੀਂ ਦੇ ਪ੍ਰਸੰਗ ਵਿਚ ਅਜਿਹੀ ਕਲਪਨਾ ਨੂੰ ਏਨੀਂ ਖੁਲ੍ਹ ਨਹੀਂ। ਬਸ, ਇਕ ਵਾਰ ਜਿਦ੍ਹੇ ਨਾਲ ਨਰੜੀ ਗਈ, ਜਨਮ-ਜਨਮਾਤਰਾਂ ਤੀਕ, ਉਸੇ ਦੀ ਜ਼ਰ-ਖ਼ਰੀਦ ਬਣ ਕੇ ਰਹਿ ਗਈ।

ਜਾਤ-ਪਾਤ ਦੀ ਸੰਸਥਾ ਦੀ ਮਿਸਾਲ ਲਿਆਂ ਗਲ ਵਧੇਰੇ ਸਮਝ ਪੈ ਸਕਦੀ ਹੈ। ਜਾਤ-ਪਾਤ ਦੀ ਸੰਸਥਾ ਦੀ ਬੁਨਿਆਦ ਹੈ—ਜਨਮ। ਜਿਸ ਵੀ ਜਾਤ ਵਿਚ ਇਕ ਵਾਰ ਜਨਮ ਹੋ ਗਿਆ, ਹੋ ਗਿਆ, ਜੀਊਂਦਿਆਂ ਜੀ ਇਸ ਮਕੜੀ-ਜਾਲ 'ਚੋਂ ਨਿਜਾਤ ਮੁਮਕਿਨ ਨਹੀਂ। ਜਾਤ ਤੇ ਜਮਾਤ ਵਿਚ ਇਹੀ ਫ਼ਰਕ ਹੈ ਕਿ ਜਮਾਤ ਬਦਲੀ ਜਾ ਸਕਦੀ ਹੈ, (ਚੇਤਨਾ ਦੇ ਬਦਲਣ ਦੀ ਲੋੜ ਹੈ) ਪਰ, ਜਾਤ ? ਨਹੀਂ, ਇਸ ਨੂੰ ਬਦਲਣ ਦੀ ਕੋਈ ਸੂਰਤ ਨਹੀਂ। ਇਹ ਜਨਮ ਉਪਰ ਆਧਾਰਿਤ ਹੈ। ਇਉਂ ਹੀ ਜਿਸ ਮਰਦ ਨਾਲ ਤੀਵੀਂ ਨੇ ਇਕ ਵਾਰ ਫੇਰੇ ਲੈ ਲਏ, ਲੈ ਲਏ, ਉਸ ਤੋਂ ਛੁਟਕਾਰਾ ਸੰਭਵ ਨਹੀਂ। ਔਰਤ ਨੂੰ ਮਰਦ ਦੇ ਮਤੀਹ ਰਖਣ, ਉਹਦੀ ਰੰਨ, ਉਹਦੀ ਗੋਲੀ, ਉਹਦੀ ਬਾਂਦੀ ਬਣਾਏ ਰਖਣ ਹਿੱਤ ਹੀ ਅਜਿਹੀਆਂ ਚਾਲਾਂ ਚਲੀਆਂ ਜਾਂਦੀਆਂ ਰਹੀਆਂ। ਸਿਆਣਿਆਂ ਨੇ ਇਸੀ ਲਈ ਔਰਤ ਨੂੰ ਦੂਹਰੀ ਗ਼ੁਲਾਮ ਦਸਿਆ ਹੈ। ਉਹ ਮਰਦ ਦੀ ਹੀ ਗ਼ੁਲਾਮ ਨਹੀਂ, ਨਿਜ਼ਾਮ ਦੀ ਵੀ ਹੈ। ਆਜ਼ਾਦ ਔਰਤ ਦੂਹਰੀ ਗ਼ੁਲਾਮੀ ਨੂੰ ਖ਼ੈਰਬਾਦ ਕਹਿੰਦੀ ਹੈ।

ਸਰੋਜ ਦੀ ਹਯਾਤੀ ਦਾ ਇਕ ਹੋਰ ਪਹਿਲੂ ਵੀ ਹੈ। "ਨਿੱਕੇ ਹੁੰਦਿਆਂ ਦੋਵੇਂ (ਕੁਲਦੀਪ ਤੇ ਸਰੋਜ) 'ਕੱਠੇ ਖੇਡੇ ਤੇ 'ਕੱਠੇ ਈ ਪੜ੍ਹੇ ਸਨ'—(43) ਦੋਹਾਂ ਵਿਚਲੀ ਇਸ 'ਮੁਢਲੀ ਸਾਂਝ' ਦਾ ਸਰੋਜ ਨੂੰ ਗਹਿਰਾ ਅਹਿਸਾਸ ਵੀ ਹੈ—(45) 'ਵਿਧਵਾਪਣ' ਦੀ ਉਕਰੀ ਹੋਈ ਰੇਖ' ਨੇ ਸਰੋਜ ਨੂੰ ਇਹ ਯਕੀਨ ਕਰਵਾ ਦਿਤਾ ਸੀ ਕਿ ਵਿਆਹ ਨਾਂ ਦੀ ਚੀਜ਼ ਉਸ ਲਈ ਨਹੀਂ ਬਣਾਈ ਗਈ। ਇਸ ਲਈ ਤਾਂ ਉਹਦਾ 'ਆਲਾ ਭੋਲਾ ਮਨ ਕੁਲਦੀਪ ਵਲ ਵਧਿਆ ਸੀ ਸਿਰਫ਼ ਪਿਆਰ ਦੀ ਆਸ ਤੇ'—(92)। ਇਕ ਸਮੇਂ ਕੁਲਦੀਪ ਨੇ ਸਰੋਜ ਨੂੰ ਸਾਥਣ ਬਣਾਨ ਦੀ ਮੰਗ ਵੀ ਪੇਸ਼ ਕੀਤੀ ਸੀ—(93)। ਕੁਲਦੀਪ ਦੇ ਮਾਪਿਆਂ ਨੂੰ ਤਾਂ ਇਹ ਰਿਸ਼ਤਾ ਸਰੋਜ ਦੇ ਵਿਧਵਾ ਹੋਣ ਕਰਕੇ ਮਨਜ਼ੂਰ ਹੀ ਨਹੀਂ ਸੀ। 'ਉਨ੍ਹਾਂ ਨੇ ਕੁਲਦੀਪ ਲਈ ਇਕ ਰਿਸ਼ਤਾ ਢੂੰਡਿਆ। ਕੁਲਦੀਪ ਨੇ ਪਹਿਲਾਂ ਤਾਂ ਨਾਂਹ ਨੁਕਰ ਕੀਤੀ। ਪਰ ਜਿਉਂ ਹੀ ਉਹਨੂੰ ਸਤਵੰਤ ਦੀ ਫ਼ੋਟੋ ਵਿਖਾਈ ਗਈ ਉਹ ਰਜ਼ਾਮੰਦ ਹੋ ਗਿਆ।.. ਸ਼ਾਇਦ ਇਸ ਮਨਜ਼ੂਰੀ ਦਾ ਕਾਰਨ ਇਹ ਸੀ ਕਿ ਸਤਵੰਤ ਦਾ ਰੰਗ ਗੋਰਾ ਸੀ, ਪਰ ਸਰੋਜ ਦਾ ਉਤਨਾ ਨਹੀਂ'—(93)। ਸਰੋਜ ਦਾ ਰੰਗ 'ਕਣਕ ਵੰਨਾ' ਹੈ—(50) ਨਾਲੇ ਸਤਵੰਤ 'ਸੁਹੱਪਣ ਦੇ ਲਿਹਾਜ਼ ਨਾਲ ਸਰੋਜ ਤੋਂ ਵਧ ਚੜ੍ਹ ਕੇ ਸੀ;'—(93)। ਗੋਇਆ, ਸਰੋਜ ਕੁਲਦੀਪ ਨੂੰ

win over ਨਾ ਕਰ ਸਕੀ। ਸਰੋਜ ਦਾ ਰੰਗ ਜੁ 'ਕਣਕ ਵੰਨਾ' ਸੀ। ਕੁਲਦੀਪ ਨੂੰ win over ਕਰਨ ਲਈ ਰੰਗ ਗੋਰਾ ਚਾਹੀਦਾ ਸੀ।

ਸੱਤਈ ਦ੍ਰਿਸ਼ਟੀ ਤੋਂ ਵੇਖਿਆਂ ਇਹ ਗੱਲ ਮਾਮੂਲੀ ਲਗਦੀ ਹੈ, ਪਰ ਹੈ ਬਹੁਤ ਹੀ ਗੰਭੀਰ। ਇਸ 'ਮਾਮੂਲੀ ਗੱਲ' ਤੋਂ ਹੀ ਸਮਾਜ ਵਿਚ ਔਰਤ ਦੀ ਦਸ਼ਾ ਦਾ ਭੇਦ ਖੁਲ੍ਹਦਾ ਹੈ। ਮਰਦ ਨੂੰ ਔਰਤ ਨੇ win over ਕਰਨਾ ਹੈ। ਔਰਤ ਮਰਦ ਨੂੰ ਭਾਏ, ਭਾਏ; ਨਾ ਭਾਏ ਨਾ ਭਾਏ। ਇਸੀ ਲਈ ਤਾਂ 'ਸਿਆਣਿਆਂ' ਨੇ ਕਿਹਾ ਹੈ, 'ਸੋਈ ਰਾਣੀ ਜੋ ਖਸਮੇ ਭਾਣੀ।' ਔਰਤ ਦੇ ਗਲੇ ਵਿਚ ਗ਼ੁਲਾਮੀ ਦਾ ਪਿਆ ਤੌਕ ਸਾਫ਼ ਦਿਖਾਈ ਦੇਂਦਾ ਹੈ। ਕੁਲਦੀਪ ਦੀ ਤਬੀਅਤ ਤੋਂ ਪਤਾ ਲਗਦਾ ਹੈ ਕਿ ਉਹਦੀ ਤਰਬੀਅਤ ਅਜਿਹੇ ਮਾਹੌਲ 'ਚ ਹੋਈ ਹੈ ਜਿਸ ਵਿਚ ਔਰਤ ਨੂੰ ਮੁਕੰਮਲ ਇਨਸਾਨ ਤਸੱਵਰ ਕਰਨਾ ਕੁਫ਼ਰ ਤੋਂ ਘਟ ਨਹੀਂ। ਇਸ ਮਾਹੌਲ ਨੂੰ ਪੈਦਾ ਕਰਨ ਵਾਲੇ, ਇਸ ਦੇ ਰਖਵਾਲੇ ਕੌਣ ਹਨ? ਜ਼ਾਹਿਰ ਹੈ, ਜਿੰਨਾ ਨੂੰ ਇਹ ਪੁਗਦਾ ਹੈ। ਕਿੰਨ੍ਹਾਂ ਨੂੰ ਪੁਗਦਾ ਹੈ? ਜਿਹੜੇ ਔਰਤ ਜ਼ਾਤ ਨੂੰ—ਅਧੀ ਲੋਕਾਈ ਨੂੰ—ਗ਼ੁਲਾਮ ਬਣਾਏ ਰਖਣ ਦੇ ਮਨਸੂਬੇ ਬਣਾਦੇ ਰਹਿੰਦੇ ਹਨ। ਜਿੰਨਾਂ ਨੂੰ ਔਰਤ ਇਨਸਾਨ ਨਜ਼ਰ ਨਹੀਂ ਆਉਂਦੀ। ਜਿਹੜੇ ਆਪ ਗ਼ੁਲਾਮ ਹਨ—ਪੈਸੇ ਦੀ ਸਭਿਅਤਾ ਦੇ ਗ਼ੁਲਾਮ। ਇਸੀ ਲਈ ਇਹ ਇਨਸਾਨ ਤੋਂ ਖ਼ੌਫ਼ ਖਾਂਦੇ ਹਨ। ਗ਼ੁਲਾਮਾ ਦੀ ਇਨਸਾਨ ਨਾਲ ਕਿਵੇਂ ਬਣ ਸਕਦੀ ਹੈ? ਪੈਸੇ ਨੇ ਗ਼ੁਲਾਮਾਂ ਉਪਰ ਕਾਠੀ ਪਾਈ ਹੋਈ ਹੈ; ਇਨਸਾਨ ਨੇ ਪੈਸੇ ਉਪਰ। ਜੀਉਂਦੇ ਰਹਿਣ ਲਈ, ਗ਼ੁਲਾਮਾਂ ਪਾਸ, ਆਪਣੀ ਬਰਾਦਰੀ ਵਿਚ ਵਾਧਾ ਕਰਦੇ ਰਹਿਣ ਤੋਂ ਸਿਵਾ ਕੋਈ ਚਾਰਾ ਨਹੀਂ। ਕੁਲਦੀਪ ਸਰੋਜ ਨੂੰ ਇਨਸਾਨ ਤਾਂ ਸਮਝੇ ਜੇ ਉਹ ਆਪ ਇਨਸਾਨੀਅਤ ਦੇ ਪੈਂਤੜੇ 'ਤੇ ਖਲੋਤਾ ਹੋਵੇ, ਚਮ ਤੋਂ ਅਗੇ ਤਾਂ ਉਹਦੀ ਰਸਾਈ ਨਹੀਂ। ਕੁਲਦੀਪ ਦੀ ਤਬੀਅਤ/ਤਰਬੀਅਤ ਦੀ ਪੁਸ਼ਟੀ ਪ੍ਰਕਾਸ਼ਵਤੀ ਦੇ ਉਸ ਉਪਰ ਚਲ ਗਏ ਜਾਦੂ ਤੋਂ ਵੀ ਹੋ ਜਾਂਦੀ ਹੈ। ਪ੍ਰਕਾਸ਼ ਦਾ 'ਰੰਗ ਗੋਰਾ' ਤੇ 'ਨਕਸ਼ਾਂ ਵਿਚ ਖਿੱਚ ਸੀ।'...ਉਸ ਦੀਆਂ ਅੱਖਾਂ ਵਿਚ ਉਹ ਮਾਂਦਕਤਾ-ਭਰੀ ਖਿੱਚ ਸੀ ਜਿਹੜੀ ਸੂਰਜ ਦੀ ਤਪਦੀ ਕਿਰਨ ਵਾਂਗ ਕਿਸੇ ਵੀ ਨੌਜਵਾਨ ਦੇ ਹਿਰਦੇ ਵਿਚੋਂ ਸ਼ਾਂਤੀ ਤੇ ਸਥਿਰਤਾ ਨੂੰ ਪੰਘਾਰ ਕੇ ਵਾਸ਼ਨਾ ਦੇ ਸੱਚੇ ਵਿਚ ਢਾਲ ਦੇਵੇ! ਉਸ ਦਾ ਹਰ ਅੰਗ ਭੜਕੀਲਾ ਤੇ ਚੰਚਲ ਜਾਪਦਾ ਸੀ। ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ ਉਸ ਦੀ ਤੱਕਣੀ, ਜਿਸ ਨੇ ਕੁਲਦੀਪ ਦੇ ਹਿਰਦੇ ਉਤੇ ਪਹਿਲਾ ਅਸਰ ਕੀਤਾ'—(ਪੰਨਾ 104)। ਪ੍ਰਕਾਸ਼ ਦਾ ਪਿੱਛਾ ਦਸਦਾ ਹੈ ਕਿ ਉਹ 'ਬਾਜ਼ਾਰੀ ਔਰਤ ਸੀ''—(118)। 'ਸ਼ਿਕਾਰ-ਵਿਦਿਆ ਵਿਚ ਨਿਪੁੰਨ' (ਪੰਨਾ 122)। ਮਰਦਾਂ ਨੂੰ ਫਾਹੁਣਾ ਤਾਂ ਇਹਨਾਂ ਦਾ ਪੇਸ਼ਾ ਹੋਇਆ। ਇਹੀ ਤਾਂ ਇਹਨਾਂ ਦੀ ਕਾਮਯਾਬੀ ਦਾ ਰਾਜ਼ ਹੋਇਆ।

ਘਰੇਲੂ ਔਰਤ ਨੂੰ ਵੀ ਆਪਣੇ ਮਰਦ ਨੂੰ ਜਿੱਤਣ ਲਈ ਬਾਜ਼ਾਰੀ ਔਰਤ ਦੇ ਚੋਜ ਕਰਨੇ ਪੈਂਦੇ ਹਨ। 'ਕਾਮਯਾਬ' ਹੋਣ ਲਈ ਇਸ ਵਿਦਿਆ ਵਿਚ ਨਿਪੁੰਨ ਹੋਣਾ ਜ਼ਰੂਰੀ ਹੈ। ਮਰਦਾਂ ਦੀ ਔਰਤ ਦੇ 'ਬਾਜ਼ਾਰੀ ਰੂਪ' ਦੀ ਲੋਚਾ ਵਿਚ ਮਰਦ ਦੇ ਔਰਤ ਬਾਰੇ ਨਜ਼ਰੀਏ ਦਾ ਸਹੀ ਇਲਮ ਹੋ ਜਾਂਦਾ ਹੈ। ਔਰਤ ਨੇ ਮਰਦ ਨੂੰ 'ਖ਼ੁਸ਼' ਕਰਨਾ ਹੈ। ਔਰਤ ਦੀ ਇੰਨੀ ਹੀ ਵੁਕੱਤ ਹੈ। ਉਸ ਦੀ ਇਹੀ ਔਕਾਤ ਹੈ। ਉਹ ਇਕ 'ਬਾਂਦੀ' ਹੈ। 'ਮਰਦ ਨੂੰ ਰੀਝਾਣਾ' ਉਹਦਾ ਇਕੋ ਇਕ 'ਧਰਮ' ਹੈ। ਕੁਲਦੀਪ, ਉਪਰੋਕਤ ਨਜ਼ਰੀਏ ਦਾ ਹੀ 'ਸ਼ਾਹਸਵਾਰ' ਪ੍ਰਤੀਤ ਹੁੰਦਾ ਹੈ। ਆਪਣੀ ਅਜਿਹੀ ਖ਼ਸਲਤ ਦੇ ਬਾਵਜੂਦ ਕੁਲਦੀਪ ਪ੍ਰਕਾਸ਼ ਬਾਰੇ ਸੋਚਦਾ ਇਹ ਹੈ ਕਿ 'ਅੱਜ ਇਕ ਨੌਕਰਾਣੀ ਦੀਆਂ ਸੋਚਾਂ ਮੇਰੇ ਦਿਲ ਨੂੰ ਮੱਲੀ ਬੈਠੀਆਂ ਨੇ!' (ਪੰਨਾ 109)। ਕੁਲਦੀਪ ਦੀ ਨਜ਼ਰ ਵਿਚ ਪ੍ਰਕਾਸ਼ ਹੈ ਨੌਕਰਾਣੀ ਹੀ। ਇਹ ਹੈ ਸਰੋਜ ਦੇ ਦਿਲ ਦਾ ਮਹਿਬੂਬ! ਉਹਦੇ ਦਿਲ ਦਾ ਪਾਤਸ਼ਾਹ!! ਪਿਆਰ ਦੇ ਦੁਵੱਲੀ ਰਿਸ਼ਤੇ ਦੀ ਇਕ ਜੁਜ਼।



ਸਰੋਜ ਦੇ 'ਮਹਿਬੂਬ' ਦੀ ਪਛਾਣ ਮਗਰੋਂ ਸਰੋਜ ਨੂੰ ਜਾਣਨਾ ਵੀ ਬਣਦਾ ਹੈ। ਕੁਲਦੀਪ ਨੇ ਜਦੋਂ ਕਿਸੀ ਹੋਰ (ਸਤਵੰਤ ਨਾਲ) ਨਾਲ ਆਪਣਾ ਵਿਆਹ ਕਰਾਉਣ ਬਾਰੇ ਲਿਖਿਆ ਸੀ ਤਾਂ ਸਰੋਜ ਨੇ ਇਨਾਂ ਹੀ ਲਿਖ ਭੇਜਿਆ ਸੀ, 'ਤੁਸੀਂ ਜੰਮ ਜੰਮ ਵਿਆਹ ਕਰਾਓ, ਘਰ ਵਸਾਓ...। ਮੇਰੇ ਜੀਵਨ ਦੀ ਪੂੰਜੀ ਮੇਰੇ ਕੋਲ ਹੈ ਤੇ ਸਦਾ ਲਈ ਕੋਲ ਹੀ ਰਹੇਗੀ—ਤੁਹਾਡਾ ਅਤੁੱਟ ਪਿਆਰ... ਮੈਂ ਏਸੇ ਪੂੰਜੀ ਦੇ ਆਸਰੇ ਆਪਣਾ ਜੀਵਨ ਬਤੀਤ ਕਰਾਂਗੀ'—(ਪੰਨਾ 45)। ਸਰੋਜ 'ਇੰਨੇ ਨਾਲ ਹੀ ਸੰਤੁਸ਼ਟ ਸੀ ਜੇ ਕੁਲਦੀਪ ਨਾਲ ਉਸ ਦੇ ਪਿਆਰ ਦਾ ਰਿਸ਼ਤਾ ਕਾਇਮ ਰਹੇ' (ਪੰਨਾ 93)। ਸਰੋਜ ਨੇ 'ਪਹਿਲਾਂ ਵਾਂਗ ਹੀ ਇਹ ਸਬੰਧ ਜਾਰੀ ਰਖਣਾ ਚਾਹਿਆ'—(ਪੰਨਾ 93)। ਸਰੋਜ ਆਪਣੇ ਮਹਿਬੂਬ ਕੁਲਦੀਪ ਨੂੰ ਕਿਸੀ ਹੋਰ ਨਾਲ 'ਘਰ ਵਸਾਉਣ' ਦੀ ਖੁਲ੍ਹ ਦੇਂਦੀ ਹੈ। ਸਰੋਜ ਤਾਂ ਸਿਰਫ਼ ਆਪਣੇ ਪਿਆਰ ਦੇ ਰਿਸ਼ਤੇ ਦੇ ਕਾਇਮ ਰਹਿਣ ਵਿਚ ਹੀ ਸੰਤੁਸ਼ਟ ਹੈ। ਇਹ ਕਿਹੋ ਜਿਹਾ ਪਿਆਰ ਹੈ? ਕਿਹੋ ਜਿਹਾ ਰਿਸ਼ਤਾ?? ਜਿਹੜਾ ਆਪਣੇ ਮਹਿਬੂਬ ਨਾਲ ਘਰ ਵਸਾਉਣ ਦੇ ਰਾਹੇ ਨਹੀਂ ਪੈਂਦਾ। ਪੇਰਖ ਰੂਪ ਵਿਚ, ਪਿਆਰੋਂ-ਵਿਹੂਣੇ 'ਘਰ ਵਸਾਉਣ' ਦੀ ਇਹ ਤਾਈਦ ਹੀ ਹੈ। ਨਾਲ ਹੀ, ਵਿਆਹ ਤੋਂ, ਇਕ ਤਰ੍ਹਾਂ ਨਾਲ, ਗੁਰੇਜ਼ ਕਰਦੇ ਹੋਏ, ਪਹਿਲਾਂ ਵਾਂਗ ਹੀ ਸਬੰਧ ਜਾਰੀ ਰਖਣ ਦੀ ਖ਼ਾਹਿਸ਼, ਕੀ 'ਬਾਜ਼ਾਰੀ ਲੱਛਣ' ਨਹੀਂ? ਸਰੋਜ ਤੇ ਕੁਲਦੀਪ ਦੇ ਰਿਸ਼ਤੇ ਦੀ ਪਛਾਣ ਕਰਾਉਣ ਲਈ ਨਾਵਲਕਾਰ ਨੇ ਇਕ ਹੋਰ ਮੌਕਾ ਵੀ ਪੈਦਾ ਕੀਤਾ ਹੈ। ਸਤਵੰਤ ਦੇ ਮਰਨ ਪਿਛੋਂ ਸਰੋਜ ਦੀ ਕੁਲਦੀਪ ਨਾਲ ਮੁਲਾਕਾਤ ਹੁੰਦੀ ਹੈ। ਕੁਲਦੀਪ ਸਰੋਜ ਨੂੰ ਮੁਖ਼ਾਤਬ ਹੈ:

'ਮੈਂ ਕਿਉਂ ਜੀਉ ਰਿਹਾ ਹਾਂ, ਜਦ ਮੇਰੇ ਜੀਵਨ ਦਾ ਆਸਰਾ ਚਲਾ ਗਿਆ। ਸੋਚਦਾ ਹਾਂ, ਸਤਵੰਤ ਤੋਂ ਬਗ਼ੈਰ ਮੈਂ ਹੋਰ ਕਿੰਨੇ ਕੁ ਦਿਨ ਜੀਉਂਦਾ ਰਹਿ ਸਕਾਂਗਾ।'

'ਮੈਂ ਤੁਹਾਨੂੰ ਜੀਉਂਦਾ ਰਖਾਂਗੀ, ਭਾਵੇਂ ਇਸ ਦੇ ਬਦਲੇ ਮੈਨੂੰ ਮਰਨਾ ਹੀ ਕਿਉਂ ਨਾ ਪਵੇ। ਮੈਂ ਆਪਣੇ ਕੁਲਦੀਪ ਨੂੰ ਤੱਤੀ ਵਾ ਨਹੀਂ ਲੱਗਣ ਦਿਆਂਗੀ।'

'ਕੀ ਮੇਰੀ ਸਰੋਜ ਸੱਚ ਕਹਿੰਦੀ ਹੈ?'

'ਜੀ ਹਾਂ—ਮੈਂ ਤੁਹਾਡਾ ਵਾਲ ਵਿੰਗਾ ਨਹੀਂ ਹੋਣ ਦਿਆਂਗੀ।'

'ਸਰੋਜ ਜੀ, ਮੈਂ ਇਸ ਦੁਨੀਆਂ ਤੋਂ ਉਪਰਾਮ ਹੋ ਚੁੱਕਾ ਹਾਂ। ਮੈਂ ਹੁਣ ਮੋਹ ਮਾਇਆ ਦੇ ਜਾਲ ਵਿਚ ਦੋਬਾਰਾ...।'

'ਮੈਂ ਇਸ ਉਪਰਾਮਤਾ ਨੂੰ ਪਿਆਰ ਦੀ ਦੁਨੀਆਂ ਵਿਚ ਬਦਲ ਦਿਆਂਗੀ, ਕੁਲਦੀਪ ਜੀ!'

'ਸਰੋਜ ਜੀ, ਤੁਸੀਂ ਮੇਰੇ ਦਿਲ ਦੀ ਹਾਲਤ ਦਾ ਅੰਦਾਜ਼ਾ ਨਹੀਂ ਲਾਇਆ। ਸਤਵੰਤ ਦੀ ਮੌਤ ਨੇ ਮੇਰਾ ਜੀਵਨ ਉਹ ਸਹਿਰਾ ਬਣਾ ਦਿਤਾ ਹੈ, ਜਿਸ ਵਿਚ ਸ਼ਾਇਦ ਕਦੇ ਵੀ ਕੋਈ ਹਰਾ ਬੂਟਾ ਨਹੀਂ ਉੱਗ ਸਕੇਗਾ।'

'ਮੈਂ ਇਸ ਸਹਿਰਾ ਨੂੰ ਪੁਸ਼ਪਬਨ ਬਣਾ ਦਿਆਂਗੀ।'

'ਜ਼ਿੰਦਗੀ ਵਿਚ ਸਭ ਤੋਂ ਪਹਿਲਾਂ ਤੁਸਾਂ ਹੀ ਮੈਨੂੰ ਪਿਆਰ ਦਾ ਸਵਰਗ ਵਿਖਾਇਆ ਸੀ...। ਉਸ (ਸਤਵੰਤ) ਦੀ ਮੌਤ ਨੇ ਮੇਰੇ ਦਿਲ ਵਿਚ ਉਹ ਭੁਚਾਲ ਲਿਆਂਦਾ ਹੈ ਜਿਸ ਨਾਲ ਮੇਰੀਆਂ ਕਾਮਨਾਵਾਂ ਮਰ ਮੁਕ ਕੇ ਦਬੀਆਂ ਗਈਆਂ ਨੇ। ਮੈਂ ਜਾਣਦਾ ਹਾਂ ਸਰੋਜ ਜੀ, ਮੇਰੇ ਲਈ ਤੁਹਾਡੇ ਦਿਲ ਵਿਚ ਬੜਾ ਦਰਦ ਹੈ। ਪਰ ਕੁਲਦੀਪ ਹੁਣ ਬਿਲਕੁਲ ਸਖਣਾ ਹੈ, ਬੇ-ਹਰਕਤ ਹੈ, ਬੇ-ਹਿਸ। ਮੈਂ ਅਨਜਾਣ ਨਹੀਂ ਕਿ ਤੁਹਾਡੇ ਹਿਰਦੇ ਵਿਚ ਉਮੰਗਾਂ ਨੇ, ਪਿਆਰ ਹੈ, ਸੁਖ ਦੀ ਲਾਲਸਾ ਵੀ ਹੈ।

ਪਰ ਮੇਰੇ ਅੰਦਰ ਇਨ੍ਹਾਂ ਵਿਚੋਂ ਹੁਣ ਇਕ ਵੀ ਬਾਕੀ ਨਹੀਂ। ਸਿਰਫ਼ ਇਕੋ ਹੀ ਦੁਖਦਾਈ ਯਾਦ ਹੈ ਮੇਰੇ ਪਾਸ ਸਤਵੰਤ ਦੀ। ਉਸ ਨੂੰ ਵੀ ਮੈਂ ਭਜਨ ਬੰਦਗੀ ਦੇ ਬਲ ਨਾਲ ਜਲਦੀ ਦਿਲ ਵਿਚੋਂ ਮਿਟਾ ਦੇਣਾ ਚਾਹੁੰਦਾ ਹਾਂ। ਇਸ ਵੇਲੇ ਮੈਂ ਅੱਡੀ ਤੋਂ ਚੋਟੀ ਤਕ ਇਕ ਕੰਡਿਆਲੀ ਝਾੜ ਹਾਂ, ਕਿਉਂ ਕੋਈ ਸੁਹਜ ਵੇਲ ਇਸ ਨਾਲ ਲਿਪਟੇ।'

'ਮੈਂ ਇਸ ਕੰਡਿਆਲੀ ਝਾੜ ਨੂੰ ਚੰਦਨ ਬਣਾ ਦਿਆਂਗੀ...ਮੈਂ ਤੁਹਾਨੂੰ ਤਿਆਗੀ ਨਹੀਂ ਬਣਨ ਦਿਆਂਗੀ।'

'ਇਹ ਉਹ ਸਖਣਾਪਨ ਹੈ, ਜਿਸ ਨੂੰ ਸਤਵੰਤ ਹੀ ਭਰ ਸਕਦੀ ਸੀ।'

'ਮੈਂ ਤੁਹਾਡੇ ਲਈ ਸਤਵੰਤ ਬਣਾਂਗੀ'। ਸਰੋਜ ਨੇ ਆਪਣੀ ਗੱਲ ਕਹਿ ਦਿਤੀ।

ਕੁਲਦੀਪ ਤੇ ਸਰੋਜ ਵਿਚਕਾਰ ਹੋਈ ਗੱਲਬਾਤ ਤੁਸੀਂ ਸੁਣੀ ਹੈ। ਤਜਰਬਾ ਦਸਦਾ ਹੈ ਕਿ ਬੰਦੇ ਦੇ ਸੱਚ-ਝੂਠ ਦਾ ਉਦੋਂ ਹੀ ਪਤਾ ਲਗਦਾ ਹੈ ਜਦੋਂ ਉਹ ਆਪਣੇ ਦਿਲ ਦੇ ਮਹਿਰਮ ਅਗੇ ਜ਼ਬਾਨ ਖੋਲ੍ਹਦਾ ਹੈ। ਜ਼ਬਾਨ ਨੇ ਪ੍ਰਗਟਾਉਣਾ ਹੀ ਨਹੀਂ, ਲੁਕੋਣਾ ਵੀ ਹੁੰਦਾ ਹੈ। ਜ਼ਬਾਨ ਤੋਂ ਹੀ ਰਿਸ਼ਤੇ ਬਾਰੇ ਲਈ ਗਈ ਪੁਜ਼ੀਸ਼ਨ ਦਾ ਪਤਾ ਲਗਦਾ ਹੈ। ਪੁਜ਼ੀਸ਼ਨ ਸਪੱਸ਼ਟ ਹੋਵੇ, ਜ਼ਬਾਨ ਨੂੰ ਖੇਖਣ ਕਰਨ ਦੀ ਲੋੜ ਨਹੀਂ ਹੁੰਦੀ। ਜ਼ਬਾਨ ਉਦੋਂ ਹੀ ਖੇਖਣ ਕਰਦੀ ਹੈ ਜਦੋਂ ਲਈ ਗਈ ਪੁਜ਼ੀਸ਼ਨ ਉਤੇ ਪਰਦਾ ਪਾਉਣਾ ਹੋਵੇ। ਪਰਦਾ ਉਦੋਂ ਹੀ ਪਾਉਣ ਦੀ ਲੋੜ ਹੁੰਦੀ ਹੈ, ਜਦੋਂ ਲਈ ਗਈ ਪੁਜ਼ੀਸ਼ਨ, ਅੰਦਰਖ਼ਾਨੇ, ਬੜੀ ਹਕੀਰ ਹੋਵੇ। ਉਪਰ ਅਸੀਂ ਸਰੋਜ ਤੇ ਕੁਲਦੀਪ ਦੋਹਾਂ ਦੀ, ਆਪਣੀ ਆਪਣੀ ਵਿੱਤ ਅਨੁਸਾਰ, ਆਪਣੇ ਆਪਣੇ ਪ੍ਰਸੰਗ ਵਿਚ ਲਈ ਗਈ ਹਕੀਰ ਪੁਜ਼ੀਸ਼ਨ ਨੂੰ ਹੀ ਸਪੱਸ਼ਟ ਕੀਤਾ ਹੈ। ਇਸੀ ਸਿਲਸਿਲੇ ਦੀ ਇਕ ਕੜੀ ਹੋਰ ਵੀ ਹੈ। ਸਰੋਜ ਦੇ ਕੁਲਦੀਪ ਲਈ ਵਰਤੇ ਗਏ ਸ਼ਬਦਾਂ ਵਿਚ, (ਜਦੋਂ ਸਰੋਜ ਬੇਹੋਸ਼ੀ ਦੀ ਹਾਲਤ ਵਿਚ ਆਖ਼ਰੀ ਪਲਾਂ 'ਤੇ ਹੈ), ਕਿ '…ਮੇਰਾ ਕੁਲ...ਨਹੀਂ ਨਹੀਂ...ਕੁਲਦੀਪ ਪਾਪੀ, ਰਾਕਸ਼, ਦੈਂਤ.. ਪੱਥਰ...ਕੁਲਦੀਪ...ਉਹ।'—(ਪੰਨਾ 226-227)। ਉਹਨੇ ਕੁਲਦੀਪ ਨੂੰ ਲਾਡ ਨਹੀਂ ਲਡਾਇਆ। ਕੁਲਦੀਪ ਲਈ ਨਫ਼ਰਤ ਜ਼ਾਹਿਰ ਕੀਤੀ ਹੈ। ਸਰੋਜ ਦਾ ਅੰਦਰਲਾ ਲਾਵੇ ਵਾਂਗ ਫਟਿਆ ਹੈ। ਸਰੋਜ ਇਸੀ 'ਕੰਡਿਆਲੀ ਝਾੜ' ਨੂੰ ਚੰਦਨ 'ਤੇ 'ਸਹਿਰਾ ਨੂੰ ਪੁਸ਼ਪ-ਬਨ' ਵਿਚ ਬਦਲਣਾ ਚਾਹੁੰਦੀ ਸੀ। ਇਉਂ ਲਗਦੈ, ਸਰੋਜ ਨੇ ਕਦੀ ਵੀ, ਆਪਣੇ ਧੁਰ-ਅੰਦਰ ਝਾਤ ਮਾਰ ਸਕਣ ਦਾ ਹੀਆ ਨਹੀਂ ਸੀ ਕੀਤਾ। ਉਸ ਨੇ ਇਕ ਕਹਾਣੀ ਜ਼ਰੂਰ ਲਿਖੀ ਸੀ—'ਅਧ ਖਿੜਿਆ ਫੁਲ'।

ਸਰੋਜ ਨੇ ਆਪ ਹੀ ਇਸ ਕਹਾਣੀ ਦੀ ਵਿਆਖਿਆ ਕਰਦਿਆਂ ਕਿਹਾ ਸੀ, 'ਦੋਹਾਂ ਦੀ ਜ਼ਿੰਦਗੀ ਵਿਚ ਖਿੜ ਮਹਿਕ ਕੇ ਜੀਵਨ ਦੀ ਬਹਾਰ ਦੇਖਣ ਦਾ ਮੌਕਾ ਨਹੀਂ ਆਇਆ। ਹੀਰੋ ਵੀ ਬਦਨਸੀਬ, ਹੀਰੋਇਨ ਵੀ'.. (ਪੰਨਾ 54)। ਸਾਰੀ ਗੱਲ ਬਦਨਸੀਬੀ ਉਪਰ ਛੱਡ ਦਿਤੀ ਹੈ। ਸਰੋਜ ਨੇ ਇਕ ਵਾਰ ਇਹ ਵੀ ਕਲਪਨਾ ਕੀਤੀ ਸੀ ਕਿ 'ਮੈਂ ਸਾਹਿਤ ਦੁਆਰਾ ਦੇਸ਼ ਦੇ ਦਿਮਾਗ ਵਿਚ ਇਨਕਲਾਬ ਪੱਕਾ ਕਰਾਂਗੀ'...(ਪੰਨਾ 173)। ਬੜਾ ਸ਼ੁਭ ਵਿਚਾਰ ਹੈ। ਪਰ, ਇਨਕਲਾਬ ਕਾਹਦੇ ਲਈ? ਕਿੰਨ੍ਹਾਂ ਲਈ? ਇਨਕਲਾਬ ਦੀ ਬੱਝਵੀਂ ਵਿਚਾਰਧਾਰਾ ਤੋਂ ਬਿਨਾਂ ਇਹ 'ਸ਼ੁਭ ਵਿਚਾਰ' ਅਮਲ ਵਿਚ ਨਹੀਂ ਲਿਆਇਆ ਜਾ ਸਕਦਾ। ਇਨਕਲਾਬ ਦੇ ਰਾਹ 'ਤੇ ਅਮਲੀ ਤੌਰ 'ਤੇ, ਪੈਣ ਦੀ ਲੋੜ ਹੈ। ਸਰੋਜ, ਕੁਲਦੀਪ ਵਾਂਗ ਹੀ, ਪ੍ਰਚਲਤ ਕਾਬਜ਼ ਨਿਜ਼ਾਮ ਦੇ ਅੰਤਰਗਤ ਹੀ ਵਿਚਰਦੀ ਰਹੀ ਹੈ। ਨਿਜ਼ਾਮ ਨਾਲ ਟਕਰਾਉਣ ਦਾ ਮੌਕਾ ਸਰੋਜ ਨੇ ਆਉਣ ਹੀ ਨਹੀਂ ਦਿਤਾ। ਸਰੋਜ ਨੇ ਕੁਲਦੀਪ ਨੂੰ ਬਰਦਾਸ਼ਤ ਕੀਤਾ। ਪ੍ਰਚਲਤ ਕਾਬਜ਼ ਨਿਜ਼ਾਮ ਨੂੰ ਬਰਦਾਸ਼ਤ ਕੀਤਾ। ਦੋਹਾਂ ਪਲੇ ਸੱਚ ਨਹੀਂ ਸੀ। ਦੋਵੇਂ ਇਸ਼ਕ 'ਚ ਕੱਚੇ ਨਿਕਲੇ।



ਸੁਰਜੀਤ ਗਿੱਲ

## ''ਭਵਾਨੀ''—ਕੁਝ ਸਮੱਸਿਆਵਾਂ

ਸਾਹਿਤਕਾਰ ਲਈ ਲਾਜ਼ਮੀ ਹੈ ਕਿ ਉਹ ਆਪਣੇ ਸਮੇਂ ਵਿਚ ਵਾਪਰ ਰਹੀਆਂ ਸਮਾਜਕ, ਰਾਜਸੀ ਤੇ ਸਭਿਆਚਾਰਕ ਘਟਨਾਵਾਂ ਤੇ ਸਰਗਰਮੀਆਂ ਦਾ ਬਾਰੀਕੀ ਨਾਲ ਅਧਿਅਨ ਕਰੇ। ਉਨ੍ਹਾਂ ਵਿਚ ਹਿੱਸਾ ਲੈ ਰਹੀਆਂ ਜਮਾਤੀ ਸ਼ਕਤੀਆਂ, ਪਰੇਰਕ ਸਿਧਾਤਾਂ ਨੂੰ ਚੰਗੀ ਤਰ੍ਹਾਂ ਸਮਝੇ ਤੇ ਉਨ੍ਹਾਂ ਦੀ ਚੀਰ ਫਾੜ ਕਰ ਕੇ ਕਲਾ ਰਾਹੀਂ ਲੋਕਾਂ ਤੱਕ ਪੇਸ਼ ਕਰੇ। ਪਰੰਤੂ ਇਹ ਕੁਝ ਕਰਦੇ ਸਮੇਂ ਉਹ ਆਪ ਸਮਾਜ ਦੀਆਂ ਅੱਗੇ ਵਧੂ ਸ਼ਕਤੀਆਂ ਅਤੇ ਅੱਗੇ ਵਧੂ ਪਰੇਰਕ ਸਿਧਾਤਾਂ ਦੇ ਪੱਖ ਵਿਚ ਖੜ੍ਹੇ ਤੇ ਉਹਨਾਂ ਦੀ ਵਕਾਲਤ ਕਰੇ। ਸਮਾਜਕ ਤੇ ਰਾਜਸੀ ਲਹਿਰਾਂ ਦੇ ਭਵਿੱਖ ਵੱਲ ਵਿਗਿਆਨਕ ਵਿਕਾਸ ਦੇ ਸੰਕੇਤ ਦੇਵੇ।

ਪੰਜਾਬੀ ਸਾਹਿਤ ਵਿਚ ਨਾਨਕ ਸਿੰਘ ਤੋਂ ਪਿੱਛੋਂ ਜਸਵੰਤ ਸਿੰਘ ਕੰਵਲ ਅਜਿਹਾ ਨਾਵਲਕਾਰ ਹੈ ਜਿਸ ਨੇ ਪਹਿਲੀ ਵਾਰ ਸਮਾਜ ਵਿਚਲੀਆਂ ਅੱਗੇ ਵਧੂ ਜਮਾਤਾਂ ਤੇ ਰਾਜਸੀ ਲਹਿਰਾਂ ਨੂੰ ਆਪਣੀ ਕਲਾ ਦਾ ਵਿਸ਼ਾ ਬਣਾਇਆ ਹੈ। ਉਹਦੇ ਪਹਿਲੇ ਨਾਵਲ **ਰਾਤ ਬਾਕੀ ਹੈ** ਵਿਚ ਉਸ ਦੀ ਸੋਚ ਯਥਾਰਥਵਾਦੀ ਘੱਟ, ਭਾਵਕ ਤੇ ਰੁਮਾਂਸਵਾਦੀ ਵੱਧ ਸੀ। ਉਸ ਸਮੇਂ ਭਾਵਕ ਤੌਰ 'ਤੇ ਉਹ ਪੰਜਾਬ ਵਿਚ ਚੱਲ ਰਹੇ ਜ਼ਮੀਨੀ ਘੋਲ ਤੋਂ ਪ੍ਰਭਾਵਤ ਸੀ। ਪਰ ਉਸ ਘੋਲ ਨੂੰ ਰਾਜਸੀ ਤੇ ਆਰਥਕ ਪਖੋਂ ਪੂਰੀ ਤਰ੍ਹਾਂ ਨਹੀਂ ਸੀ ਸਮਝਦਾ। ਉਹਨੂੰ ਉਸ ਲਹਿਰ ਦੀਆਂ ਆਰਥਕ ਪ੍ਰਾਪਤੀਆਂ ਤੇ ਸਮਾਜਕ ਪ੍ਰਭਾਵਾਂ ਦੀ ਬਹੁਤੀ ਚਿੰਤਾ ਨਹੀਂ ਸੀ। ਉਹਨੇ ਕੇਵਲ ਲਹਿਰ ਵਿਚ ਹਿੱਸਾ ਲੈ ਰਹੇ ਦਰਮਿਆਨੀ ਕਿਸਾਨੀ ਵਿਚੋਂ ਆਏ ਨਾਇਕ ਦੀ ਪਿਆਰ ਕਥਾ ਬਿਆਨ ਕੀਤੀ ਸੀ ਜਿਸ ਦਾ ਉਭਰਵਾਂ ਪ੍ਰਭਾਵ ਜਮਾਤੀ ਸੰਘਰਸ਼ ਨਾ ਹੋ ਕੇ ਇਕ ਪਿਆਰ ਦੁਖਾਂਤ ਦਾ ਸੀ। ਜਿਸ ਕਾਰਨ ਇਹ ਨਾਵਲ ਸੰਘਰਸ਼ ਦਾ ਯਥਾਰਥਵਾਦੀ ਚਿਤਰ ਪੇਸ਼ ਕਰਨ ਵਿਚ ਸਫ਼ਲ ਨਾ ਰਿਹਾ। ਜਮਾਤੀ ਸੰਘਰਸ਼ ਵਿਚ ਵੀ ਆਪਣਾ ਅਹਿਮ ਰੋਲ ਅਦਾ ਨਾ ਕਰ ਸਕਿਆ।

ਇਸ ਪਿੱਛੋਂ ਸੱਠਵਿਆਂ ਵਿਚ ਲਿਖਿਆ ਉਹਦਾ ਨਾਵਲ **ਭਵਾਨੀ** ਉਸ ਦੇ ਨਾਵਲ **ਰਾਤ ਬਾਕੀ ਹੈ** ਨਾਲੋਂ ਨਿਗਰ ਹੈ, ਯਥਾਰਥ ਨੂੰ ਤਲਖ਼ ਰੂਪ ਵਿਚ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਕੰਵਲ ਦੀ ਸੂਝ ਵੱਧ ਤੀਖਣ ਤੇ ਉਪਭਾਵਕਤਾ ਤੋਂ ਕਾਫ਼ੀ ਹੱਦ ਤੱਕ ਮੁਕਤ ਹੈ। ਬੇਸ਼ਕ ਉਹ ਆਦਰਸ਼ਵਾਦ ਦੀ ਕੁੰਜ ਪੂਰੀ ਤਰ੍ਹਾਂ ਲਾਹੁਣ ਵਿਚ ਸਫ਼ਲ ਨਹੀਂ ਹੋਇਆ।

ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਦੀ ਵੀਹਵੀਂ ਕਾਂਗਰਸ ਵਿਚ ਖਰੁਸ਼ਚੇਵ ਵਲੋਂ ਸਮਾਜਵਾਦੀ ਕੈਂਪ ਦੀ ਚੜ੍ਹਤ ਤੇ ਸਾਮਰਾਜ ਦੇ ਨਿਘਾਰ ਦਾ ਜ਼ਿਕਰ ਕਰ ਕੇ ਸੰਸਾਰ ਵਿਚ ਇਨਕਲਾਬਾਂ ਦੇ ਪੁਰਅਮਨ ਤੌਰ 'ਤੇ ਹੋ ਜਾਣ ਦੀਆਂ ਸੰਭਾਵਨਾਵਾਂ ਨੂੰ ਸੰਸਾਰ ਤੇ ਭਾਰਤ ਦੇ ਸੋਧਵਾਦੀਆਂ ਨੇ ਆਪਣੇ ਲਈ ਹਰੀ ਝੰਡੀ ਸਮਝਿਆ। ਉਹਨਾਂ ਨੇ ਭਾਰਤ ਦੀ ਸਰਮਾਏਦਾਰੀ ਦੇ ਚਰਨੀਂ ਲੱਗਣ ਲਈ ਖਰੁਸ਼ਚੇਵ ਦੇ ਸ਼ਬਦਾਂ ਨੂੰ ਆਪਣੇ ਲਈ ਸਿਧਾਂਤਕ ਓੜਣ ਬਣਾ ਲਿਆ। 1957 ਵਿਚ ਕੇਰਲਾ ਵਿਚ ਕਮਿਊਨਿਸਟ ਪਾਰਟੀ ਦੀ ਸਰਕਾਰ ਬਣ ਜਾਣ ਨਾਲ ਉਹਨਾਂ ਦੀ ਇਸ ਸੋਚ ਨੂੰ ਹੋਰ ਵੀ ਬਲ ਮਿਲ ਗਿਆ। ਉਹ ਇਸ ਸੋਚ ਤੱਕ ਪੁੱਜ ਗਏ ਕਿ ਉਹਨਾਂ ਨੇ ਅੰਮ੍ਰਿਤਸਰ ਵਿਚ ਕਮਿਊਨਿਸਟ

ਪਾਰਟੀ ਦੀ ਵਿਸ਼ੇਸ਼ ਕਾਂਗਰਸ ਸੱਦ ਕੇ ਪਾਰਟੀ ਦਾ ਇਨਕਲਾਬੀ ਲੈਨਿਨੀ ਜਥੇਬੰਦਕ ਢਾਂਚਾ ਬਦਲ ਕੇ ਸੋਸ਼ਲ ਡੈਮੋਕਰੈਟਿਕ ਢਾਂਚਾ ਅਪਣਾ ਲਿਆ ਜਿਸ ਨਾਲ ਅਜੇਹੀ ਜਥੇਬੰਦੀ ਹੀ ਹੋਂਦ ਵਿਚ ਆ ਸਕਦੀ ਸੀ ਜਿਹੜੀ ਕੇਵਲ ਚੋਣਾਂ ਲੜਣ ਦੇ ਕੰਮ ਤੋਂ ਬਿਨਾਂ ਕਿਸੇ ਹੋਰ ਇਨਕਲਾਬੀ ਕੰਮ ਨਹੀਂ ਆ ਸਕਦੀ ਸੀ। ਇਸ ਦੇ ਨਾਲ ਹੀ ਕੌਮੀ ਪੱਧਰ 'ਤੇ ਜਵਾਹਰ ਲਾਲ ਨਹਿਰੂ ਤੇ ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਨੂੰ "ਅੱਗੇ ਵਧੂ" ਤੇ 'ਦੇਸ਼ ਭਗਤ' ਹੋਣ ਦਾ ਸਰਟੀਫ਼ੀਕੇਟ ਦੇ ਦਿੱਤਾ ਗਿਆ। ਪੰਜਾਬ ਦੀ ਕਮਿਊਨਿਸਟ ਪਾਰਟੀ ਜਿਸ ਦਾ ਬਹੁਤਾ ਕਾਡਰ ਦਰਮਿਆਨੇ ਤਬਕੇ ਤੇ ਦਰਮਿਆਨੀ ਕਿਸਾਨੀ ਵਿਚੋਂ ਸੀ, ਉਸ ਦਾ ਇਕ ਹਿੱਸਾ ਇਨਕਲਾਬ ਵਿਚੋਂ ਵਿਸ਼ਵਾਸ਼ ਗੁਆ ਬੈਠਾ। ਪਿੰਡ ਤੇ ਸ਼ਹਿਰਾਂ ਵਿਚ ਸਰਕਾਰੀ ਕਰਜ਼ਿਆਂ, ਡਿਪੂਆਂ, ਪਰਮਿਟਾਂ ਆਦਿ ਨਾਲ ਸਰਕਾਰ ਪੱਖੀਆਂ ਦੇ ਹੋਏ ਵਿਕਾਸ ਨੇ ਵੀ ਉਹਨਾਂ ਨੂੰ ਪ੍ਰਭਾਵਤ ਕੀਤਾ। ਇਨਕਲਾਬ ਦੇ ਦੂਰ ਹੋਣ ਕਾਰਣ ਜਾਂ ਵੋਟਾਂ ਰਾਹੀਂ ਆਉਣ ਦੀ ਸੰਭਾਵਨਾ ਨੇ ਉਹਨਾ ਦੇ ਇਨਕਲਾਬੀ ਸਿਰੜ ਨੂੰ ਖੋਰ ਕੇ ਰੱਖ ਦਿੱਤਾ। ਉਹ ਪਹਿਲੀ ਵੇਰ ਸਮੂਹ ਦੀ ਥਾਂ ਨਿੱਜ ਬਾਰੇ ਸੋਚਣ ਲੱਗੇ।

ਭਵਾਨੀ ਨਾਵਲ ਦੇ ਅਹਿਮ ਪਾਤਰ ਦਿਆਲ ਸਿੰਘ ਦੀ ਵੀ ਇਹੋ ਸਥਿਤੀ ਹੈ। ਜਦੋਂ ਉਹ ਆਪਣੇ ਨਾਲ ਦੇ ਕੈਦਾਂ ਕੱਟਣ ਵਾਲੇ ਵਜ਼ੀਰ ਬਣਦੇ ਤੇ ਹੋਰ ਆਰਥਕ ਲਾਭ ਉਠਾਉਂਦੇ ਦੇਖਦਾ ਹੈ, ਤਾਂ ਉਹ ਵੀ ਆਪਣੇ ਨਿੱਜੀ ਵਿਕਾਸ ਦਾ ਰਾਹ ਚੋਣਾਂ ਲੜਣ ਵਿਚ ਵਖਦਾ ਹੈ। ਪਰੰਤੂ ਜਦੋਂ ਚੋਣਾਂ ਲੜਨੀਆਂ ਹੋਣ ਤਾਂ ਦਿਆਲ ਸਿੰਘ ਉਹਨਾਂ ਲਈ ਢੁੱਕਵਾਂ ਨਹੀਂ ਸੀ ਕਿਉਂਕਿ ਚੋਣਾਂ ਲੜਣ ਲਈ ਕੇਵਲ ਪੁਰਾਣੀ ਕੁਰਬਾਨੀ ਹੀ ਕਾਫ਼ੀ ਨਹੀਂ ਹੁੰਦੀ ਬਲਕਿ ਨਿਰਪੱਖ ਵੋਟਰਾਂ ਨੂੰ ਖਿੱਚ ਸਕਣ ਤੇ ਚੋਣਾਂ ਵਿਚ ਖਰਚ ਕਰਨ ਲਈ ਕਾਫ਼ੀ ਪੈਸਾ ਇੱਕਠਾ ਕਰ ਸਕਣ ਦੀ ਸਮੱਰਥਾ ਵੀ ਜ਼ਰੂਰੀ ਹੈ। ਸਾਧਾਰਣ ਕੁਰਬਾਨੀ ਕਰਨ ਵਾਲਾ ਤੇ ਆਰਥਕ ਤੌਰ 'ਤੇ ਟੁੱਟਿਆਂ ਹੋਇਆ ਦਿਆਲ ਸਿੰਘ ਇਸ ਦੇ ਯੋਗ ਸਾਬਤ ਨਹੀਂ ਹੁੰਦਾ। ਉਹ ਕੱਢਿਆ ਜਾਂਦਾ ਹੈ। ਪੰਜਾਬ ਦੀ ਸਮੁੱਚੀ ਕਮਿਊਨਿਸਟ ਲਹਿਰ ਦੀ ਬਦਕਿਸਮਤੀ ਦਿਆਲ ਸਿੰਘ ਦੀ ਵੀ ਬਦਕਿਸਮਤੀ ਹੈ। ਉਹ ਹੈ ਉਹਦਾ ਕਿਸਾਨੀ ਸੋਚ ਨੂੰ ਨਾ ਤਿਆਗ ਸਕਣਾ। ਪਾਰਟੀ ਵਲੋਂ ਚੋਣਾਂ ਵਿਚ ਟਿਕਟ ਦਾ ਨਾ ਮਿਲਣਾ ਉਹਦੀ ਕੁਰਬਾਨੀ ਤੇ ਸਮੂਹ ਅੱਗੇ ਵਿਅਕਤੀ ਦੀ ਅਧੀਨਤਾ ਦੀ ਉਹਦੀ ਸੋਚ ਨੂੰ ਦਰੜ ਕੇ ਰੱਖ ਦੇਂਦਾ ਹੈ। ਦਿਆਲ ਸਿੰਘ ਜਮਾਤੀ ਸੋਚ ਤੇ ਸੂਝ ਤੋਂ ਕੋਰਾ ਸਾਧਾਰਨ ਜੱਟ ਹੋ ਨਿਬੜਦਾ ਹੈ। ਉਹਦੇ ਅੰਦਰ ਬਦਲੇ ਦੀ ਭਾਵਨਾ ਲੱਟ ਲੱਟ ਮੱਚ ਉਠਦੀ ਹੈ। ਉਹ ਸਮੁੱਚੀ ਪਾਰਟੀ ਨਾਲੋਂ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਤੇ ਉਸ ਨੂੰ ਤਬਾਹ ਕਰਨ ਲਈ ਲੋਕ ਦੁਸ਼ਮਣਾ ਦੀ ਕਤਾਰ ਵਿਚ ਖੜਾ ਹੋ ਜਾਂਦਾ ਹੈ। ਸੁਲੱਖਣ ਜੋ ਉਸ ਲਈ ਪਾਰਟੀ ਦਾ ਚਿੰਨ੍ਹ ਤੇ ਨਿੱਜੀ ਹਾਰ ਦਾ ਕਾਰਨ ਹੈ, ਉਸ ਨੂੰ ਕਤਲ ਕਰਨ ਦੀ ਸੋਚਣੀ ਕੋਈ ਅਲੋਕਾਰ ਗੱਲ ਨਹੀਂ ਹੈ। ਅਜਿਹੀ ਮਾਨਸਕ ਸਥਿਤੀ ਵਿਚ ਕੋਈ ਕੁਕਰਮ ਵੀ ਨੀਚ ਨਹੀਂ ਜਾਪਦਾ ਪਰੰਤੂ ਮਾਨਸਕ ਦਵੰਦ ਤੋਂ ਛੁਟਕਾਰਾ ਪਾਉਣ ਲਈ ਉਹ ਆਪਣੇ ਆਪ ਨੂੰ ਪਿਛੋਕੜ ਨਾਲੋਂ ਤੋੜ ਕੇ ਸਥਿਤੀ ਅਨੁਕੂਲ ਵਾਤਾਵਰਣ ਵਿਚ ਫਿੱਟ ਕਰਦਾ ਹੈ। ਅਫ਼ਸਰਾਂ ਨਾਲ ਮਿਲਦਾ ਹੈ। ਅਫ਼ੀਮ ਵੇਚਦਾ ਤੇ ਸ਼ਰਾਬ ਕੱਢਦਾ, ਰਿਸ਼ਵਤ ਦਿੰਦਾ ਦਿਵਾਉਂਦਾ ਹੈ। ਭੈੜੇ ਲੋਕਾਂ ਨਾਲ ਭਿਆਲੀ ਪਾਉਂਦਾ ਹੈ। ਉਹਦੀ ਕਿਸੇ ਵੇਲੇ ਵੀ ਸੱਵਛ ਅੰਤਰ ਆਤਮਾ ਜਦੋਂ ਚੀਕਦੀ ਹੈ ਤਾਂ ਉਹਨੂੰ ਸ਼ਰਾਬ ਦੇ ਨਸ਼ੇ ਨਾਲ ਚੁੱਪ ਕਰਾਉਂਦਾ ਹੈ। ਇਸ ਤਰ੍ਹਾਂ ਕਿਧੇ ਸਮੇਂ ਦੇ ਸਮਾਜ ਦੇ ਚੇਤੰਨ ਵਿਅਕਤੀ, ਲੋਕਾਂ ਦੇ ਹੱਕ ਵਿਚ ਖੜੋਨ ਵਾਲੇ ਕਾਮਰੇਡ ਦਿਆਲ ਸਿੰਘ ਨੂੰ ਉਹਦੀ ਜੱਟ ਸੋਚ ਸਮਾਜ ਦੇ ਪਿੱਛੇ-ਖਿਚੂਆਂ ਵਿਚ ਲਿਆ ਖੜਾ ਕਰਦੀ ਹੈ।



ਨਾਵਲ ਦੀ ਨਾਇਕਾ ਕਰਮਜੀਤ ਤੇ ਉਹਦੀ ਮਾਤਾ ਜਿਹੜੀਆਂ ਕਿ ਦਿਆਲ ਸਿੰਘ ਦੀ ਧੀ ਤੇ ਪਤਨੀ ਹਨ ਦੀ ਸਮੱਸਿਆ ਚੇਤਨ ਸਮੱਸਿਆ ਨਹੀਂ ਹੈ। ਉਹਨਾਂ ਦੀ ਸਮੱਸਿਆ ਕੇਵਲ ਰਵਾਇਤੀ ਇਸਤ੍ਰੀਆਂ ਦੀ ਹੈ, ਜਿਹੜੀਆਂ ਕਿ ਜੀਵਨ ਦੀ ਸਿਰਜਕ ਹੋਣਾ ਹੈ ਨਾਸ਼ਵੰਤ ਨਹੀਂ। ਪਰੰਤੂ ਕੰਵਲ ਨੇ ਦੋਨਾਂ ਦੇ ਇਸ ਵਰਤਾਰੇ ਨੂੰ ਆਦਰਸ਼ਕ ਪੁੱਠ ਦੇ ਕੇ ਮਾਂ ਨੂੰ ਸ਼ਹੀਦ ਤੇ ਧੀ ਨੂੰ ਭਵਾਨੀ ਬਣਾ ਦਿੱਤਾ ਹੈ। ਦਿਆਲ ਸਿੰਘ ਦੀ ਪਤਨੀ ਮਾਨਸਿਕ ਤੇ ਸਰੀਰਕ ਤੌਰ 'ਤੇ ਰੋਗਣ ਇਸ ਲਈ ਹੈ ਕਿ ਉਹ ਬਦਲੇ ਹੋਏ ਦਿਆਲ ਸਿੰਘ ਤੇ ਪ੍ਰਸਥਿਤੀਆਂ ਨਾਲ ਸਮਝੌਤਾ ਨਹੀਂ ਕਰ ਸਕੀ। ਇਹੋ ਹੀ ਉਹਦਾ ਅਰੇਤ ਆਦਰਸ਼ਵਾਦ ਹੈ। ਉਹ ਕਦੇ ਵੀ ਸਮਾਜਕ ਤੌਰ 'ਤੇ ਚੇਤਨ ਨਹੀਂ ਸੀ ਉਦੋਂ ਵੀ ਜਦੋਂ ਦਿਆਲ ਸਿੰਘ ਕੁਰਬਾਨੀ ਕਰਦਾ ਤੇ ਲੋਕਾਂ ਲਈ ਲੜਦਾ ਸੀ। ਉਸ ਸਮੇਂ ਵੀ ਉਹ ਆਮ ਗਰੀਬ ਕਿਸਾਨ ਘਰਾਂ ਵਿਚਲੀਆ ਇਸਤ੍ਰੀਆਂ ਵਾਂਗ ਕਿਸਮਤ 'ਤੇ ਸ਼ਾਕਰ ਤੇ ਵਫ਼ਾਦਾਰ ਕਿਸਮ ਦੀ ਦੱਬੂ ਇਸਤ੍ਰੀ ਸੀ। ਉਹ ਸਮੇਂ ਵੀ ਸਰੀਰਕ ਜਾਂ ਮਾਨਸਿਕ ਤੌਰ 'ਤੇ ਸੰਘਰਸ਼ਸ਼ੀਲ ਨਹੀਂ ਸੀ ਪਰ ਉਹਨੂੰ ਧੁੰਦਲਾ ਜਿਹਾ 'ਚੰਗੇ ਕੰਮ' ਦਾ ਅਹਿਸਾਸ ਸੀ। ਦਿਆਲ ਸਿੰਘ ਦੇ ਨਵਾਂ ਰੁਖ਼ ਅਖਤਿਆਰ ਕਰਨ ਨਾਲ ਜਾਂ ਰਾਜਨੀਤੀ ਬਦਲਣ ਨਾਲ ਉਹਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਣਾ ਸੀ ਜੇਕਰ ਦਿਆਲ ਸਿੰਘ ਕੇਵਲ ਆਰਥਿਕ ਪਰਾਪਤੀਆਂ ਕਰਦਾ ਪਰ ਅਖਲਾਕੀ ਤੌਰ 'ਤੇ ਉਹਨਾਂ ਨਿਵਾਣਾਂ ਤੱਕ ਨਾ ਪੁੱਜਦਾ ਜਿਨ੍ਹਾਂ ਤੱਕ ਹੁਣ ਉਹ ਪੁੱਜ ਗਿਆ ਸੀ। ਸਾਧਾਰਨ ਇਸਤ੍ਰੀ ਕੇਵਲ ਘਰ ਚਾਹੁੰਦੀ ਹੈ ਇਕ ਵਸਦਾ ਰਸਦਾ, ਅਮਨ ਨਾਲ ਰਹਿੰਦਾ ਘਰ। ਦਿਆਲ ਸਿੰਘ ਦੇ ਕਾਂਗਰਸੀ ਹੋਣ ਤੋਂ ਪਹਿਲਾਂ ਇਹ ਘਰ ਆਰਥਕ ਔਕੜਾਂ ਦੇ ਹੁੰਦਿਆਂ ਵੀ ਇਹੋ ਜਿਹਾ ਸੀ। ਕੁੜੀ ਪੜ੍ਹ ਰਹੀ ਸੀ; ਉਹਦਾ ਭਵਿਖ ਉਜਲਾ ਜਾਪਦਾ ਸੀ। ਮੋਹਣਾ, ਦਿਆਲ ਸਿੰਘ ਦਾ ਪੁੱਤ ਕਾਮਾ ਸੀ, ਵਿਆਹਿਆ ਹੋਇਆ ਸੀ। ਸਾਧਾਰਨ ਔਰਤ ਏਨੇ ਨਾਲ ਹੀ ਸੰਤੁਸ਼ਟ ਸੀ। ਨਵੀਆਂ ਸਥਿਤੀਆਂ ਨੇ ਸਭ ਕੁਝ ਉਲਟ ਪੁਲਟ ਦਿੱਤਾ ਹੈ। ਘਰ ਖੇਰੂੰ ਖੇਰੂੰ ਹੋ ਗਿਆ ਹੈ। ਇਸ ਵਿਚ ਵੀ ਮਾਂ ਦੀ ਆਖਰੀ ਰੀਝ ਕੇਵਲ ਧੀ ਦਾ ਸੁਖ ਦੇਖਣਾ ਹੀ ਹੈ, ਜਿਸ ਨੂੰ ਉਹ ਆਪਣਾ ਪਰਛਾਵਾਂ ਸਮਝਦੀ ਹੈ ਇਸੇ ਲਈ ਕਹਿੰਦੀ ਹੈ :

"ਹੋਰ ਸਾਰੇ ਦੁੱਖ ਜਰ ਸਕਦੀ ਸਾਂ। ਦੁੱਖਾਂ ਨੇ ਹੀ ਮੇਰਾ ਸਾਥ ਨਿਭਾਇਆ ਹੈ। ਇਕ ਤੇਰਾ ਮੂੰਹ ਹੈ ਜਿਸ ਨੂੰ ਦੇਖ ਕੇ ਜਿੰਦ ਪੈਂਦੀ ਐ। ਤੇਰਾ ਹੀ ਮੂੰਹ ਹੈ ਜਿਸ ਨੂੰ ਦੇਖ ਕੇ ਡੋਬ ਪੈਂਦੇ ਐ।" (ਸਫ਼ਾ 55)

ਕੋਈ ਮਾਂ ਧੀ ਦਾ ਦੁੱਖ ਕਿਵੇਂ ਦੇਖ ਸਕਦੀ ਹੈ ? ਇਸੇ ਲਈ ਦਿਆਲ ਸਿੰਘ ਦੀ ਪਤਨੀ ਹੋਰ ਵੀ ਔਖੀ ਹੈ। ਉਹਦੀ ਇਹ ਸਮੱਸਿਆ ਸਾਧਾਰਨ ਤੇ ਰਵਾਇਤੀ ਇਸਤ੍ਰੀ ਦੀ ਹੈ।

ਕਰਮਜੀਤ ਚੇਤਨ ਪ੍ਰਸਥਿਤੀਆਂ ਤੇ ਆਲੇ ਦੁਆਲੇ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਸਮਾਜਕ ਚੇਤਨਾ ਦੀ ਹਾਣਨ ਨਹੀਂ ਬਣਾਉਂਦੀ। ਸੁਲੱਖਣ ਉਹਦੀ ਜ਼ਿੰਦਗੀ ਵਿਚ ਆਉਣ ਵਾਲਾ ਪਹਿਲਾ ਮਰਦ ਹੈ। ਉਹਨੂੰ ਮਿਲਣ ਤੇ ਉਹਦੇ ਨੇੜੇ ਹੋਣ ਦੀ ਸੁਬਿਦਾ ਹੈ। ਉਹ ਪ੍ਰਭਾਵਸ਼ਾਲੀ ਹੈ। ਘਰ ਦਾ ਇਕ ਮੈਂਬਰ ਬਣ ਗਿਆ ਹੈ। ਕਰਮਜੀਤ ਉਹਦੇ ਵੱਲ ਖਿੱਚੀ ਜਾਂਦੀ ਹੈ। ਸੁਲੱਖਣ ਉਹਦੇ ਲਈ ਪ੍ਰੇਮੀ ਹੀ ਨਹੀਂ ਬਲਕਿ ਕੁਝ ਵੱਧ ਹੈ। ਦਿਆਲ ਸਿੰਘ ਦੀ ਸੋਚ ਜਿਹੜੀ ਕਿ ਸੁਲੱਖਣ ਨੂੰ ਕਰਮਜੀਤ ਦਾ ਹਾਣੀ ਸਮਝਦੀ ਹੈ ਦੋਨਾਂ ਦੇ ਸੰਬੰਧਾਂ ਨੂੰ ਹੋਰ ਗੂੜ੍ਹੇ ਕਰਦੀ ਹੈ। ਪ੍ਰੰਤੂ ਇਸ ਰਿਸ਼ਤੇ ਵਿਚ ਉਨ੍ਹਾਂ ਚਿਰ ਤੀਖਣਤਾ ਨਹੀਂ ਆਉਂਦੀ ਜਿੰਨਾਂ ਚਿਰ ਇਹ ਸੁਭਾਵਕਤਾ ਖ਼ਤਮ ਨਹੀਂ ਹੁੰਦੀ। ਇਹ ਸੁਭਾਵਕਤਾ ਉਦੋਂ ਟੁਟਦੀ ਹੈ ਜਦੋਂ ਦਿਆਲ ਸਿੰਘ ਪਾਰਟੀ ਨਾਲੋਂ ਟੁੱਟ ਜਾਂਦਾ ਹੈ ਅਤੇ ਉਹ ਸੁਲੱਖਣ ਨੂੰ ਵੇਚ ਕੇ ਆਪਣਾ ਹੋਰ ਮੁੱਲ ਵਧਾਉਣਾ ਚਾਹੁੰਦਾ ਹੈ; ਪ੍ਰੰਤੂ ਸੁਲੱਖਣ ਜਮਾਤੀ ਤੌਰ 'ਤੇ ਦਿਆਲ ਸਿੰਘ ਨਾਲੋਂ ਵੱਧ ਚੇਤਨ ਤੇ ਆਦਰਸ਼ ਨੂੰ ਪਰਨਾਇਆ ਹੋਇਆ ਹੋਣ ਕਾਰਨ ਦਿਆਲ

ਸਿੰਘ ਦੇ ਪੱਖ ਵਿਚ ਨਹੀਂ ਖੜੋਂਦਾ । ਉਸ ਨੂੰ ਤਿਆਗ ਦਿੰਦਾ ਹੈ । ਇਸ ਦੇ ਨਾਲ ਹੀ ਉਹ ਦਿਆਲ ਸਿੰਘ ਦੇ ਘਰ ਨੂੰ ਵੀ ਸਦਾ ਲਈ ਤਿਆਗ ਦਿੰਦਾ ਹੈ । ਕਰਮਜੀਤ ਤੇ ਉਹਦੀ ਮਾਤਾ ਨਾਲੋਂ ਵੀ ਟੁੱਟ ਜਾਂਦਾ ਹੈ । ਕਰਮਜੀਤ ਇਹ ਕੁਝ ਅਨੁਭਵ ਕਰ ਕੇ ਵੀ ਪਹਿਲ ਨਹੀਂ ਕਰਦੀ । ਸੁਲੱਖਣ ਦੀ ਜਮਾਤੀ ਚੇਤਨਾ ਉਹਨੂੰ ਆਪਣੇ ਨਾਲ ਧ੍ਰੋਹ ਤੇ ਵਿਸ਼ਵਾਸਘਾਤ ਲੱਗਦੀ ਹੈ । ਦੋਨਾਂ ਵਿਚਕਾਰ ਪਈ ਵਿੱਥ ਤੇ ਹਕੀਕਤ ਨੂੰ ਸਮਝਣ ਦੀ ਅਸਮਰਥਾ ਹੋਰ ਵੀ ਭੁਲੇਖਿਆਂ ਦਾ ਕਾਰਨ ਬਣਦੀ ਹੈ । ਦੋਨੋਂ ਇਕ ਦੂਜੇ ਲਈ ਓਪਰੇ ਤੇ ਸਾਧਾਰਣ ਵਿਅਕਤੀ ਬਣ ਜਾਂਦੇ ਹਨ । ਕਿਸੇ ਵੇਲੇ ਸੰਬੰਧਾਂ ਵਿਚ ਪੈਦਾ ਹੋਈ ਵਿਸ਼ੇਸ਼ਤਾ ਖ਼ਤਮ ਹੋ ਜਾਂਦੀ ਹੈ ਜਾਂ ਧੁੰਦਲੀ ਪੈ ਜਾਂਦੀ ਹੈ ।

ਜਿੱਥੋਂ ਤੱਕ ਸੁਲੱਖਣ ਦੀ ਜਾਨ ਬਚਾਉਣ ਦੀ ਸਮੱਸਿਆ ਤੇ ਕਰਮਜੀਤ ਵੱਲੋਂ ਇਹ ਜਤਨ ਕਰਨ ਦਾ ਸਵਾਲ ਹੈ ਇਹ ਕੇਵਲ ਰਵਾਇਤੀ ਇਸਤਰੀਅਤ ਦੀ ਸਮੱਸਿਆ ਹੀ ਹੈ । ਇਸ ਨੂੰ ਆਦਰਸ਼-ਵਾਦੀ ਪੁੱਠ ਦੇ ਕੇ ਉਪਭਾਵਕਤਾ ਦੀ ਸਿਖਰ ਤੱਕ ਪੁਚਾਇਆ ਗਿਆ ਹੈ । ਸਾਧਾਰਨ ਇਸਤ੍ਰੀ ਕਿਸੇ ਵੀ ਨਿਰਦੋਸ਼ੇ ਨੂੰ ਕਤਲ ਹੁੰਦਾ ਨਹੀਂ ਸਹਾਰ ਸਕਦੀ । ਜੇਕਰ ਉਸ ਨਿਰਦੋਸ਼ੇ ਦੇ ਨਿਰਦੋਸ਼ ਹੋਣ ਦਾ ਪੱਕਾ ਸਬੂਤ ਹੋਵੇ ਤੇ ਉਹਦੇ ਨਿੱਜ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਸ ਲਈ ਕੁਰਬਾਨੀ ਕਰ ਦੇਣੀ ਅਸੁਭਾਵਕ ਨਹੀਂ ਹੈ। ਕਰਮਜੀਤ ਵੀ ਇਹੋ ਕਰਦੀ ਹੈ । ਇਸ ਵਿਚ ਸ਼ੱਕ ਨਹੀਂ ਕਿ ਇਹੋ ਕੁਝ ਕਰਨਾ ਸਾਧਾਰਨ ਕੁੜੀ ਦੇ ਕਰਦਾਰ ਨਾਲੋਂ ਕੁਝ ਵੱਧ ਹੈ, ਪਰ ਨਾ ਛੋਹੇ ਜਾਣ ਵਾਲੀ ਸਿਖ਼ਰ ਨਹੀਂ ਹੈ । ਸੁਲੱਖਣ ਦੀ ਜਾਨ ਬਚਾਉਣ ਵੇਲੇ ਉਹ ਮੁੱਢ ਵਿਚ ਮਾਨਸਿਕ ਦਵੰਦ ਦਾ ਸ਼ਿਕਾਰ ਸੀ, ਪ੍ਰੰਤੂ ਅੰਤ ਵਿਚ ਨਿਰੋਲ ਆਦਰਸ਼ਵਾਦੀ ਮਾਨਵਵਾਦੀ ਝੁਕਾਅ ਭਾਰੂ ਰਿਹਾ ।

ਸੁਲੱਖਣ ਦੇ ਚੇਤਨ ਵਿਅਕਤੀ ਤੇ ਵਿਗਿਆਨਕ ਸੋਚ ਦਾ ਧਾਰਨੀ ਹੋਣ ਕਾਰਨ ਉਹਦਾ ਪਾਤਰ ਬਹੁਤਾ ਗੁੰਝਲਦਾਰ ਨਹੀਂ ਚਿਤਰਿਆ ਗਿਆ । ਨਾ ਹੀ ਉਸ ਦੀ ਕੋਈ ਖ਼ਾਸ ਸਮੱਸਿਆ ਹੈ । ਉਹਦੇ ਲਈ ਕੇਵਲ ਦੋ ਹੀ ਅਵਸਰ ਮਾਨਸਕ ਦਵੰਦ ਦੇ ਆਉਂਦੇ ਹਨ । ਇਕ ਦਿਆਲ ਸਿੰਘ ਦੇ ਘਰੋਂ ਜਾਣ ਸਮੇਂ, ਦੂਜਾ ਨਹਿਰ ਦੀ ਪਟੜੀ 'ਤੇ ਕਰਮਜੀਤ ਨੂੰ ਮਿਲਣ ਉਪਰੰਤ, ਪ੍ਰੰਤੂ ਉਹਦਾ ਆਦਰਸ਼ ਇਸ ਦਵੰਦ ਨੂੰ ਸਮੱਸਿਆ ਨਹੀਂ ਬਣਨ ਦਿੰਦਾ । ਕਰਮਜੀਤ ਦੇ ਨਿਰੋਲ ਉਹਦੇ ਨਿੱਜ ਲਈ ਕੁਰਬਾਨੀ ਕਰਨ ਸਮੇਂ ਵੀ ਉਹਦੇ ਸਾਹਮਣੇ ਆਦਰਸ਼ ਹੀ ਭਾਰੂ ਹੈ । ਉਹ ਕੁੜੀ ਵਲੋਂ ਆਪਣੇ ਨਿੱਜ ਤੇ ਆਪਣੇ ਭਵਿੱਖ ਦੀ ਆਹੂਤੀ ਦੇਣ 'ਤੇ ਵੀ ਇਨਕਲਾਬ ਵੱਲ ਸੁਚੇਤ ਹੈ। ਆਪਣੀ ਜਾਨ ਦੇ ਬਚ ਜਾਣ ਦੀ ਖ਼ੁਸ਼ੀ ਨਾਲੋਂ ਪਾਰਟੀ ਦੁਸ਼ਮਣਾਂ ਨੂੰ ਲੱਭਣ ਲਈ ਵੱਧ ਤੀਬਰ ਹੈ । ਇਸ ਵਿਚ ਸ਼ੱਕ ਨਹੀਂ ਕਿ ਲੋਕਾਂ ਲਈ ਮਰ ਮਿਟਣ ਵਾਲਾ ਵਿਅਕਤੀ ਜਜ਼ਬਾਤੀ ਤੇ ਭਾਵਕ ਨਹੀਂ ਹੋਣਾ ਚਾਹੀਦਾ । ਪ੍ਰੰਤੂ ਇਨਕਲਾਬੀ, ਜਜ਼ਬੇ-ਰਹਿਤ ਮਸ਼ੀਨਾਂ ਵੀ ਨਹੀਂ ਹੁੰਦੇ । ਕੰਵਲ, ਇਨਕਲਾਬੀ ਪਾਤਰ ਚਿਤਰਨ ਵਿਚ ਸਦਾ ਹੀ ਉਲਾਰ ਰਹਿੰਦਾ ਹੈ । ਉਹਦੇ ਪਾਤਰ ਜਾਂ ਤਾਂ ਮੱਧ ਸ਼੍ਰੇਣਿਕ ਵਿਅਕਤੀ ਹੁੰਦੇ ਹਨ ਜਿਹੜੇ ਸ਼ੌਕੀਆ ਇਨਕਲਾਬੀ ਤੇ ਮੁੱਖ ਰੂਪ ਵਿਚ ਰੁਮਾਂਸਵਾਦੀ ਹੁੰਦੇ ਹਨ ਜਾਂ ਸੁਲੱਖਣ ਵਾਂਗ ਨਿਰੋਲ ਲੋਹੇ ਦੀ ਲੱਠ । ਇਹਨਾਂ ਨੂੰ ਕੋਈ ਵੀ ਪ੍ਰਸਥਿਤੀਆਂ ਮਾਨਸਕ ਤੌਰ 'ਤੇ ਡੁਲਾ ਨਹੀਂ ਸਕਦੀਆਂ । ਇਹੋ ਕੰਵਲ ਦੀ ਕਮਜ਼ੋਰੀ ਹੈ, ਕਲਾ ਦੀ ਘਾਟ ਹੈ ।

ਕੰਵਲ ਭਵਾਨੀ ਵਿਚ ਮੁੱਖ ਤੌਰ 'ਤੇ ਖੱਬੀ ਲਹਿਰ, ਜਮਾਤੀ ਬਣਤਰ ਤੇ ਇਸ ਉਤੇ ਮੱਧ ਸ਼੍ਰੇਣਿਕ ਵਿਅਕਤੀਵਾਦੀ ਸੋਚ ਦੇ ਭਾਰੂ ਹੋਣ ਦੀ ਸਮੱਸਿਆ ਨੂੰ ਹੀ ਪੇਸ਼ ਕਰ ਸਕਿਆ ਹੈ । ਦੂਜੀਆਂ ਸਮੱਸਿਆਵਾਂ ਇਸ ਦੇ ਅਧੀਨ ਹਨ । •



## ਲੇਖਕ/ਪਾਠਕ ਕਹਿੰਦੇ ਹਨ

o ਦਿਮਾਗੀ ਗੰਢ ਦੀ ਗੱਲ : ਦੂਜੇ ਪਰਚਿਆਂ ਵਿਚ ਛਪੇ ਲੇਖਾਂ ਦਾ ਸੇਧ ਜੁਆਬ ਨਹੀਂ ਦੇਂਦਾ । ਸਾਨੂੰ ਇਸ ਨੀਤੀ ਦੀ ਅਜ ਤਕ ਸਮਝ ਨਹੀਂ ਆਈ । ਇਹ ਇਲਜ਼ਾਮ ਸੇਧ ਵਾਲਿਆਂ 'ਤੇ ਅਕਸਰ ਲਾਇਆ ਜਾਂਦਾ ਹੈ ਕਿ ਉਹ ਆਪਣੇ ਵਿਰੁਧ ਛਪੇ ਲੇਖਾਂ ਦਾ ਨਾ ਨੋਟਿਸ ਲੈਂਦੇ ਹਨ ਅਤੇ ਨਾ ਹੀ ਹੋਈ ਆਲੋਚਨਾ ਦਾ ਜੁਆਬ ਦੇਂਦੇ ਹਨ । (ਲਉ ਭਰਾਵੋ, ਤੁਹਾਡੀ ਚਿੱਠੀ ਛਾਪ ਰਹੇ ਹਾਂ । ਵਿਰੋਧੀ-ਲੇਖ ਦਾ ਨੋਟਿਸ ਵੀ ਲਿਆ ਗਿਆ ਅਤੇ, ਸਮਝ ਲਉ, ਹੋਈ ਆਲੋਚਨਾ ਦਾ ਜੁਆਬ ਵੀ ਦੇ ਦਿਤਾ ਗਿਆ । ਤੁਹਾਡੇ ਵਲੋਂ ਹੀ ਸਹੀ—ਸੰਪਾਦਕ) ਇਸ ਦੀ ਤਾਜ਼ਾ ਮਿਸਾਲ ਹੈ—ਸਿਰਜਣਾ (ਜਨਵਰੀ—ਮਾਰਚ, 1979) ਵਿਚ ਛਪਿਆ ਸੁਰਜੀਤ ਗਿੱਲ ਦਾ ਲੇਖ—"ਮਾਰਕਸਵਾਦ ਜਿਉਂਦਾ ਤੇ ਅਪਾਹਜ ।"

ਸਾਨੂੰ ਯਾਦ ਹੈ ਕਿ ਸੇਧ ਨੇ, ਕਾਫੀ ਸਮਾਂ ਹੋਇਆ, ਆਪਣੇ ਅਪ੍ਰੈਲ 1973 ਅੰਕ ਵਿਚ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਦੀ ਚਿੱਠੀ ਛਾਪੀ ਸੀ ਅਤੇ ਉਸ ਦਾ ਵਾਜਬੀ ਉਤਰ ਵੀ ਨਾਲ ਦਿਤਾ ਸੀ । ਏਸੇ ਤਰ੍ਹਾਂ ਅਕਤੂਬਰ 1973 ਅੰਕ ਵਿਚ, ਜਗਜੀਤ ਸਿੰਘ ਆਨੰਦ ਦੇ ਲਿਖੇ ਨਵਾਂ ਜ਼ਮਾਨਾ ਦੇ ਸੰਪਾਦਕੀ "ਸੇਧ ਆਪਣੀ ਸੇਧ ਪਛਾਣੇ" ਦਾ ਠੋਕਵਾਂ ਉਤਰ ਵੀ ਸੇਧ ਨੇ ਦਿਤਾ ਸੀ । ਅਸੀਂ ਇਹ ਵੀ ਮੰਨਦੇ ਹਾਂ ਕਿ ਸੇਧ ਨੇ ਗਾਹੇ ਬਗਾਹੇ ਆਪਣੇ ਤੋਂ ਵਿਰੋਧੀ ਵਿਚਾਰਾਂ ਵਾਲੇ ਲੇਖ ਵੀ ਛਾਪੇ ਹਨ (ਜਿਵੇਂ ਕਿ ਪਰੇਮ ਸਿੰਘ, ਗੁਰਚਰਨ ਸਿੰਘ ਸਹਿੰਸਰਾ, ਸੁਰਜੀਤ ਹਾਂਸ, ਜ. ਸ. ਗਰੇਵਾਲ, ਕਰਨਜੀਤ ਸਿੰਘ ਆਦਿ ਲੇਖਕਾਂ ਦੇ) ਅਤੇ ਉਹਨਾਂ ਵਿਚਾਰਾਂ ਬਾਰੇ ਆਪਣੇ ਵਿਚਾਰ ਵੀ ਦਿਤੇ ਹਨ । ਇਸ ਨਾਲ ਪਾਠਕਾਂ ਨੂੰ ਲਾਭ ਹੋਇਆ ਹੈ । ਮਸਲੇ ਨਿਖਰੇ ਹਨ । ਪਰ ਇਹ ਵੀ ਸੱਚ ਹੈ ਕਿ ਸੇਧ ਨੇ "ਇਕੱਤੀ ਫ਼ਰਵਰੀ" ਦੇ ਗੁਰਬਚਨ ਦੇ ਅਤੇ "ਵਹਿਣ" ਵਿਚ ਛਪੇ ਭੁਪਿੰਦਰ ਸਿੰਘ ਖਹਿਰਾ ਦੇ ਲੇਖਾਂ ਦਾ ਉਕਾ ਹੀ ਕੋਈ ਨੋਟਿਸ ਨਹੀਂ ਸੀ ਲਿਆ, ਅਤੇ ਨਾ ਹੀ ਉਹਨਾਂ ਦਾ ਉਤਰ ਦਿਤਾ ਸੀ । ਇਸ ਲਈ ਇਹ ਪ੍ਰਭਾਵ ਬਣ ਗਿਆ ਹੈ, ਜਾਂ ਵਿਰੋਧੀਆਂ ਨੇ ਬਣਾ ਦਿਤਾ ਹੈ ਕਿ ਸੇਧ ਉਹਨਾਂ ਲੇਖਕਾਂ ਦੀਆਂ ਲਿਖਤਾਂ ਦਾ ਜੁਆਬ ਨਹੀਂ ਦੇਂਦਾ ਜਿਹੜੇ ਉਸ ਦੇ ਗਿੱਟੀਂ ਮਾਰਦੇ ਹੋਣ । ਇਸ ਪ੍ਰਭਾਵ ਨੂੰ ਕੱਟਣ ਲਈ ਅਸਾਂ ਮਾੜਾ ਜਿਹਾ ਉਪਰਾਲਾ ਕੀਤਾ ਹੈ ਜੋ ਸੇਧ ਨੂੰ ਪਸੰਦ ਆ ਜਾਵੇ...

ਸੁਰਜੀਤ ਗਿੱਲ ਵਿਦਵਾਨ ਤਾਂ ਹੈ ਹੀ, ਪਰ ਉਹ "ਹੁਸ਼ਿਆਰ" ਬਹੁਤ ਹੈ । ਉਸ ਦੀ ਸਿਆਣਪ ਕਦੀ ਕਦੀ ਤਾਂ ਕਾਂ ਦੀ ਸਿਆਣਪ ਨੂੰ ਵੀ ਮਾਤ ਪਾਉਂਦੀ ਹੈ । ਅਕਲ ਤੇ ਮੂਰਖਤਾ ਦੀ ਜਿਹੜੀ

ਕੜ੍ਹੀ ਉਹ ਘੋਲਦਾ ਹੈ, ਉਸ ਦਾ ਜੁਆਬ ਨਹੀਂ ! ਗੱਲ ਛੇੜਣ ਦਾ ਢੰਗ ਉਸ ਦਾ ਉਸ ਸ਼ੈਤਾਨ ਬੰਦੇ ਵਰਗਾ ਹੈ ਜਿਹੜਾ ਆਪਣੀ ਗਲ ਕੁਝ ਇਉਂ ਸ਼ੁਰੂ ਕਰਦਾ ਹੈ : "ਬਈ, ਸਾਡੇ ਪਿੰਡ ਜੁਲਾਹਿਆਂ ਦਾ ਇਕ ਟਬਰ ਸੀ। ਹਰ ਇਕ ਜੀਅ ਉਹਨਾਂ ਦਾ ਇਕ ਤੋਂ ਇਕ ਵਧ ਮੂਰਖ..." ਤੇ ਫਿਰ ਉਸ ਮੂਰਖ ਲਾਣੇ ਦੀਆਂ ਚਾਰ ਦਸ ਵਾਹਯਾਤੀਆਂ ਦਸ ਕੇ, ਉਹ ਬੰਦਾ ਨਿਹਾਇਤ ਹੁਸ਼ਿਆਰੀ ਨਾਲ ਗੱਲ ਨੂੰ ਮੋੜਾ ਦੇ ਕੇ ਗੱਲ ਨੂੰ ਲੈ ਆਵੇ ਕਿਸੇ ਖ਼ਾਸ ਵਿਅਕਤੀ ਜਾਂ ਸੰਸਥਾ ਵਲ... ਤੇ ਫਿਰ ਭਾਵੇਂ ਉਹ ਇਧਰ ਉਧਰ ਦੀਆਂ ਹੀ ਮਾਰਦਾ ਰਵ੍ਹੇ, ਅੱਧਾ ਕੰਮ ਸਮਝੋ ਉਹ ਆਪਣਾ ਕਰ ਗਿਆ। ਅੰਗਰੇਜ਼ੀ ਕਹਾਵਤ ਵਾਂਗ—ਪਹਿਲਾਂ ਕਿਸੇ ਨੂੰ ਕੁੱਤਾ ਕਹਿ ਦਿਉ ਤੇ ਫਿਰ ਭਾਵੇਂ ਸੋਟਾ ਮਾਰ ਉਸ ਦੀ ਲੱਤ ਤੋੜ ਦਿਉ ਤੇ ਭਾਵੇਂ ਉਸ ਨੂੰ ਫਾਹੇ ਲਾ ਦਿਉ...ਤੁਹਾਨੂੰ ਪੁਛਣ ਵਾਲਾ ਕੌਣ ? ਸੁਰਜੀਤ ਗਿੱਲ ਅਜਿਹੇ ਬੰਦਿਆਂ ਵਿਚੋਂ ਕਾਫੀ ਸਿਰਕਢ ਬੰਦਾ ਲਗਦਾ ਹੈ।

ਉਹ ਆਪਣਾ ਲੇਖ ਸ਼ੁਰੂ ਹੀ ਇਥੋਂ ਕਰਦਾ ਹੈ—"ਪੱਛਮ ਵਿਚ ਪੈਟੀ ਬੁਰਜਵਾ ਬੁਧੀਜੀਵੀਆਂ ਦਾ ਇਕ ਟੋਲਾ ਹੈ, ਜਿਹੜੇ ਆਪਣੇ ਆਪ ਨੂੰ "ਸੁਤੰਤਰ ਮਾਰਕਸਵਾਦੀਏ" ਜਾਂ "ਗੈਰ-ਕਮਿਊਨਿਸਟ ਮਾਰਕਸਵਾਦੀਏ" ਅਖਵਾਉਂਦੇ ਹਨ। ਇਹ ਢੇਰ ਸਾਰਾ ਸਾਹਿਤ ਛਾਪਦੇ ਤੇ ਪਰਚੇ ਪ੍ਰਕਾਸ਼ਿਤ ਕਰਦੇ ਹਨ। ਇਹਨਾਂ ਵਿਚੋਂ ਪਾਲ ਸਵੀਜ਼ੀ ਤੇ ਚਾਰਲਸ ਬੈਥਲਮ ਮੋਹਰੀ ਹਨ। ਜਿਵੇਂ ਕਿ ਇਹਨਾਂ ਦੇ ਨਾਂ ਤੋਂ ਹੀ ਪਤਾ ਲਗਦਾ ਹੈ ਇਹ ਮਾਰਕਸਵਾਦ ਬਾਰੇ ਨਿਰੋਲ ਅਕਾਦਮਿਕ ਬਹਿਸ ਕਰਦੇ ਹਨ ਅਤੇ ਉਸ ਦੀ ਅੰਤਰਮੁਖੀ ਵਿਆਖਿਆ ਕਰਦੇ ਹਨ। ਸਮਾਜਵਾਦੀ ਦੇਸ਼ਾਂ—ਪਹਿਲਾਂ ਰੂਸ ਤੇ ਹੁਣ ਚੀਨ ਵਿਚ ਮੁੜ ਸਰਮਾਏਦਾਰੀ ਦੀ ਬਹਾਲੀ ਇਹਨਾਂ ਦੇ ਤਰ ਦਿਮਾਗ ਦੀ ਅਖ਼ਤਰਾ ਹੈ। ਕਮਿਊਨਿਸਟ ਲਹਿਰ ਉਤੇ ਨੁਕਤਾਚੀਨੀ ਕਰਨੀ ਆਪਣਾ ਜਮਾਂਦਰੂ ਹਕ ਸਮਝਦੇ ਹਨ। ਪਰੰਤੂ ਲਹਿਰ ਦੀ ਕਿਸੇ ਅਮਲੀ ਜ਼ਿਮੇਂਦਾਰੀ ਤੋਂ ਆਪਣੇ ਆਪ ਨੂੰ ਬੇਲਾਗ ਰਖਦੇ ਹਨ..."

ਜ਼ਾਹਿਰ ਹੈ ਕਿ ਇਹ ਮੁਢਲਾ ਪੈਰਾ ਹੀ ਬੜੀ ਹੁਸ਼ਿਆਰੀ ਨਾਲ ਲਿਖਿਆ ਗਿਆ ਹੈ ਅਤੇ ਇਸ ਵਿਚ ਅਗਿਆਨਤਾ ਦੀ ਪ੍ਰਦਰਸ਼ਨੀ ਵੀ ਕਮਾਲ ਦੀ ਹੈ। ਲਫ਼ਜ਼ਾਂ ਦੀ ਚੋਣ ਵੇਖੋ—"ਪੱਛਮ ਵਿਚ", "ਪੈਟੀ ਬੁਰਜੁਆ ਬੁਧੀਜੀਵੀਆਂ ਦਾ ਟੋਲਾ" "ਨਾਂ ਤੋਂ ਹੀ ਪਤਾ ਲਗਦਾ ਹੈ", "ਨਿਰੋਲ ਅਕਾਦਮਿਕ ਬਹਿਸ", "ਅੰਤਰਮੁਖੀ ਵਿਆਖਿਆ", "ਨੁਕਤਾਚੀਨੀ ਕਰਨ ਦਾ ਜਮਾਂਦਰੂ ਹਕ", "ਅਮਲੀ ਜ਼ਿਮੇਂਦਾਰੀ ਤੋਂ...ਬੇਲਾਗ"...

ਕੀ ਸੁਰਜੀਤ ਗਿੱਲ ਸੱਚੀਂ ਇਤਨਾ ਲੋਲੜ੍ਹ ਹੈ ਕਿ ਉਹ ਸੱਚੇ ਦਿਲੋਂ ਸਮਝਦਾ ਹੈ ਕਿ ਪੱਛਮ ਵਿਚ ਮਾਰਕਸਵਾਦ ਦੀ ਗੱਲ ਕਰਨ ਵਾਲਾ ਹਰ ਜੀਅ ਪੈਟੀ ਬੁਰਜੁਆ ਬੁਧੀਜੀਵੀ ਹੁੰਦਾ ਹੈ ਅਤੇ ਉਸ ਦਾ ਕੁਝ ਕਹਿਣਾ ਹਮੇਸ਼ਾਂ "ਅਪਾਹਜ ਮਾਰਕਸਵਾਦ" ਹੀ ਹੁੰਦਾ ਹੈ ? ਅਤੇ ਦੂਜੇ ਪਾਸੇ, ਪੂਰਬ ਵਿਚ ਜਦ ਕੋਈ ਬਰੈਜ਼ਨੇਵ, ਕੋਈ ਡੈਂਗ, ਕੋਈ ਹਰਕਿਸ਼ਨ ਸਿੰਘ ਸੁਰਜੀਤ ਜਾਂ ਜਯੋਤੀ ਬਾਸੂ ਉਬਾਸੀ ਲੈਣ ਲਈ ਵੀ ਆਪਣਾ ਮੂੰਹ ਖੋਲ੍ਹਦਾ ਹੈ ਤਾਂ ਉਸ ਵਿਚੋਂ "ਜਿਉਂਦੇ ਮਾਰਕਸਵਾਦ" ਦੀ ਭਾਫ਼ ਦਾ ਫਰ੍ਹਾਟਾ ਨਿਕਲਦਾ ਹੈ ?

**ਪੈਟੀ ਬੁਰਜੁਆ**—ਇਹ ਸ਼ਬਦ ਸੁਰਜੀਤ ਗਿੱਲ ਦਾ ਕਿਉਂ ਇਤਨਾ ਲਡਿੱਕਾ ਸ਼ਬਦ ਹੈ ? ਉਸ ਦਾ ਹੀ ਕਿਉਂ ? ਇਹ ਸ਼ਬਦ ਤਾਂ ਕੁਲ ਕਾਡਰ ਦੀ ਜੀਭਾ 'ਤੇ ਹਰ ਵੇਲੇ ਰਹਿੰਦਾ ਹੈ। ਇਸ ਦਾ ਉਹ ਬੜਾ ਪ੍ਰਯੋਗ ਕਰਦੇ ਹਨ। ਕਿਉਂ ? ਕਿਉਂਕਿ ਇਹ ਸ਼ਬਦ ਨੇਤਾਵਾਂ ਨੇ ਪਿਛਲੇ 40-50 ਸਾਲਾਂ ਵਿਚ ਕਾਡਰ ਦੇ ਦਿਮਾਗਾਂ ਵਿਚ ਚੰਗੀ ਤਰ੍ਹਾਂ ਰਚਾ ਤੇ ਰਸਾ ਦਿਤਾ ਹੈ। ਪੜ੍ਹਨਾ ਲਿਖਣਾ, ਸਿਧਾਂਤ ਨੂੰ ਸਮਝਣਾ, ਘੜਣਾ, ਘੋਖਣਾ, ਦਲੀਲ ਸੁਣਨੀ ਤੇ ਦਲੀਲ ਦੇਣੀ, ਹਰ ਗੱਲ ਨੂੰ ਨਿਰਖਣਾ



ਪਰਖਣਾ.. ਇਹ ਪੈਟੀ-ਬੁਰਜਵਾ ਰੁਚੀ ਹੈ...ਅਤੇ ਦੂਜੇ ਪਾਸੇ, ਅਸਲ ਕਾਮਰੇਡੀ ਹੈ, ਜੋ ਨੇਤਾ ਦਸ ਦੇਣ ਉਸ ਨੂੰ ਕਬੂਲ ਕਰ ਲੈਣ ਵਿਚ, ਜੋ ਨੇਤਾ ਕਹਿ ਦੇਣ, ਉਸ 'ਤੇ ਚਲਣ ਵਿਚ, ਹਿਦਾਇਤਾਂ ਦੇ ਮੰਨਣ ਵਿਚ, ਅਧੀਨਗੀ ਵਿਚ...ਨੇਤਾਵਾਂ ਦੀ ਸੇਵਾ ਹੀ ਮਾਰਕਸਵਾਦ ਦੀ ਸੇਵਾ ਹੈ...ਜਿਹੜਾ ਕਿਤਾਬ ਲੈ ਕੇ ਬਹਿ ਗਿਆ, ਉਹ ਬੁਧੀਜੀਵੀ ! ਅਤੇ ਜਿਸ ਸਿਧਾਂਤ ਜਾਂ ਨੀਤੀ ਬਾਰੇ ਅਗੋਂ ਕੋਈ ਸੁਆਲ ਪੁਛ ਲਿਆ, ਉਹ ਪੈਟੀ ਬੁਰਜੁਵਾ !!

ਸੁਰਜੀਤ ਗਿੱਲ ਨੇ, ਜਾਪਦਾ ਹੈ, ਕਿਤਿਉਂ ਪਾਲ ਸਵੀਜ਼ੀ ਤੇ ਚਾਰਲਸ ਬੈਥਲਮ ਦੇ ਨਾਂ ਸੁਣ ਲਏ ਹਨ। ਸ਼ਾਇਦ ਉਸ ਨੇ 'ਮੰਥਲੀ ਰੀਵੀਊ' ਮਾਸਕ-ਪੱਤਰ ਦਾ ਨਾਂ ਵੀ ਸੁਣਿਆ ਹੋਇਆ ਹੋਵੇ। ਛਪਦਾ ਤਾਂ ਉਹ ਪੱਛਮ ਵਿਚ ਹੀ ਹੈ, ਪਰ ਪੜ੍ਹਿਆ, ਵਿਚਾਰਿਆ (ਅਤੇ ਬੜੀ ਹਦ ਤਕ ਸਤ-ਕਾਰਿਆ ਵੀ ਉਹ ਕੁਲ ਦੁਨੀਆਂ ਵਿਚ ਜਾਂਦਾ ਹੈ। ਨਾਂ-ਨਿਹਾਦ ਸਮਾਜਵਾਦੀ ਦੇਸ਼ਾਂ ਵਿਚ ਵੀ ਅਤੇ ਗੈਰ-ਸਮਾਜਵਾਦੀ ਦੇਸ਼ਾਂ ਵਿਚ ਵੀ। ਜਿਥੇ ਕਿਤੇ ਵੀ ਮਾਰਕਸਵਾਦੀ ਹਨ, ਉਹ ਇਸ ਪਰਚੇ ਦੇ ਲੇਖਾਂ ਨੂੰ ਗੌਹ ਨਾਲ ਪੜ੍ਹਦੇ ਹਨ, ਨਿਮਰਤਾ ਨਾਲ ਇਸ ਦੇ ਵਿਚਾਰਾਂ 'ਤੇ ਵਿਚਾਰ-ਵਟਾਂਦਰਾ ਕਰਦੇ ਹਨ। (ਮਾਰਕਸਵਾਦ ਦੇ ਅਧਿਐਨ ਅਤੇ ਮਾਰਕਸਵਾਦ ਦੇ ਉਸਾਰਣ ਵਿਚ ਇਸ ਪਰਚੇ ਦਾ ਕੀ ਸਥਾਨ ਹੈ ਅਤੇ ਦੋਹਾਂ ਸੱਜਣਾਂ ਦਾ, ਜਿਹਨਾਂ ਦੇ ਨਾਂ ਸੁਰਜੀਤ ਗਿੱਲ ਨੇ ਲਏ ਹਨ, ਦੁਨੀਆਂ ਦੇ ਮਾਰਕਸਵਾਦੀ ਚਿੰਤਕਾਂ ਵਿਚ ਕੀ ਦਰਜਾ ਹੈ...ਇਸ ਬਾਰੇ ਸੁਰਜੀਤ ਗਿੱਲ ਦੀ ਅਗਿਆਨਤਾ ਹੀ ਉਸ ਨੂੰ ਉਜੱਡ ਸਾਬਤ ਕਰਨ ਲਈ ਕਾਫ਼ੀ ਹੈ) ਜੇ ਇਸ ਪਰਚੇ ਬਾਰੇ ਪੰਜਾਬ ਦੇ ਕਮਿਊਨਿਸਟਾਂ ਵਿਚ ਜਾਣਕਾਰੀ ਨਹੀਂ ਹੈ ਅਤੇ ਜਾਂ ਜੇ ਇਹ ਘਟ ਵਧ ਹੀ ਪੜ੍ਹਿਆ ਜਾਂਦਾ ਹੈ ਤਾਂ ਇਸ ਦੀ ਸਿਧੀ ਜ਼ਿਮੇਂਵਾਰੀ ਸਾਡੀ ਲੀਡਰਸ਼ਿਪ 'ਤੇ ਆਉਂਦੀ ਹੈ ਜੋ ਆਪ ਵੀ ਅਣਪੜ੍ਹ ਰਹਿਣਾ ਚਾਹੁੰਦੀ ਹੈ ਅਤੇ ਆਪਣੇ ਕਾਡਰ ਨੂੰ ਆਪਣੇ ਤੋਂ ਵੀ ਵਧ ਅਣਜਾਣ ਤੇ ਅਗਿਆਨੀ ਰਖਣਾ ਚਾਹੁੰਦੀ ਹੈ। ਇਹ ਸਵੈ-ਹਿੱਤ ਦੇ ਮਸਲੇ ਹਨ, ਭਾਈ !

"ਪੈਟੀ ਬੁਰਜੁਵਾ ਬੁਧੀਜੀਵੀ !" "ਨਿਰੋਲ ਅਕਾਦਮਿਕ ਬਹਿਸ"...ਸਿਰ ਸੁਆਹ ਤੇਰੀ ਮਤ ਦੇ, ਸੁਰਜੀਤ ਗਿੱਲ ਸਿੰਹਾਂ ! ਤੂੰ ਹੀ ਆਪਣਾ ਸਿਰ ਖੁਰਕ ਅਤੇ ਦਸ ਕਿ ਮਾਰਕਸ, ਏਂਗਲਜ਼, ਲੈਨਿਨ ਕੀ ਸਾਰਾ ਦਿਨ ਕੱਹੀ ਮਾਰਦੇ ਸਨ ? ਜਾਂ ਪਾਰਟੀ ਨੇਤਾਵਾਂ ਲਈ ਸਾਰਾ ਦਿਨ ਹਰਕਾਰੇ ਬਣ ਕੇ ਭੱਜੇ ਫਿਰਦੇ ਸਨ ? ਪਿਆਰੇ, ਉਹ ਬੁਧੀਜੀਵੀ ਸਨ ਅਤੇ ਤੇਰੀ ਪੁੱਠੀ ਸਮਝ ਕਾਰਨ ਉਹ ਜ਼ਰੂਰ ਪੈਟੀ ਬੁਰਜੁਆ ਹੀ ਹੋਣਗੇ ਕਿਉਂਕਿ ਉਹ ਪੜ੍ਹਦੇ ਸਨ, ਤੱਥਾਂ ਨੂੰ ਘੋਖਦੇ ਸਨ, ਦਲੀਲਾਂ ਦੇਂਦੇ ਸਨ, ਸਿੱਟੇ ਕਢਦੇ ਸਨ, ਸਿਧਾਂਤ ਘੜਦੇ ਸਨ, ਪਾਰਟੀ ਕਾਡਰ ਨੂੰ, ਲੋਕਾਂ ਨੂੰ ਐਜੂਕੇਟ ਕਰਦੇ ਸਨ। ਸੋਚ ਆਉਂਦੀ ਹੈ ਕਿ ਜੇ ਉਦੋਂ ਕਿਤੇ ਸੁਰਜੀਤ ਗਿੱਲ ਜੀਊਂਦਾ ਹੁੰਦਾ ਅਤੇ ਪਾਰਟੀ ਦੀ ਲੀਡਰ-ਸ਼ਿਪ ਸਾਡੇ ਅੱਜ ਵਾਲੇ ਲੀਡਰਾਂ ਦੇ ਹੱਥ ਹੁੰਦੀ ਤਾਂ ਸੁਰਜੀਤ ਗਿੱਲ ਯਕੀਨਨ ਮਾਰਕਸ ਤੇ ਏਂਗਲਜ਼ ਦੇ ਗਿੱਟੇ ਭੰਨ ਦੇਂਦਾ ਅਤੇ ਉਹਨਾਂ ਦੀ ਪੜ੍ਹਾਈ ਪੜ੍ਹਾਈ ਛਡਵਾ ਕੇ, ਉਹਨਾਂ ਦੇ ਗਲੀਂ ਥੈਲੇ ਪਵਾ ਕੇ, ਉਹਨਾਂ ਨੂੰ ਫ਼ਾਜ਼ਿਲਕਾ ਤੇ ਬਠਿੰਡੇ ਦੇ ਪਿੰਡਾਂ ਵਿਚ "ਪਾਰਟੀ ਦਾ ਅਮਲੀ ਕੰਮ" ਕਰਨ ਲਈ ਤੋਰ ਦੇਂਦਾ ਤੇ ਉਹ ਵਿਚਾਰੇ ਪਿੰਡੋ ਪਿੰਡੀਂ ਸਾਡੇ ਨੇਤਾਵਾਂ ਦੇ "ਜਿਉਂਦੇ ਮਾਰਕਸਵਾਦ" ਮਤਲਬ ਉਹਨਾਂ ਦੀਆਂ ਘਤੂਸਾਂ ਦਾ ਪਰਚਾਰ ਅਵਾਮਾਂ ਵਿਚ ਕਰਦੇ ਫਿਰਦੇ।

ਸੇਧ ਦੇ ਮੱਥੇ ਉਤੇ ਲਿਖਿਆ "ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ" ਸੁਰਜੀਤ ਗਿੱਲ ਨੂੰ ਖਟਕਦਾ ਹੈ। ਜਾਪਦਾ ਹੈ ਉਸ ਦੇ ਦਿਮਾਗ਼ ਅੰਦਰ ਇਕ ਗੰਢ (ਸ਼ਾਇਦ ਰਸੌਲੀ) ਬੱਝੀ ਹੋਈ ਹੈ—ਕਿ ਮਾਰਕਸਵਾਦ ਕੀ ਤੇ ਸੁਤੰਤਰਤਾ ਕੀ ??!! ਉਸ ਦੀ ਸੋਚ, ਸੂਝ ਦੇ ਅਨੁਸਾਰ

ਮਾਰਕਸਵਾਦ ਦਾ ਮਤਲਬ ਹੈ ਮਾਰਕਸਵਾਦੀ ਪਾਰਟੀ (ਅਤੇ ਪਾਰਟੀ ਵੀ ਸਿਰਫ਼ ਉਹੀ ਜਿਸ ਦਾ ਕਿ ਉਹ ਆਪ ਮੈਂਬਰ ਹੈ) ਅਤੇ ਪਾਰਟੀ ਦਾ ਮਤਲਬ ਹੈ...ਡਿਸਿਪਲਿਨ, ਜ਼ਾਬਤਾ, ਹੁਕਮ ਦੀ ਪਾਲਨਾ, ਸੱਚ ਉਪਰਲਿਆਂ ਦੀ ਮੁੱਠੀ ਵਿਚ ਅਤੇ ਥਲੇ ਦੇ ਸੇਵਾਦਾਰਾਂ ਦਾ ਕੰਮ ਹੈ ਉਸ ਹੁਕਮ ਦੀ ਪਾਲਨਾ ਕਰਨੀ, ਉਪਰਲਿਆਂ ਵਲ ਅੰਨ੍ਹੀ ਸ਼ਰਧਾ, ਉਹਨਾਂ ਦੀ ਅਣਥਕ ਸੇਵਾ ਅਤੇ ਅਖੀਰ, ਉਸ ਸੇਵਾ ਦਾ ਮੇਵਾ ! (ਓਵੇਂ, ਜਿਵੇਂ ਸਪਾਹੀ ਨਾਲੋਂ ਹੌਲਦਾਰ ਕ੍ਰੋਲ ਅਕਲ ਜ਼ਿਆਦਾ, ਹੌਲਦਾਰ ਨਾਲੋਂ ਸੂਬੇਦਾਰ ਵਧ ਸਿਆਣਾ, ਸੂਬੇਦਾਰ ਨਾਲੋਂ ਕਪਤਾਨ ਤੇ ਕਪਤਾਨ ਨਾਲੋਂ ਕਰਨੈਲ ਵਡੇਰੀ ਅਕਲ ਤੇ ਵਧ ਸਿਆਣਪ ਦਾ ਮਾਲਕ ! ਉਪਰੋਂ ਹੁਕਮ ਤੇ ਥਲੇ ਉਸ ਦੀ ਪਾਲਨਾ...!!)

ਸੁਰਜੀਤ ਗਿੱਲ ਨੂੰ ਕੋਈ ਕਿਵੇਂ ਸਮਝਾਵੇ ਕਿ ਮਾਰਕਸਵਾਦ ਤੇ ਮਾਰਕਸਵਾਦੀ ਪਾਰਟੀ ਦੋ ਅੱਡ ਅੱਡ ਗੱਲਾਂ ਹਨ...(ਵਿਰੋਧੀ ਨਹੀਂ, ਪਰ ਅੱਡ ਅੱਡ) ਅਤੇ ਏਸੇ ਤਰ੍ਹਾਂ ਮਾਰਕਸਵਾਦੀ ਪਾਰਟੀ ਦਾ ਦਾ ਮਤਲਬ ਸੈਂਟਰਲ ਰੀਜ਼ਰਵ ਪੁਲੀਸ ਜਾਂ ਬੀ.ਐਸ.ਐਫ਼. ਨਹੀਂ ਹੁੰਦਾ । ਮਾਰਕਸਵਾਦ ਮੁਤਾਬਕ ਮਾਰਕਸਵਾਦੀ ਪਾਰਟੀ ਦੀ ਜਾਨ ਹੁੰਦੀ ਹੈ—ਜਮਹੂਰੀ ਕੇਂਦਰਵਾਦ । ਅਤੇ ਉਸ ਦਾ ਅਰਥ ਹੁੰਦਾ ਹੈ—ਜਮਹੂਰੀਅਤ (ਕਿੰਨ੍ਹੀ ਸਾਰੀ)+ਕੇਂਦਰਵਾਦ (ਉਤਨਾ, ਜਿਸ ਨਾਲ ਪਾਰਟੀ ਆਪਣੀ ਜੁੜਵੀਂ ਤਾਕਤ ਨਾਲ ਕੰਮ ਕਰ ਸਕੇ)+ਜਮਹੂਰੀਅਤ (ਕਿੰਨ੍ਹੀ ਸਾਰੀ...ਤਾਕਿ ਹਰ ਮੈਂਬਰ/ਹਰ ਹਮਦਰਦ ਬਿਨਾਂ ਝਿਜਕ, ਬਿਨਾਂ ਕਿਸੇ ਡਰ ਭੌ ਦੇ ਆਪਣੇ ਅਨੁਭਵ, ਆਪਣੇ ਵਿਚਾਰ ਪਾਰਟੀ ਦੇ ਸਾਹਮਣੇ ਰਖ ਸਕੇ, ਲੀਡਰਾਂ ਦੀਆਂ ਗ਼ਲਤ ਨੀਤੀਆਂ ਅਤੇ ਗਲਤ ਰਹਿਣੀਆਂ ਬਹਿਣੀਆਂ 'ਤੇ, ਗ਼ਲਤ ਕਦਰਾਂ-ਕੀਮਤਾਂ ਦੇ ਚੌਖਟਿਆਂ 'ਤੇ ਨੁਕਤਾਚੀਨੀ ਕਰ ਸਕੇ । ਅਸਰਦਾਰ ਤਰੀਕੇ ਨਾਲ ਕਰ ਸਕੇ । ਇਹੀ ਫਾਰਮੂਲਾ ਲੈਨਿਨ ਦਾ ਸੀ ਅਤੇ ਏਸੇ 'ਤੇ ਹੀ ਮਾਓ ਨੇ ਜ਼ੋਰ ਦਿਤਾ ਸੀ । ਪਰ ਸੁਰਜੀਤ ਗਿੱਲ ਅਤੇ ਉਸ ਦੇ ਨੇਤਾਵਾਂ ਨੇ ਇਸ ਫ਼ਾਰਮੂਲੇ ਨੂੰ ਐਸਾ ਸਟਾਲਿਨੀ ਰੰਗ ਦਿਤਾ ਹੈ ਕਿ ਇਹ ਬਣ ਗਿਆ ਹੈ—ਕੇਂਦਰਵਾਦ (ਕਿੰਨ੍ਹਾ ਸਾਰਾ)+ਜਮਹੂਰੀਅਤ(ਥੋੜੀ ਜਿੰਨੀ)+ਕੇਂਦਰਵਾਦ (ਫੌਲਾਦੀ ਤੇ ਆਪਣਿਆਂ ਨੂੰ ਪੂਰਨ ਤੌਰ 'ਤੇ ਦਘੱਲ ਕਰਨ ਵਾਲਾ)...ਸੁਰਜੀਤ ਗਿੱਲ ਵਿਚਾਰੇ ਦਾ ਵੀ ਕੀ ਦੋਸ਼ ! ਉਹ ਆਪ ਵਿਚਾਰਾ ਉਹਨਾਂ ਤੀਹਾਂ ਚਾਲ੍ਹੀਆਂ ਸਾਲਾਂ ਦੇ ਦੌਰ ਦੀ ਉਪਜ ਹੈ ਜਦ ਪਾਰਟੀ ਦੇ ਅੰਦਰ ਕਾਡਰ ਇਹ ਫਿਕਰਾ ਆਮ ਇਸਤੇਮਾਲ ਕਰਦਾ ਸੀ : "ਨਹੀਂ ਕਾਮਰੇਡ, ਪਾਰਟੀ ਡੰਡਾ ਚਾਹੜੂ !" ਜਾਂ "ਕਾਮਰੇਡ, ਤੈਨੂੰ ਪਤਾ ਈ ਏ ਪਾਰਟੀ ਕਿਵੇਂ ਡੰਡਾ ਚਾੜ੍ਹਦੀ ਹੈ !"

ਇਹ "ਡੰਡਾ ਚਾੜ੍ਹਣ" ਵਾਲੀ ਗੱਲ ਸੋਚਣ ਵਾਲੀ ਹੈ । ਇਹ ਕਿਥੋਂ ਆਈ ਹੈ ? ਇਸ ਦਾ ਸੋਮਾਂ ਕੀਹ ਹੈ ? ਡੰਡਾ ਕੌਣ ਚੜ੍ਹਾਉਂਦਾ ਸੀ ? ਅਤੇ ਕਿਥੇ ਚੜ੍ਹਾਉਂਦਾ ਸੀ ? ਜ਼ਾਹਿਰ ਹੈ—ਪੁਲਸ ਚੜ੍ਹਾਉਂਦੀ ਸੀ ਅਤੇ ਕਿਥੇ ਤੇ ਕਿਵੇਂ ਚੜ੍ਹਾਉਂਦੀ ਸੀ...ਇਸ ਦਾ ਗਿਆਨ ਤੇ ਤਜਰਬਾ ਵੀ ਲੋਕਾਂ ਨੂੰ ਹੈ । ਸਾਡੀ ਪਾਰਟੀ ਸਟਾਲਿਨੀ ਪਾਲਿਸੀ ਤੇ ਸਟਾਲਿਨੀ ਡਿਸਿਪਲਿਨ ਦੇ ਰੰਗ ਵਿਚ ਪਲੀ ਅਤੇ ਜੁਆਨ ਹੋਈ ਹੈ । ਕੁਦਰਤਨ, 'ਡੰਡਾ ਚਾੜ੍ਹਨਾ' ਇਸ ਦਾ ਮਕਬੂਲ ਪ੍ਰਗਟਾਅ ਬਣਨਾ ਹੀ ਸੀ । ਜਿਵੇਂ ਅਗੇ ਵੀ ਕਿਸੇ ਸੱਜਣ ਨੇ ਸ਼ਾਇਦ ਸੇਧ ਵਿਚ ਹੀ ਲਿਖਿਆ ਸੀ...ਓਏ, ਲਾਟੀਕੀਨ ਦੇ ਪੁਤਰੋ ! ਰਤਾ ਸੋਚੋ, ਤੁਹਾਡੀ ਅਵਸਥਾ ਦੇਸ਼ ਵਿਚ 'ਢਾਈ ਟੋਟਰੂ ਤੇ ਡੇਰਾ ਫਤਿਹਆਬਾਦ' ਵਾਲੀ ਹੈ; ਤਾਕਤ ਦੀ ਝੂੰਹ ਹਾਲਾਂ ਤੁਹਾਡੇ ਹੱਥ ਆਈ ਨਹੀਂ, ਇਨਕਲਾਬ ਤੋਂ ਤੁਸੀਂ ਹਾਲੇ ਕੋਹਾਂ ਦੂਰ ਹੋ, ਦੇਸ਼ ਦੀ ਮਜ਼ਦੂਰ ਜਮਾਤ ਦਾ ਹਾਲੀ ਛੇਵਾਂ ਹਿੱਸਾ ਵੀ ਤੁਹਾਡੇ ਨਾਲ ਤੁਰਿਆ ਨਹੀਂ, ਕਿਸਾਨੀ ਤੁਹਾਨੂੰ 'ਕੰਮ ਰੇੜ੍ਹ' ਕਹਿ ਕੇ ਬੁਲਾਉਂਦੀ ਹੈ ਤੇ ਤੁਸੀਂ ਹੋ ਕਿ ਪਿਉ ਵਾਲੀ ਬਣਾ ਕੇ ਬੈਠ ਗਏ ਹੋ ਸੈਂਟਰਲ ਰੀਜ਼ਰਵ ਪੁਲੀਸ ਵਰਗੀ ਜਥੇਬੰਦੀ ਅਤੇ ਦਾਬਾ ਮਾਰਦੇ ਹੋ ਡੰਡਾ ਚਾੜ੍ਹਣ ਦਾ । ਆਪਣਿਆਂ ਨੂੰ ਹੀ



ਡਰਾਉਣ ਧਰਕਾਉਣ ਲਗ ਪਏ ਹੋ ?! ਹੁਣ ਤੋਂ ਹੀ ?!

ਸਾਡੀ ਸੇਧ ਵਾਲਿਆਂ ਨੂੰ ਰਾਏ ਹੈ ਕਿ ਉਹ ਸੁਰਜੀਤ ਗਿੱਲ ਦੀ ਸਲਾਹ ਮੰਨ ਲੈਣ । ਸੇਧ ਦੇ ਮੱਥੇ ਉਤੇ "ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ" ਲਿਖਣ ਦੀ ਥਾਂ ਉਹ ਲਿਖਣਾ ਸ਼ੁਰੂ ਕਰ ਦੇਣ—"ਮਾਰਕਸਵਾਦੀ ਵਿਚਾਰਾਂ ਦਾ ਗੁਲਾਮ ਮਾਸਕ-ਪੱਤਰ ।" ਅਤੇ ਗੁਲਾਮ ਸ਼ਬਦ ਦੇ ਨਾਲ ਬਰੈਕਟ ਵਿਚ ਪਾਇਆ ਕਰਨ "ਸੀ. ਪੀ. ਆਈ / ਇੰਦਰਾ", ਜਾਂ "ਸੀ. ਪੀ. ਐਮ / ਜਨਤਾ ਜਾਂ ਅਕਾਲੀ", "ਸੀ. ਪੀ. ਐਮ. ਐਲ / ਰੈਡੀ, ਸਤਨਾਰਾਇਣ, ਚਾਰੂ ਮੁਜਮਦਾਰ...ਗਰੁਪ !"

ਸਾਡੇ "ਮਾਰਕਸਵਾਦੀਆਂ" ਨੂੰ, ਜਾਪਦਾ ਹੈ, ਸੁਤੰਤਰ ਸ਼ਬਦ ਨਾਲ ਹੀ ਚਿੱੜ ਹੈ । ਉਹ ਸੋਚਦੇ ਹਨ ਮਾਰਕਸਵਾਦ ਕੀ ਤੇ ਸੁਤੰਤਰਤਾ ਕੀ ? ! ! ਮਾਰਕਸ ਦੇ ਉਸ ਮਸ਼ਹੂਰ ਕਥਨ "ਦੁਨੀਆਂ ਭਰ ਦੇ ਕਾਮਿਉਂ ਇਕ ਹੋ ਜਾਉ, ਤੁਹਾਡਾ ਕੁਝ ਨਹੀਂ ਖੁਸਣ ਲਗਾ ਸਵਾਏ ਤੁਹਾਡੀਆਂ ਜੰਜੀਰਾਂ ਦੇ" ਦਾ ਅਰਥ ਸਾਡੇ ਮਾਰਕਸਵਾਦੀਆਂ ਨੇ ਸ਼ਾਇਦ ਇਹ ਕਢਿਆ ਹੈ ਕਿ 'ਜੰਜੀਰਾਂ ਦੇ ਟੁਟਣ' ਦਾ ਮਤਲਬ ਮਨੁਖ ਦੀ ਆਜ਼ਾਦੀ ਤੇ ਸੁਤੰਤਰਤਾ ਨਹੀਂ ਸੀ, ਸਿਰਫ ਇਹੀ ਸੀ ਕਿ ਪੈਦਾਵਾਰ ਦੇ ਸਾਧਨ ਜਾਗੀਰ-ਦਾਰਾਂ ਤੇ ਸਰਮਾਏਦਾਰਾਂ ਕੋਲੋਂ ਇਕ ਵਾਰੀ ਖੋਹ ਲਵੋ ਤੇ ਫਿਰ ਸਭ ਠੀਕ ਹੀ ਠੀਕ ਹੈ...ਸਭ ਸਮਾਜਕ-ਮਨੁਖੀ ਮਸਲੇ ਹਲ ਹੋ ਜਾਣਗੇ...ਫਿਰ ਤੁਸੀਂ ਉਸੇ ਤਰ੍ਹਾਂ ਜ਼ਰ ਦੌਲਤ ਵਸਤਾਂ ਨੂੰ ਜਫ਼ੇ ਮਾਰਿਉ, ਜਿਸ ਤਰ੍ਹਾਂ ਕੁੱਤੇ ਸਰਮਾਏਦਾਰ ਹੁਣ ਤਕ ਮਾਰਦੇ ਰਹੇ ਹਨ...ਹੋਰ ਵਡੇਰਾ ਵਸਤ-ਪਾਲ ਸਮਾਜ ਬਣਾਇਉ, ਕਿਉਂਕਿ ਤੁਸੀਂ "ਪਦਾਰਥਵਾਦੀ" ਹੋ...!!

ਭਗਵਾਨ ਸਿੰਘ ਜੋਸ਼ ਦੇ ਕਈ ਨੁਕਤਿਆਂ ਬਾਰੇ ਸੁਰਜੀਤ ਗਿੱਲ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ । ਉਹਨਾਂ ਬਾਰੇ, ਸਾਨੂੰ ਪੂਰੀ ਆਸ ਹੈ, ਜੋਸ਼ ਸਾਹਿਬ ਸਿਰਜਣਾ ਜਾਂ ਸੇਧ ਵਿਚ ਆਪਣਾ ਪੱਖ ਸਪਸ਼ਟ ਤੌਰ 'ਤੇ ਪੇਸ਼ ਜ਼ਰੂਰ ਕਰਨਗੇ । ਇਹ ਉਹਨਾਂ ਦੀ ਜ਼ਿਮੇਂਵਾਰੀ ਹੈ ।

ਸੇਧ ਨੇ ਬਹੁਤ ਵਾਰ ਕਿਹਾ ਹੈ ਕਿ ਸਾਡੀਆਂ ਮਾਰਕਸਵਾਦੀ ਪਾਰਟੀਆਂ ਦੀ ਲੀਡਰਸ਼ਿਪ ਕਰੱਪਟ ਵੀ ਹੈ ਅਤੇ ਧੱਬਲ ਵੀ ਅਤੇ ਕਾਡਰ ਅਣਪੜ੍ਹ ਹੈ (ਮਾਰਕਸਵਾਦ ਦੀ ਪੜ੍ਹਾਈ ਅਤੇ ਸਮਝ ਸੂਝ ਦੇ ਨੁਕਤੇ ਤੋਂ), ਸਿੱਦੜ ਹੈ, ਲੋਲ੍ਹੜ ਹੈ । ਹੈ ਕਾਡਰ ਨਿਸ਼ਕਾਮ ਤੇ ਸੁਆਰਥਹੀਣ, ਕੁਰਬਾਨੀ ਕਰਨ ਵਾਲਾ, ਪਰ ਲੀਡਰਾਂ ਨੇ ਉਸ ਨੂੰ ਦਿਮਾਗ਼ੀ ਤੇ ਅਮਲੀ ਕੰਮ ਦੀ ਟਰੇਨਿੰਗ ਅਜਿਹੀ ਦਿਤੀ ਹੈ ਕਿ ਉਹ ਬਣਦਾ ਬਣਦਾ ਬਣ ਗਿਆ ਹੈ—ਲੀਡਰਾਂ ਦਾ ਬਸਤਾ-ਚੁਕ । ਤਾਂ ਹੀ ਜਸਵੰਤ ਸਿੰਘ ਕੰਵਲ ਕਹਿੰਦਾ ਹੈ ਕਿ ਨੇਤਾ ਕਾਡਰ ਨੂੰ ਢੱਗਿਆਂ ਵਾਂਗੂੰ ਵਾਹੁੰਦੇ ਹਨ, ਤਾਂ ਹੀ ਜਸਵੰਤ ਸਿੰਘ ਰਾਹੀ ਇਸ ਗੱਲ ਦਾ ਰੋਣਾ ਰੋਂਦਾ ਹੈ । ਇਹ ਰੋਣਾ ਰੋਣ ਲਈ ਵੀ ਮਨ ਸਵੱਛ ਤੇ ਦਿਲ ਗੁਰਦਾ ਮਜ਼ਬੂਤ ਚਾਹੀਦਾ ਹੈ । ਏਸੇ ਕਰਕੇ ਵਿਰਲਾ ਵਿਰਲਾ ਕਾਡਰ ਹੀ ਇਹ ਗੱਲ ਹੌਸਲੇ ਨਾਲ ਕਰ ਰਿਹਾ ਹੈ, ਹਾਲਾਂ ਦੱਬੀ ਦੱਬੀ ਆਵਾਜ਼ ਵਿਚ (ਪਾਰਟੀ ਦੇ ਡੰਡਾ ਚਾੜ੍ਹਣ ਤੋਂ ਸ਼ਾਇਦ ਡਰਦਾ ਹੋਣ ਕਰਕੇ), ਆਪਣੇ ਆਪਣੇ ਸਰਕਲ ਵਿਚ । ਹਾਲੀ ਇਹ ਗੱਲਾਂ ਨਾ ਉਹ ਉਭਾਸਰ ਕੇ ਕਹਿੰਦਾ ਹੈ ਅਤੇ ਨਾ ਹੀ ਆਪਣੇ ਵਿਚਾਰਾਂ ਤੇ ਜਜ਼ਬਿਆਂ ਨੂੰ ਲਿਖਤੀ ਰੂਪ ਵਿਚ ਪੇਸ਼ ਕਰਦਾ ਹੈ ।

ਅਸੀਂ ਸੁਰਜੀਤ ਗਿੱਲ ਦੀ ਬਹੁਤ ਇਜ਼ਤ ਕਰਦੇ ਹਾਂ । ਅਸੀਂ ਉਸ ਦੀ ਪਾਰਟੀ ਦੇ ਵੀ ਦੋਖੀ ਨਹੀਂ ਹਾਂ । ਕਿਸੇ ਵੀ ਮਾਰਕਸਵਾਦੀ ਪਾਰਟੀ ਦੇ ਦੋਖੀ ਕੀ, ਵਿਰੋਧੀ ਵੀ ਨਹੀਂ ਹਾਂ । ਅਸੀਂ ਸੁਰਜੀਤ ਗਿੱਲ ਨੂੰ ਇਹ ਬੇਨਤੀ ਕਰਦੇ ਹਾਂ ਕਿ ਉਹ ਅਜਿਹੇ ਲੇਖ ਲਿਖ ਕੇ ਆਪਣੇ ਆਪ ਨੂੰ ਗਲਤ ਪੁਜ਼ੀਸ਼ਨਾਂ ਵਿਚ ਨਾ ਪਾਵੇ । ਜੇ ਪਾਰਟੀ ਦੇ ਡੰਡੇ ਤੋਂ ਡਰਦਾ ਉਹ ਅਜਿਹੇ ਲੇਖ ਲਿਖਦਾ ਹੈ ਤਾਂ ਅਜ ਵੇਲਾ ਹੈ ਕਿ ਉਹ ਸੰਭਲੇ ਤੇ ਸਮਝੇ । ਇਸ ਤੋਂ ਪਹਿਲਾਂ ਕਿ ਸਮਾਂ ਉਸ ਦੀ ਅਜਿਹੀ "ਵਿਦਵਤਾ"

ਨੂੰ ਇਤਿਹਾਸ ਦੇ ਕੂੜੇ ਦੇ ਢੇਰ ਵਿਚ ਸੁਟ ਦੇਵੇ, ਉਸ ਨੂੰ ਸਹੀ ਪੁਜ਼ੀਸ਼ਨ ਲੈ ਕੇ, ਨਿਡਰ ਹੋ ਕੇ ਪੰਜਾਬ ਵਿਚ ਮਾਰਕਸਵਾਦ ਉਸਾਰਨ ਦੇ ਕੰਮ ਵਿਚ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ।

ਸਾਡਾ ਚੈਲੰਜ ਹੈ ਕਿ ਸਾਡੀਆਂ ਪਾਰਟੀਆਂ ਦੀ ਲੀਡਰਸ਼ਿਪ ਜੇ ਸੁਹਿਰਦ ਤੇ ਨਿਰਛਲ ਹੈ ਤਾਂ ਉਸ ਨੂੰ ਬਲਵਿੰਦਰਜੀਤ ਦੇ ਸੁਝਾਅ "ਜਨਤਕ ਪੜਤਾਲੀਆ ਕਮਿਸ਼ਨ" (ਸੇਧ, ਦਸੰਬਰ 1978) ਕਾਇਮ ਕਰਨ 'ਤੇ ਫੌਰਨ ਅਮਲ ਕਰਨਾ ਚਾਹੀਦਾ ਹੈ। ਖੁਲ੍ਹੀ ਜਾਂਚ ਪੜਤਾਲ ਹੋਣ ਦਿਤੀ ਜਾਵੇ। "ਪੜਚੋਲ, ਸਵੈ ਪੜਚੋਲ, ਪੜਚੋਲ"—ਮਾਰਕਸਵਾਦ ਦੇ ਮੋਢੀਆ ਅਤੇ ਉਸਰੱਈਆਂ ਨੇ ਇਹ ਨੁਸਖਾ ਨਸਵਾਰ ਵਾਲੀ ਡੱਬੀ 'ਚ ਪਾ ਕੇ ਰਖਣ ਲਈ ਤਾਂ ਨਹੀਂ ਸੀ ਬਣਾਇਆ ਕਿ ਕਦੀ ਕਦੀ, ਜਦ ਨੱਕ ਬੰਦ ਹੁੰਦਾ ਲਗੇ ਤਾਂ ਕੋਈ ਕੋਈ ਵਿਸ਼ੇਸ਼ ਨੇਤਾ ਇਸ ਦੀ ਚੁਟਕੀ ਆਪਣੀਆਂ ਨਾਸਾਂ ਵਿਚ ਪਾ ਲਵੇ, ਇਕ ਦੋ ਛਿੱਕਾਂ ਆ ਜਾਣ, ਨੱਕ ਖੁਲ੍ਹ ਜਾਵੇ, ਸਾਹ ਸੌਖਾ ਹੋ ਜਾਵੇ ਅਤੇ ਨੇਤਾ ਦੁਧ-ਨਹਾਤਾ ਹੋਣ ਦਾ ਡਕਾਰ ਮਾਰ ਕੇ ਚੁਪ ਸਾਧ ਲਵੇ।

—ਕਨੇਡਾ ਤੋਂ ਪਰਮਜੀਤ, ਦਲੇਰ ਸੰਧੂ
ਅਤੇ ਹੋਰ ਸਾਥੀ

○ **ਢਾਈ ਅੱਖਰ ਪ੍ਰੇਮ / ਨਕਲ ਕੇ :** "ਸ਼ਬਦ" ਨੂੰ ਵੈਦਿਕ, ਪੌਰਾਣਿਕ ਅਤੇ ਸਾਡੇ ਗੁਰਮਤ ਸਾਹਿੱਤ ਵਿਚ ਬੜੇ ਵਿਸ਼ਾਲ ਤੇ ਮਹੱਤਵਪੂਰਨ ਅਰਥ ਦਿਤੇ ਗਏ ਹਨ। ਸ਼ਬਦ ਸ਼ਕਤੀ ਹੈ, ਸ਼ਬਦ ਗੁਰੂ ਹੈ, ਸ਼ਬਦ ਬ੍ਰਹਮ ਹੈ। "ਸ਼ਬਦ" ਪ੍ਰਭੂ ਮਿਲਾਪ ਲਈ ਸਭ ਤੋਂ ਵੱਡਾ ਵਸੀਲਾ ਹੈ। ਸ਼ਬਦ ਅਥਵਾ ਅੱਖਰ ਗਿਆਨ ਦੇ ਥੋਥਲੇਪਨ ਬਾਰੇ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ : ਪੜ੍ਹ ਪੜ੍ਹ ਗਡੇ ਲਦੀਐ (ਗੁਰੂ ਨਾਨਕ); ਪੋਥੀ ਪੜ੍ਹ ਪੜ੍ਹ ਜਗ ਮੂਆ ਪੰਡਿਤ ਭਇਆ ਨਾ ਕੋਇ। ਢਾਈ ਅੱਖਰ ਪ੍ਰੇਮ ਕੇ ਪੜ੍ਹੇ ਸੋ ਪੰਡਿਤ ਹੋਇ। (ਕਬੀਰ)

"ਢਾਈ ਅੱਖਰ ਪ੍ਰੇਮ ਕੇ" ਸਿਰਫ਼ ਕਾਫੀਆ ਮਿਲਾਉਣ ਲਈ ਹੀ ਨਹੀਂ ਲਿਖੇ ਗਏ ਸਗੋਂ ਇਹ ਪ੍ਰੇਮ ਸ਼ਬਦ, ਉਸ ਸਮੇਂ ਦੇ ਰਹੱਸਵਾਦੀ ਜੀਵਨ-ਧਾਰਾ ਦੇ ਪ੍ਰਤੀਕਮਈ ਪ੍ਰਗਟਾਵੇ ਲਈ ਵਰਤਿਆ ਗਿਆ ਹੈ, "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।" ਪ੍ਰਭੂ ਪ੍ਰੇਮ ਤੇ ਪ੍ਰਭੂ ਉਸਤਤੀ ਉਸ ਸਮੇਂ ਦੀ ਤਰਜ਼ੇ-ਜ਼ਿੰਦਗੀ ਸੀ, ਜਿਸ ਤਰ੍ਹਾਂ ਅੱਜ ਵਿਗਿਆਨਕ ਲੱਭਤਾਂ, ਕਾਰਜ ਤੇ ਕਾਰਨ ਦੇ ਨੇਮ ਸਾਡੀ ਤਰਜ਼ੇ-ਜ਼ਿੰਦਗੀ ਹਨ! ਵਿਗਿਆਨਕ ਪ੍ਰਗਤੀ ਨੇ ਸਾਡੇ ਅੰਦਰ ਜੋ ਨਵੀਂ ਨੈਤਿਕ ਚੇਤਨਾ ਉਤਪੰਨ ਕੀਤੀ ਹੈ ਉਹ ਆਪਣੇ ਸੁਭਾਅ ਵਿਚ ਨਵੀਂ ਦਿੱਖ ਰੱਖਦੀ ਹੋਈ ਵੀ ਸਾਡੀ ਮੁਢਲੀ ਨੈਤਿਕ ਚੇਤਨਾ (ਗੁਰਮੁਖ ਵਾਲੀ) ਤੋਂ ਵੱਖਰੀ ਨਹੀਂ। ਉਸ ਦਾ ਹੀ ਇਹ ਵਿਕਸਿਤ ਰੂਪ ਹੈ। ਵੱਖਰੀ ਹੋ ਵੀ ਨਹੀਂ ਸਕਦੀ ਕਿਉਂਕਿ ਨੈਤਿਕਤਾ ਦਾ ਵੀ, ਗਿਆਨ ਦੀਆਂ ਹੋਰ ਸ਼ਾਖ਼ਾਵਾਂ ਵਾਂਗ, ਨਿਰੰਤਰ ਵਿਕਾਸ ਹੁੰਦਾ ਆਇਆ ਹੈ। "ਸਚਹੁ ਓਰੈ ਸਭ ਕੋ ਉਪਰ ਸਚੁ ਅਚਾਰੁ" (ਗੁਰੂ ਨਾਨਕ)।

ਇਸ ਪ੍ਰਕਾਰ ਸਦਾਚਾਰ (ਨੈਤਿਕਤਾ) ਨੂੰ ਸੱਚ ਤੋਂ ਉਪਰਲਾ ਦਰਜ਼ਾ ਹਾਸਲ ਹੈ। ਜਿਹੜੇ ਸਦਾਚਾਰ ਨੂੰ ਆਪਣੇ ਜੀਵਨ ਦਾ ਅਨਿਖੜਵਾਂ ਹਿੱਸਾ, ਭਾਗ ਨਹੀਂ ਬਣਾਉਂਦੇ ਉਹ ਸੱਚੇ ਹੋਣ ਦਾ ਵੀ ਦਾਅਵਾ ਨਹੀਂ ਕਰ ਸਕਦੇ। ਜੋ ਸੱਚੇ ਹੋਣਗੇ ਉਹ ਸਦਾਚਾਰਕ ਤੌਰ 'ਤੇ ਵੀ ਸਵੱਛ ਹੋਣਗੇ; ਪ੍ਰੰਤੂ ਸਾਡੇ ਦੇਸ਼ ਵਿਚ ਦੌਲਤ ਇਕੱਠੀ ਕਰਨ ਦੀ ਹਵਸ ਤੇ ਉੱਚੀ ਤੋਂ ਉੱਚੀ ਪਦਵੀ ਨੂੰ ਪਹੁੰਚਣ ਦੀ ਲਾਲਸਾ ਨੇ, ਜੀਵਨ ਦੇ ਹੋਰਨਾਂ ਖੇਤਰਾਂ ਵਾਂਗ, ਸਾਡੇ ਵਿਦਿਅਕ ਅਦਾਰਿਆਂ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ। ਇਸ ਲਾਲਸਾ ਕਾਰਨ ਸੱਚੇ ਆਚਾਰ ਦੀ ਗੱਲ ਸਾਡੇ ਜੀਵਨ ਵਿਚੋਂ ਖੰਭ ਲਾ ਕੇ ਉਡ ਗਈ ਹੈ। "ਪ੍ਰੇਮ ਦੇ ਢਾਈ ਅੱਖਰਾਂ" ਦੀ ਥਾਂ "ਨਕਲ ਦੇ ਢਾਈ ਅੱਖਰਾਂ" ਨੇ ਲੈ ਲਈ ਹੈ।



ਦਸੰਬਰ 1978 ਵਿਚ ਜਲੰਧਰ ਵਿਖੇ, ਸਾਧੂ ਸਿੰਘ ਹਮਦਰਦ ਦੀ ਪ੍ਰਧਾਨਗੀ ਹੇਠ ਹੋਏ ਭਾਸ਼ਾ ਵਿਭਾਗ ਦੇ ਇਕ ਸੈਮੀਨਾਰ ਵਿਚ ਡਾ: ਰਤਨ ਸਿੰਘ ਜੱਗੀ ਦੇ ਇਕ ਖੋਜ-ਪੱਤਰ' ਤੇ ਹੋ ਰਹੀ ਬਹਿਸ ਵਿਚ ਭਾਗ ਲੈਂਦਿਆਂ ਡਾ: ਧਰਮ ਸਿੰਘ ਨੇ ਕਿਹਾ ਕਿ ਇਸ ਖੋਜ-ਪੱਤਰ ਵਿਚ ਸੰਸਕ੍ਰਿਤ ਦੇ ਭਾਰੇ ਭਾਰੇ ਸ਼ਬਦਾਂ ਤੋਂ ਇਲਾਵਾ ਬਾਕੀ ਸਭ ਕੁਝ ਮੇਰੇ ਪੰਜਾਬੀ ਦੁਨੀਆਂ ਵਿਚ ਛਪੇ ਫਲਾਂ ਲੇਖ ਦਾ ਚਰਬਾ ਹੈ। ਖੋਜ-ਪੱਤਰ ਲਿਖਣ ਵਾਲਾ ਵਿਦਵਾਨ ਕਿਉਂਕਿ ਉਥੇ ਨਹੀਂ ਸੀ (ਸ਼ਾਇਦ ਉਸ ਨੂੰ 250 ਰੁਪਏ ਮਾਂ-ਬੋਲੀ ਦੀ ਸੇਵਾ ਨਮਿਤ ਮਿਲਣ ਵਾਲੇ ਗੱਫੇ ਵਿਚ ਹੀ ਦਿਲਚਸਪੀ ਸੀ), ਸੋ ਗੱਲ ਦਾ ਨਿਤਾਰਾ ਨਾ ਹੋ ਸਕਿਆ। ਹਮਦਰਦ ਹੋਰਾਂ ਹਾਸੇ ਵਿਚ ਇਹ ਕਹਿ ਕੇ ਗੱਲ ਟਾਲ ਦਿਤੀ ਕਿ ਕੀ ਪਤਾ ਹੈ ਕਿ ਉਨ੍ਹਾਂ ਤੇਰੀ ਨਕਲ ਮਾਰੀ ਹੈ ਜਾਂ ਤੁਹਾਡਾ ਦੋਵਾਂ ਦਾ ਨਕਲ-ਸੋਮਾਂ ਸਾਂਝਾ ਹੈ। ਇਸ ਤੋਂ ਪਹਿਲਾਂ ਦੀ ਇਕ ਗੱਲ : ਰੇਡੀਓ ਤੋਂ ਇਸੇ ਵਿਦਵਾਨ ਦੀ ਪੁਸਤਕ ਗੁਰੂ ਨਾਨਕ ਵਿਚਾਰਧਾਰਾ ਦਾ ਰੀਵੀਊ ਕਰਨ ਵਾਲੇ ਦਾ ਇਹ ਅੰਤਿਮ ਵਾਕ "ਕੁਲ ਮਿਲਾ ਕੇ ਇਹ ਪੁਸਤਕ ਕਬੀਰ ਵਿਚਾਰਧਾਰਾ ਦਾ ਪਹਿਲਾ ਸਫਲ ਪੰਜਾਬੀ ਅਨੁਕਰਣ ਹੈ" ਵੀ ਮੈਨੂੰ ਉਸ ਦਿਨ ਚੇਤੇ ਆ ਗਿਆ।

ਖੋਜ ਪਤ੍ਰਿਕਾ ਦੇ "ਭਾਈ ਵੀਰ ਸਿੰਘ ਵਿਸ਼ੇਸ਼ ਅੰਕ 5", ਸਤੰਬਰ 1972 ਦੇ ਸੰਪਾਦਕੀ ਮੰਡਲ ਵਿਚ ਪੰਜਾਬੀ ਦੇ ਸਤ ਸਿਰਮੌਰ ਵਿਦਵਾਨ ਸ਼ਾਮਿਲ ਹਨ। ਇਸ ਅੰਕ ਵਿਚ ਡਾ: ਰਤਨ ਸਿੰਘ ਜੱਗੀ ਹੁਰਾ ਦਾ ਇਕ ਖੋਜ ਨਿਬੰਧ "ਭਾਈ ਵੀਰ ਸਿੰਘ ਦੀ ਕਵਿਤਾ ਵਿਚ ਰਹੱਸਵਾਦੀ ਪ੍ਰਵਿਰਤੀ" ਹੈ। ਹੇਠਾਂ ਅਸੀਂ, ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ, ਇਸ ਖੋਜ-ਨਿਬੰਧ ਵਿਚੋਂ ਕੁਝ ਟੁਕੜੀਆਂ ਅਤੇ ਨਾਲ ਹੀ ਹਿੰਦੀ ਪੁਸਤਕ "ਕਬੀਰ ਔਰ ਜਾਇਸੀ ਕਾ ਰਹੱਸਵਾਦ—ਤੁਲਨਾਤਮਕ ਵਿਵੇਚਨ" (ਲੇਖਕ : ਡਾ: ਗੋਬਿੰਦ ਤ੍ਰਿਗੁਣਾਯੁਤ; ਪ੍ਰਕਾਸ਼ਕ : ਸਾਹਿਤਯ ਸਦਨ, ਡੇਹਰਾਦੂਨ) ਵਿਚੋਂ ਟੁਕੜੀਆਂ ਪੇਸ਼ ਕਰ ਰਹੇ ਹਾਂ।

ਹੇਠ ਪਹਿਲਾਂ ਹਿੰਦੀ ਤੇ ਫਿਰ ਉਸ ਦਾ ਪੰਜਾਬੀ ਰੂਪਾਂਤਰ/ਲਿਪੀਆਂਤਰ ਪੇਸ਼ ਹੈ :

ੳ 1. ਅਸਿਤ੍ਕਤਾ : ਸੱਚੇ ਰਹੱਸਵਾਦੀ ਸਾਧਕ ਕੀ ਸਬਸੇ ਪ੍ਰਧਾਨ ਵਿਸ਼ੇਸ਼ਤਾ ਉਸ ਕੀ ਅਸਿਤ੍ਕਤਾ ਹੈ। ਉਸ ਮੇਂ ਆਪਨੇ ਅਗਧ੍ਯ ਕੇ ਅਸਤਿਤਵ ਕੇ ਪ੍ਰਤਿ ਦ੍ਰਿੜ੍ਹ ਨਿਸ਼ਠਾ ਹੋਣੀ ਚਾਹੀਏ। ਨਾਸਤਿਕ ਕਭੀ ਰਹੱਸਵਾਦੀ ਹੋ ਹੀ ਨਹੀਂ ਸਕਤਾ। ਇਸੀ ਲਿਏ ਪਾਸ਼੍ਚਾਤ੍ਯ ਵਿਦਵਾਨ ਰੂਡੋਲਫ਼ ਨੇ ਆਪਣੇ ਪ੍ਰਸਿੱਧ ਗ੍ਰੰਥ Mysticism in East and West ਮੇਂ ਆਸਿ੍ਤਕਤਾ ਕੋ ਰਹੱਸਯਵਾਦ ਕੀ ਆਧਾਰਭੂਮੀ ਕਹਾ ਹੈ। ਜਹਾਂ ਤਕ ਕਬੀਰ ਕੀ ਆਸਿਤ੍ਕਤਾ ਕਾ ਸਬੰਧ ਹੈ, ਉਸ ਕੇ ਵਿਸ਼ਯ ਮੇਂ ਦੋ ਮਤ ਨਹੀਂ ਹੋ ਸਕਦੇ। ਵੇ ਕਟਰ ਆਸਤਿਕ ਥੇ। (ਪੰਨਾ 9)

ਅ 1. ਆਸਤਿਕਤਾ : Mysticism in East and West ਦੇ ਲੇਖਕ ਰੂਡੋਲਫ (Rudolf) ਦਾ ਮੱਤ ਹੈ ਕਿ ਆਸਤਿਕਤਾ ਰਹੱਸਵਾਦ ਦੀ ਅਧਾਰ ਭੂਮੀ ਹੈ। ਰਹੱਸਵਾਦੀ ਉਹ ਹੈ ਜਿਸ ਦੀ ਆਪਣੇ ਇਸ਼ਟ ਪ੍ਰਤਿ ਦ੍ਰਿੜ੍ਹ ਨਿਸ਼ਠਾ ਹੋਵੇ। ਨਾਸਤਿਕ ਕਦੇ ਰਹੱਸਵਾਦੀ ਨਹੀਂ ਹੋ ਸਕਦਾ ਅਤੇ ਨਾ ਹੀ ਉਹ ਰਹੱਸਵਾਦੀ ਦੀ ਭਾਵ ਵਿਭੂਤੀ ਦੀ ਤਹਿ ਤੀਕ ਪਹੁੰਚ ਸਕਦਾ ਹੈ। ਭਾਈ ਵੀਰ ਸਿੰਘ ਆਸਤਿਕ ਸਨ। ਇਸ ਵਿਚ ਕੋਈ ਸੰਦੇਹ ਨਹੀਂ ਹੈ।

ੳ 2. ...ਰਹੱਸਵਾਦੀ ਕਾ ਪ੍ਰਿਯਤਮ ਸਗੁਣ ਔਰ ਨਿਰਗੁਣ ਦੋਨੋਂ ਹੀ ਹੋਤਾ ਹੈ...ਰਹੱਸਵਾਦੀ ਉਪਾਸ੍ਯ ਕੇ ਸਵਰੂਪ ਕੀ ਵਿਸ਼ੇਸ਼ਤਾ ਪਰ ਅੰਡਰਹਿਲ ਨੇ ਏਕ ਵਾਕ੍ਯ ਮੇਂ ਹੀ ਬਹੁਤ ਅੱਛਾ ਪ੍ਰਕਾਸ਼ ਡਾਲ ਦਿਯਾ ਹੈ—

The Absolute of the mystics is lovable, attainable and alive and personal. ਅਰਥਾਂਤ ਰਹੱਸੁਵਾਦਿਯੋਂ ਕਾ ਨਿਰਗੁਣ ਉਪਾਸੁਯ ਪ੍ਰੇਮ ਕਰਨੇ ਯੋਗਯ, ਪ੍ਰਾਪਤ ਕਰਨੇ ਯੋਗਯ, ਸਜੀਵ ਔਰ ਵੈਯਕ੍ਤਿਕ ਹੋਤਾ ਹੈ : (ਪੰਨਾ 11)

ਅ-2. **ਇਸ਼ਟ ਦਾ ਸਰੂਪ :** ਰਹੱਸਵਾਦੀ ਦੇ ਇਸ਼ਟ ਦਾ ਸਰੂਪ ਸਗੁਣ ਅਤੇ ਨਿਗੁਣ ਦੋਹਾਂ ਤਰ੍ਹਾਂ ਦਾ ਹੁੰਦਾ ਹੈ। ਮਿ: ਅੰਡਰਹਿਲ ਅਨੁਸਾਰ ਰਹੱਸਵਾਦੀਆਂ ਦਾ ਇਸ਼ਟਦੇਵ ਪ੍ਰੇਮ ਕਰਨਯੋਗ, ਪ੍ਰਾਪਤ ਕਰਨਯੋਗ, ਸਜੀਵ ਅਤੇ ਵਿਅਕਤਿਕ ਹੁੰਦਾ ਹੈ। The absolute of the mystics is lovable, attainable, alive and personal. (ਪੰਨਾ 95)

ੳ-3. ਮਨੁਸ਼ੁਯ ਕਾ ਸੁਵਭਾਵ ਹੈ ਕਿ ਵਹ ਪ੍ਰੇਮ ਉਸੀ ਸੇ ਕਰਤਾ ਹੈ ਯਾ ਤੋ ਜਿਸ ਕੇ ਰੂਪ ਕੋ ਦੇਖ ਕਰ ਵਹ ਮੁਗਧ ਹੋਤਾ ਹੈ ਯਾ ਜਿਸ ਸੇ ਉਸ ਕਾ ਕੁਛ ਸਵਾਰਥ ਸਿੱਧ ਹੋਤਾ ਹੈ...ਵਹ ਸੌਂਦਰਯ ਪ੍ਰਿਯ ਭੀ ਹੋਤਾ ਹੈ। (ਪੰਨਾ 12)

ਅ-3. ਮਨੁੱਖ ਦਾ ਸੁਭਾਅ ਹੈ ਕਿ ਉਹ ਉਸ ਨੂੰ ਪ੍ਰੇਮ ਕਰਦਾ ਹੈ ਜਿਸ ਦੇ ਸਰੂਪ ਨੂੰ ਵੇਖ ਕੇ ਉਹ ਮੁਗਧ ਹੋਇਆ ਹੋਵੇ। ਰਹੱਸਵਾਦੀ ਸੁੰਦਰਤਾ ਪ੍ਰੇਮੀ ਵੀ ਹੁੰਦਾ ਹੈ। (ਪੰਨਾ 95)

ੳ—4. ਇਸ ਸਾਧਨਾ ਕੀ ਪ੍ਰਕ੍ਰਿਆ ਮੁਖਯਤ, ਅੰਤਰਮੁਖੀ ਹੋਤੀ ਹੈ। ਟਾਲਰ ਨਾਮਕ ਪਾਸ਼ਚਤਯ ਰਹੱਸਵਾਦੀ ਨੇ ਅੰਤਰਮੁਖੀ ਸਾਧਨਾ ਕੀ ਪ੍ਰਕ੍ਰਿਆ ਇਸ ਪ੍ਰਕਾਰ ਬਤਲਾਈ ਹੈ :

When through all manner of exercises the outer man has been converted to the inward man then God had nakedly descend in the depths of the pure soul so that the spirit becomes one with him." ਅਰਥਾਤ ਕਈ ਸਾਧਕ ਵਿਵਿਧ ਸਾਧਨਾਉਂ ਕੇ ਫਲਸੁਰੂਪ ਬਾਹਰਾ ਪੁਰਸ਼ ਕਾ ਆਂਤਰਿਕ ਪੁਰਸ਼ ਸੇ ਤਾਦਾਤਮਯ ਸਥਾਪਤ ਕਰ ਲੇਤਾ ਹੈ, ਤਭੀ ਈਸ਼ਵਰਤਵ ਕੀ ਸ਼ੁਧ ਆਤਮਾ ਮੇਂ ਅਵਤਾਰਣਾਂ ਹੋਤੀ ਹੈ। ਇਸ ਪ੍ਰਕਾਰ ਆਤਮਾ ਔਰ ਪ੍ਰਮਾਤਮਾ ਕਾ ਐਕਯ (ਏਕਯ) ਸਥਾਪਿਤ ਹੋ ਜਾਤਾ ਹੈ। (ਪੰਨਾ 17)

ਅ—4. ਰਹੱਸਵਾਦੀ ਸਾਧਨਾ ਦੀ ਪ੍ਰਕ੍ਰਿਆ ਆਮ ਤੌਰ 'ਤੇ ਅੰਤਰਮੁਖੀ ਹੁੰਦੀ ਹੈ। ਟਾਲਰ ਦੇ ਕਥਨ ਅਨੁਸਾਰ ਜਦ ਕਈ ਪ੍ਰਕਾਰ ਦੀਆਂ ਸਾਧਨਾਵਾਂ ਦੇ ਫਲਸਰੂਪ ਸਾਧਕ ਦੇ ਬਾਹਰਲੇ ਪੁਰਸ਼ ਦੀ ਅੰਦਰਲੇ ਪੁਰਸ਼ ਨਾਲ ਇਕਮਿਕਤਾ ਕਾਇਮ ਹੋ ਜਾਂਦੀ ਹੈ ਤਾਂ ਈਸ਼ਵਰ ਅਨਾਵ੍ਰਿਤ ਰੂਪ ਵਿਚ ਸ਼ੁੱਧ ਆਤਮਾ ਦੀਆਂ ਡੂੰਘਾਈਆਂ ਵਿਚ ਉਤਰਦਾ ਹੈ ਅਤੇ ਆਤਮਾ ਪ੍ਰਮਾਤਮਾ ਦੀ ਏਕਤਾ ਸਥਾਪਿਤ ਹੋ ਜਾਂਦੀ ਹੈ। When through all manner of exercises the outer man has been converted to the inward man then God had nakedly descend in the depths of the pure soul so that the spirit becomes one with him." (ਪੰਨਾ 96.)

ੳ—5. ਬਾਹਰਮੁਖੀ ਪ੍ਰਕ੍ਰਿਆ : ਰਹੱਸਵਾਦ ਕੀ ਇਸ ਅੰਤਰਮੁਖੀ ਪ੍ਰਕ੍ਰਿਆ ਕੇ ਵਿਰੁਧ ਉਸ ਕੀ ਏਕ ਬਾਹਰਮੁਖੀ ਪ੍ਰਕ੍ਰਿਆ ਭੀ ਹੋਤੀ ਹੈ। ਇਨ ਦੋਨੋਂ ਪ੍ਰਕ੍ਰਿਆਯੋਂ ਕੋ ਸਪਸ਼ਟ ਕਰਤੇ ਹੂਏ ਅੰਡਰਹਿਲ ਨੇ ਲਿਖਾ ਹੈ—The full spiritual consciousness of the pure mystics is developed not in one but in two apparently opposite directions. On one hand he sees the sacramental unity in the whole world, secondly he develops the power of apprehending truth." ਅਰਥਾਤ ਸਚੇ ਰਹੱਸਵਾਦੀ ਕਾ ਅਧਿਆਤਮਕ ਵਿਕਾਸ ਦੋ ਵਿਰੋਧੀ ਧਾਰਾਉਂ ਮੇਂ ਉਨਮੁਖ ਹੋਤਾ ਹੈ। ਏਕ ਸੇ ਤੋ



ਵਹ ਸਾਰੇ ਸੰਸਾਰ ਮੇਂ ਏਕਾਤਮਕਤਾ ਕਾ ਅਨੁਭਵ ਕਰਤਾ ਹੈ; ਦੂਸਰੇ ਸੇ ਵਹ ਰਹੱਸਮਯ ਸਤਯ ਕੀ ਅਨੁਭੂਤੀ ਕਰਤਾ ਹੈ। (ਪੰਨਾ 19)

ਅ—5. **ਬਾਹਰਮੁਖੀ ਸਾਧਨਾ :** ਰਹੱਸਵਾਦ ਦੀ ਅੰਤਰਮੁਖੀ ਪ੍ਰਕ੍ਰਿਆ ਦੇ ਸਮਾਨਾਂਤਰ ਇਕ ਹੋਰ ਬਾਹਰਮੁਖੀ ਪ੍ਰਕ੍ਰਿਆ ਵੀ ਹੁੰਦੀ ਹੈ। ਮਿਸਟਰ ਅੰਡਰਹਿਲ ਅਨੁਸਾਰ "ਸੱਚੇ ਰਹੱਸਵਾਦੀ ਦੀ ਅਧਿਆਤਮਕ ਚੇਤਨਾ ਦਾ ਦੋ ਪਰਸਪਰ ਵਿਰੋਧੀ ਧਾਰਾਵਾਂ ਵਿਚ ਵਿਕਾਸ ਹੁੰਦਾ ਹੈ। ਇਕ ਵਿਚ ਉਹ ਸਾਰੇ ਸੰਸਾਰ ਦੀ ਇਕਾਤਮਿਕਤਾ ਦਾ ਅਨੁਭਵ ਕਰਦਾ ਹੈ ਅਤੇ ਦੂਜੇ ਨਾਲ ਉਹ ਸਤਿ ਦੇ ਅਨੁਭਵ ਲਈ ਸ਼ਕਤੀ ਸੰਜਦਾ ਹੈ। The full spiritual consciousness of the pure mystics is developed not in one but in two apparently opposite directions. On one hand he sees the sacramental unity in the whole world, secondly he develops the power of apprehending truth. (ਪੰਨਾ 17)

ੳ—6. ਰਹੱਸਵਾਦ ਕਾ ਸੂਖਸ਼ਮ ਅਧਿਐਨ ਕਰਨੇ ਵਾਲੇ ਆਚਾਰੀਯੋਂ ਨੇ ਪ੍ਰੇਮ ਸਾਧਨਾ ਕੀ ਅਵਸਥਾਯੋਂ ਕੇ ਆਧਾਰ ਪਰ ਰਹੱਸਵਾਦੀ ਸਾਧਨਾ ਕੇ ਵਿਕਾਸ ਕੀ ਕਈ ਅਵਸਥਾਏਂ ਮਾਨੀ ਹੈਂ। ਇਵਲਿਨ ਅੰਡਰਹਿਲ ਕੇ ਮਤ ਅਨੁਸਾਰ ਵੇ ਅਵਸਥਾਏਂ ਇਸ ਪ੍ਰਕਾਰ ਹੈਂ :

1. ਜਾਗਰਣ ਕੀ ਅਵਸਥਾ (State of awakening) 2. ਪਰਿਸਕਰਣ ਕੀ ਅਵਸਥਾ (Purification) 3. ਅੰਸ਼ ਅਨੁਭੂਤੀ ਕੀ ਅਵਸਥਾ (Illumination) 4. ਵਿਘਨੋਂ ਕੀ ਅਵਸਥਾ (Dark night) 5. ਮਿਲਨ ਕੀ ਅਵਸਥਾ (Unitive state)।

ਅਚਾਰਯ ਕਸ਼ਿਤੀ ਮੋਹਨ ਸੇਨ ਨੇ ਛਟੀ ਅਵਸਥਾ ਪੂਰਣ ਏਕਾਕਾਰ ਕੀ ਮਾਨੀ ਹੈ। (ਪੰਨਾ 24-25)।

ਅ—6. ਰਹੱਸਵਾਦ ਦਾ ਸੂਖਮ ਅਧਿਐਨ ਕਰਨ ਵਾਲੇ ਮਰਮੀ ਆਚਾਰੀਆਂ ਨੇ ਪ੍ਰੇਮ ਆਧਾਰ ਤੇ ਰਹੱਸਵਾਦੀ ਸਾਧਨਾ ਦੇ ਵਿਕਾਸ ਦੀਆਂ ਕਈ ਅਵੱਸਥਾਵਾਂ ਦੀ ਕਲਪਨਾ ਕੀਤੀ ਹੈ। ਮਿ: ਅੰਡਰਹਿਲ ਅਨੁਸਾਰ ਇਹ ਪੰਜ ਹਨ : ਜਾਗਰਣ ਦੀ ਅਵਸਥਾ (State of awakening) ਆਤਮ ਸ਼ੁੱਧੀ ਦੀ ਅਵਸਥਾ (state of Purification) ਅੰਸ਼ ਅਨੁਭੂਤੀ ਦੀ ਅਵਸਥਾ (state of illumination), ਵਿਘਨ ਦੀ ਅਵਸਥਾ (State of dark night), ਅਤੇ ਮਿਲਨ ਦੀ ਅਵਸਥਾ (Unitive state) ਆਚਾਰੀਆ ਕਸ਼ਿਤੀ ਮੋਹਨ ਸੇਨ ਨੇ "ਪੂਰਨ ਏਕਾਕਾਰ" ਦੀ ਇਕ ਛੇਵੀਂ ਅਵਸਥਾ ਵੀ ਕਲਪੀ ਹੈ (ਪੰਨਾ 99)।

ਉਪਰੋਕਤ ਸੰਖੇਪ ਤੁਲਨਾਤਮਕ ਵੇਰਵੇ ਵਿਚ ਇਸ ਗੱਲ ਦੇ ਸਬੂਤ ਹਨ ਕਿ ਵਿਦਵਾਨ ਖੋਜੀ ਨੇ ਪੂਰਨ ਦਿਆਨਤਦਾਰੀ ਨਾਲ ਡਾ: ਤ੍ਰਿਗੁਣਾਯਤ ਦੀ ਪੁਸਤਕ ਵਿਚੋਂ ਸਮੱਗਰੀ ਨੂੰ ਨਕਲ ਕੀਤਾ ਹੈ ਅਤੇ ਆਪਣੀ ਮੌਲਿਕ ਖੋਜ ਦਾ ਸਬੂਤ ਦੇਣ ਵਜੋਂ ਕਿਸੇ ਥਾਂ ਉਪਰੋਕਤ ਪੁਸਤਕ ਦਾ ਹਵਾਲਾ ਤਕ ਨਹੀਂ ਦਿੱਤਾ। ਉਨ੍ਹਾਂ ਦੀ ਵਿਦਵਿਤਾ ਦੀ ਧਾਂਕ ਨੂੰ ਸਵੀਕਾਰ ਕਰਦੇ ਹੋਏ ਉਪਰੋਕਤ ਦੇ ਸੰਦਰਭ ਵਿਚ ਸਾਨੂੰ ਸਹਿਜੇ ਹੀ ਕਬੀਰ ਸਾਹਿਬ ਦੇ ਸਲੋਕ ਵਿਚ ਮਾਮੂਲੀ ਸੋਧ ਕਰਕੇ ਉਸ ਨੂੰ ਪੇਸ਼ ਕਰਨ ਦੀ ਖ਼ੁਸ਼ੀ ਹੋ ਰਹੀ ਹੈ।

ਪੋਥੀ ਪੜ੍ਹ ਪੜ੍ਹ ਜਗ ਮੂਆ, ਪੰਡਿਤ ਭਇਆ ਨਾ ਕੋਇ।
ਢਾਈ ਅੱਖਰ ਜੋ ਨਕਲ ਕਰੇ ਸੋ ਹੀ ਪੰਡਿਤ ਹੋਇ।

ਇਕ ਪਾਸੇ ਯੂਨੀਵਰਸਿਟੀਆਂ ਦੁਆਰਾ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਨਕਲ ਮਾਰਦੇ

ਪਕੜਨ 'ਤੇ ਦੋ ਦੋ ਤਿੰਨ ਤਿੰਨ ਸਾਲ ਲਈ ਪ੍ਰੀਖਿਆ ਦੇਣ ਤੋਂ ਵੰਚਤ ਕੀਤਾ ਜਾਂਦਾ ਹੈ, ਪਰ ਦੂਸਰੇ ਪਾਸੇ ਯੂਨੀਵਰਸਿਟੀਆਂ ਇਨ੍ਹਾਂ ਸੁਧੀ ਨਕਲ ਮਾਰਨ ਵਾਲੇ ਵਿਦਵਾਨਾਂ ਨੂੰ ਉਚੀਆਂ ਕੁਰਸੀਆਂ 'ਤੇ ਸ਼ਸੋਭਿਤ ਕਰਨ ਦਾ ਮਾਣ ਬਖਸ਼ਦੀ ਹੈ। ਕੀ ਇਹ ਯੂਨੀਵਰਸਿਟੀਆਂ ਦੀ ਨੀਤੀ ਦਾ ਦੋਗਲਾਪਨ ਨਹੀਂ ਹੈ ?

—ਪਟਿਆਲੇ ਤੋਂ ਬਲਬੀਰ ਸਿੰਘ

o ਮੈਂ ਮਾਰਕਸਵਾਦ ਦੀ ਮਹੱਤਤਾ ਅਤੇ ਇਸ ਵੇਲੇ ਇਸ ਦੀ ਸਖਤ ਲੋੜ ਨੂੰ ਸਮਝਦਾ ਹਾਂ। ਇਸ ਬਾਰੇ ਮੈਨੂੰ ਕੋਈ ਬਹੁਤਾ 'ਗੂੜ੍ਹ-ਗਿਆਨ' ਨਹੀਂ! ਗੂੜ੍ਹ ਗਿਆਨ ਤੋਂ ਮੇਰਾ ਭਾਵ ਇਹ ਕਿ ਵੱਖ ਵੱਖ ਦੇਸ਼ਾਂ ਦੀਆਂ ਪਾਰਟੀਆਂ ਦਾ ਇਤਿਹਾਸ, ਉਹਨਾਂ ਦੇ ਦਾਅ ਪੇਚ, ਉਹਨਾਂ ਦੀਆਂ ਨਾਟਕਮਈ ਕਲਾਬਾਜ਼ੀਆਂ ਆਦਿ ਦਾ ਮੈਨੂੰ ਬਹੁਤਾ ਗਿਆਨ ਨਹੀਂ। ਮੈਨੂੰ ਆਪਣੀਆਂ ਦੇਸੀ ਕਮਿਊਨਿਸਟ ਪਾਰਟੀਆਂ ਵਿਚੋਂ ਕਿਸੇ ਦੀ ਮੈਂਬਰਸ਼ਿਪ ਜਾਂ ਹਮਦਰਦ ਵਾਲਾ ਦਰਜਾ ਲੈਣ ਦਾ ਕਦੀ ਸ਼ੌਕ ਨਹੀਂ ਹੋਇਆ, ਕਿਉਂਕਿ ਇਹਨਾਂ ਦੀ ਲਾਈਨ ਅਤੇ ਸਿਧਾਂਤ ਏਨੇ ਸਵੈ-ਵਿਰੋਧੀ ਹਨ ਕਿ ਆਮ ਸੂਝਵਾਨ ਸ਼ਹਿਰੀ ਵੀ ਇਹਨਾਂ ਦੀ ਸਾਰਥਕਤਾ ਨੂੰ ਨਹੀਂ ਸਮਝ ਸਕਦਾ। ਇਹਨਾਂ ਦੀ ਇਸ ਰੱਸਾ-ਕਸ਼ੀ ਨੇ ਬਹੁਤੇ ਸੂਝਵਾਨ ਸ਼ਹਿਰੀਆਂ ਨੂੰ ਵਿਗਿਆਨਕ ਸਮਾਜਵਾਦ ਤੋਂ ਉਪਰਾਮ ਕਰ ਦਿੱਤਾ ਹੈ। ਹੁਣ ਪਿਛਲੇ ਕੁਝ ਸਾਲਾਂ ਤੋਂ ਦੋਹਾਂ ਪਾਰਟੀਆਂ ਦੇ ਦੂਜੀਆਂ ਇਹੋ ਜਿਹੀਆਂ ਪਾਰਟੀਆਂ ਨਾਲ ਰਾਜਸੀ ਤੇ ਚੋਣਕ ਗਠਜੋੜਾਂ ਨੇ ਇਹਨਾਂ ਦੀ ਹਰਮਨਪਿਆਰਤਾ ਨੂੰ ਤਾਂ ਢਾਹ ਲਾਈ ਹੀ ਹੈ ਨਾਲ ਨਾਲ ਲੋਕਾਂ ਨੂੰ ਆਪਣੇ ਹੀ ਕਾਜ਼ ਤੋਂ ਪਿੱਛੇ ਹਟਾ ਦਿੱਤਾ ਹੈ। ਇਹ ਠੀਕ ਹੈ ਕਿ ਅੰਤਰਰਾਸ਼ਟਰੀ ਤੌਰ 'ਤੇ ਵੀ ਵਡੇ ਮਜਾਵਰਾਂ ਦਾ ਟਾਕਰਾ ਵੀ ਇਹਨਾਂ 'ਤੇ ਅਸਰਦਾਰ ਹੋਇਆ ਹੈ।

ਮੈਨੂੰ ਤਾਂ ਆਪ ਦੀ ਇਹ ਸੇਧ, ਕਿ ਲੋਕਾਂ ਨੂੰ ਲੋਕਾਂ ਦੇ ਅਮੀਰ ਇਨਕਲਾਬੀ ਵਿਰਸੇ ਦੀ ਸੂਝ ਦੇ ਕੇ ਉਹਨਾਂ ਨੂੰ ਵਿਗਿਆਨਕ ਸਮਾਜਵਾਦ ਦੀ ਜਾਗ ਲਾਉਣੀ ਸੌਖੀ ਵੀ ਹੈ ਅਤੇ ਸਾਰਥਕ ਵੀ ਹੈ, ਠੀਕ ਤੇ ਹਾਲਾਤ ਦੇ ਅਨੁਕੂਲ ਜਾਪਦੀ ਹੈ। ਜਦੋਂ ਕਿ ਏਸੇ ਵਿਚਾਰ ਦਾ ਸੇਖੋਂ ਨੇ ਆਪਣੇ ਸਮੇਂ ਵਿਚ ਜ਼ੋਰਦਾਰ ਵਿਰੋਧ ਕੀਤਾ ਸੀ। ਖ਼ੈਰ ਆਪ ਦੇ ਇਸ ਉਦਮ ਦੀ ਮੈਂ ਕਦਰ ਕਰਦਾ ਹਾਂ।

ਇਹ ਠੀਕ ਹੈ ਕਿ ਇਹ ਕੰਮ ਬੜਾ ਵਡਾ ਅਤੇ ਮੁਸ਼ਕਿਲਾਂ ਨਾਲ ਭਰਿਆ ਹੋਇਆ ਹੈ। ਆਰਥਕ ਔਕੜ ਹੈ। ਇਸ ਨੂੰ ਹਲ ਕਰਨਾ ਮੁਸ਼ਕਲ ਜ਼ਰੂਰ ਹੈ। ਕਿਉਂਕਿ ਜਿੰਨਾਂ ਚਿਰ ਇਸ ਵਿਚਾਰਧਾਰਾ ਦਾ ਕੋਈ ਮਨੋਂ ਧਾਰਨੀ ਨਾ ਹੋਵੇ ਉਨਾਂ ਚਿਰ ਪੱਕਾ ਪਾਠਕ ਨਹੀਂ ਬਣ ਸਕਦਾ।

ਮੈਂ ਇਹ ਮੰਨਦਾ ਹਾਂ ਕਿ ਇਹ ਸਮੂਹ ਦਾ ਕਾਜ ਹੈ—ਆਪਣੇ ਹੀ ਕਲਿਆਣ ਲਈ ਠੀਕ ਤੇ ਚੰਗਾ ਰਾਹ ਅਪਨਾਉਣਾ। ਪਰ ਲੋਕਾਂ ਵਿਚ ਪੁਰਾਣੀ ਗੁਲਾਮੀ ਅਤੇ ਪੂੰਜੀਵਾਦੀਆਂ ਦੇ ਦਾਅ-ਪੇਚ ਏਨੇ ਘਰ ਕਰ ਗਏ ਹਨ ਕਿ ਲੋਕ ਇਕਾਨੋਮਿਜ਼ਮ ਤੋਂ ਅਗੇ ਸੋਚਦੇ ਹੀ ਨਹੀਂ। ਤਨਖਾਹਾਂ ਵਧਾਉਣ ਲਈ ਜੇ ਸੰਘਰਸ਼ ਕਰਦੇ ਵੀ ਹਨ ਤਾਂ ਇਕ ਧੜਾ ਏਸੇ ਹੀ ਤਾੜ ਵਿਚ ਰਹਿੰਦਾ ਹੈ ਕਿ ਸਾਂਝੇ ਕਾਜ ਨੂੰ ਪਿਛਾਂਹ ਸੁਟ ਕੇ ਸਰਕਾਰ ਨਾਲ ਜਾਂ ਮਾਲਕਾਂ ਨਾਲ ਸਮਝੌਤਾ (ਅੰਦਰੂਨੀ) ਕਰ ਲਿਆ ਜਾਵੇ ਅਤੇ ਜਥੇਬੰਦੀ ਨੂੰ ਜੜ੍ਹੋਂ ਵਢਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਸੋ ਇਹਨਾ ਹਾਲਾਤ ਵਿਚ ਹੌਲੀ ਹੌਲੀ ਹੀ ਲੋਕਾਂ ਦੇ ਮਨਾਂ 'ਤੇ ਆਸਵੰਦ ਅਸਰ ਹੋਣ ਦੀ ਆਸ ਹੈ। ਪਰ ਸਾਨੂੰ ਥੋੜਿਆਂ ਨੂੰ ਹੀ ਆਪਣਾ ਕੰਮ ਜਾਰੀ ਰਖਣਾ ਚਾਹੀਦਾ ਹੈ।

—ਤਲਵੰਡੀ ਭਾਈ ਤੋਂ ਇਕ ਪਾਠਕ

o ਰਿਸਾਲੇ ਵੇਚਣ ਵਾਲੇ ਕਹਿੰਦੇ ਹਨ, ਸੇਧ ਦਾ ਕਵਰ ਮਨਮੋਹਣਾ ਬਣਾਉ। ਗਾਹਕ ਬਹੁਤਾ ਕਵਰ ਪਿੱਛੇ ਜਾਂਦਾ ਹੈ। ਮਾਰਚ ਮਹੀਨੇ ਦੀ ਆਰਸੀ, ਪੰਜਾਬੀ ਡਾਇਜੈਸਟ, ਕੌਮੀ ਏਕਤਾ, ਪ੍ਰੀਤ-ਲੜੀ, ਅਕਸ, ਪੂਜਾ...ਸਭ ਦੇ ਕਵਰਾਂ ਉਤੇ ਇਸਤਰੀ ਦੇ ਵੱਖ ਵੱਖ ਰੂਪ ਹਨ...ਚਿਕਣੀਆਂ ਇਸਤਰੀਆਂ ਤੇ ਚਿਕਣਾ ਹੀ ਕਾਗਜ਼। ਮੈਂ ਇਹ ਨਹੀਂ ਕਹਿੰਦਾ ਕਿ ਸੇਧ ਦਾ ਕਵਰ ਚਿਕਣਾ ਕੀਤਾ ਜਾਵੇ, ਜਾਂ ਅਜਿਹੀਆਂ ਤਸਵੀਰਾਂ ਦਿੱਤੀਆਂ ਜਾਣ...ਪਰ ਇਹ ਜ਼ਰੂਰ ਕਹਾਂਗਾ ਕਿ ਕੁਝ ਲੇਖ ਪਾਠਕਾਂ ਦੀ ਆਮ ਦਿਲਚਸਪੀ ਵਾਲੇ ਜ਼ਰੂਰ ਦਿੱਤੇ ਜਾਣ.. ਜਿਵੇਂ ਕਿ ਇਕ ਵਾਰ "ਕਾਰ ਵਾਲੀ ਤਰਜ਼ੇ-ਜ਼ਿੰਦਗੀ" ਲੇਖ ਸੀ। ਦੂਜੀ ਗੱਲ ਇਹ ਵੀ ਜ਼ਰੂਰੀ ਹੈ ਕਿ ਸੇਧ ਦੇ ਚਾਹਵਾਨਾਂ ਨੂੰ ਸੇਧ ਲਈ ਸਾਲਾਨਾ ਗਾਹਕ ਵਧ ਤੋਂ ਵਧ ਬਣਾਉਣ ਲਈ ਜਤਨ ਕਰਨਾ ਚਾਹੀਦਾ ਹੈ।

ਇਕ ਬੇਨਤੀ ਸੋਬਤੀ ਸਾਹਿਬ ਲਈ ਹੈ। ਉਹਨਾਂ ਦੇ ਲੇਖ ਖੁਸ਼ਕ ਬਹੁਤ ਹੁੰਦੇ ਹਨ। ਖਾਸ ਕਰ ਉਹਨਾਂ ਦੀ ਗੁਰਮੀਤ ਢਡੀਕੇ ਨਾਲ ਬਹਿਸ ਵਧੇਰੇ ਹੀ pedantry ਤੇ erudition ਵਾਲੀ ਸੀ। ਇਸ ਬੀਮਾਰੀ ਤੋਂ ਬਚਣ!

—ਚੰਡੀਗੜ੍ਹ ਤੋਂ ਇਕ ਪਾਠਕ

o ਜਿਸ ਉੱਦਮ, ਮਿਹਨਤ ਅਤੇ ਸਾਧਨਾ ਨਾਲ ਤੁਸੀਂ ਸੇਧ ਸੰਪਾਦਿਤ ਕਰ ਰਹੇ ਹੋ, ਉਹ ਬਹੁਤ ਸ਼ਲਾਘਾ-ਯੋਗ ਹੈ। ਜਿਸ ਆਸ਼ੇ ਨੂੰ ਮੁਖ ਰਖ ਕੇ ਤੁਸਾਂ ਇਹ ਕੰਮ ਸ਼ੁਰੂ ਕੀਤਾ ਹੈ, ਲਗਦੈ ਇਹ ਤੀਰ ਠੀਕ ਨਿਸ਼ਾਨੇ ਸਿਰ ਹੈ। ਪਰ ਫਿਰ ਵੀ ਜੇ. ਸਿੰਘ ਅਤੇ ਬਿੰਦੂ ਦੀ ਖੱਬੀ-ਸੱਜੀ ਪਾਰਟੀ 'ਤੇ ਹੀ ਲਾਈ ਆਸ ਮਨ ਨਹੀਂ ਲਗਦੀ।

—ਕਨੈਡਾ ਤੋਂ ਮੁਖਤਿਆਰ ਸਿੰਘ,

o


## ⊙ ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ ਮੁਲ : ਪੰਦਰਾਂ ਰੁਪੈ।

---

## ⊙ ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : ਪੰਦਰਾਂ ਰੁਪੈ, ਪੇਪਰ ਬੈਕ—ਮੁਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)

---

ਸੇਧ ਸੀਰੀਜ਼-1

### ਭਾਰਤ ਵਿਚ ਕਮਿਊਨਿਸਟ ਲਹਿਰ

ਭਾਰਤ ਦੇ ਉਘੇ ਕਮਿਊਨਿਸਟ
ਨੇਤਾ ਕੇ. ਦਾਮੋਦਰਨ ਦੀ ਪੁਸਤਕਾ
'ਇਕ ਕਮਿਊਨਿਸਟ ਦੀਆਂ ਯਾਦਾਂ।'
ਸੇਧ ਦੇ ਏਜੰਟਾਂ ਕੋਲੋਂ ਪ੍ਰਾਪਤ
ਕਰੋ ਜਾਂ ਸਿਧਿਆਂ ਸਾਨੂੰ ਲਿਖੋ।
ਮੁੱਲ : ਇਕ ਰੁਪੈਆ

### ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ
ਸਿੱਖ-ਲਹਿਰ ਦੇ ਇਤਿਹਾਸ ਅਤੇ
ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ
ਸਮਝਣ ਲਈ ਇਕ ਅਦੁੱਤੀ ਪੁਸਤਕ।
ਸਫ਼ੇ 210; ਮੁੱਲ : 10 ਰु:, ਪੱਕੀ ਜਿਲਦ
ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ
ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

# HFC

**a symbol of service to the farmers**

Hindustan Fertilizer Corporation—a Rs. 500 crore dedication to the farmers, geared to produce more than one million tonnes of fertilizer annually in the form of Ammonium Sulphate, Urea and complex fertilizers. Hindustan Fertilizer Corporation came into existence in April 1978. The Corporation has three Units at Namrup (Assam), Durgapur (West-Bengal) and Barauni (Bihar). Besides, a project at Haldia (West-Bengal) is in an advanced stage of completion. On completion of the Haldia proiect HFC will also be producing Methanol and Soda Ash, two important basic chemicals for the industry.

HINDUSTAN FERTILIZER CORPORATION LIMITED
'Madhuban' 55, Nehru Place,
New Delhi-110019.



# ਫ਼ਿਕਸਡ ਡਿਪਾਜ਼ਿਟ

ਕਿਵੇਂ

# ਵਧੇਰੇ

## ਲਾਭਕਾਰੀ ਹੋ ਸਕਦਾ ਹੈ ?

ASP/PSB/A2-78 F

**ਪੰਜਾਬ ਸਿੰਧ ਬੈਂਕ ਕੋਲ ਤਹਾਡੇ ਫ਼ਿਕਸਡ ਡਿਪਾਜ਼ਿਟ ਨੂੰ ਪ੍ਰਫੁਲਤ ਕਰਨ ਦੇ ਤਰੀਕੇ ਹਨ।**

ਪੰਜਾਬ ਸਿੰਧ ਬੈਂਕ ਕੋਲ ਤੁਹਾਡੇ 63 ਮਹੀਨਿਆਂ ਦੇ ਫ਼ਿਕਸਡ ਡਿਪਾਜਿਟ ਉੱਤੇ 9% ਸਾਲਾਨਾ ਵਿਆਜ ਮਿਲੇਗਾ। ਜੇਕਰ ਇਸ ਵਿਆਜ ਦੀ ਰਕਮ ਨਾਲ ਰਿਕਰਿੰਗ ਡਿਪਾਜ਼ਿਟ ਖਾਤਾ ਖੁਲ੍ਹਵਾਇਆ ਜਾਵੇ ਤਾਂ ਹੋਰ ਵਿਆਜ ਪ੍ਰਾਪਤ ਹੋਵੇਗਾ।

ਵਧੇਰੇ ਜਾਣ ਕਾਰੀ ਵਾਸਤੇ ਪੰਜਾਬ ਸਿੰਧ ਬੈਂਕ ਦੀ ਕਿਸੇ ਬ੍ਰਾਂਚ ਵਿਚ ਆਓ।

**ਪੀ ਐਸ ਬੀ** ਸੰਪੂਰਨ ਬੈਂਕ–ਸੇਵਾ ਦਾ ਪ੍ਰਤੀਕ

**ਦੀ ਪੰਜਾਬ ਐਂਡ ਸਿੰਧ ਬੈਂਕ ਲਿਮਿਟੇਡ**

(ਰਜਿਸਟਡ ਆਫਿਸ : ਹਾਲ ਬਜ਼ਾਰ ਅਮ੍ਰਿਤਸਰ) ਕੇਂਦਰੀ ਅਤੇ ਪ੍ਰਬੰਧਿਕ ਦਫਤਰ। 45/47 ਕਨਾਟ ਪਲੇਸ, ਨਵੀਂ ਦਿੱਲੀ

ਚੇਅਰਮੈਨ:ਇੰਦਰਜੀਤ ਸਿੰਘ

S E D H (DIRECTION) APRIL, 1979
Registered with the Registrar of Newspapers
for India—Registration No 23895/72 Regd. No. D (S) 022

# ਆਪਦੀ ਖੇਤੀ ਨੂੰ ਠੀਕ ਵਕਤ ਤੇ ਖਾਦ ਦੀ ਲੋੜ ਹੈ

## FCI ਤੋਂ ਸਲਾਹ ਲਉ



ਜਦ ਤੁਸੀਂ FCI ਦੀ ਖਾਦ ਖਰੀਦਦੇ ਹੋ ਤਾਂ FCI ਤੁਹਾਨੂੰ ਚੰਗੀ ਫਸਲ ਉਗਾਣ ਵਿੱਚ ਮਦਦਗਾਰ ਹੁੰਦੀ ਹੈ।

ਕਿਉਂਕਿ FCI ਜਾਣਦੀ ਹੈ ਕਿ

- ਕਿਸਾਨ ਨੂੰ ਖਾਦ ਦੀ ਯੋਗ ਵਰਤੋਂ ਦੀ ਜਾਣਕਾਰੀ ਦੀ ਲੋੜ ਹੈ।
- ਹਰ ਇਕ ਕਿਸਾਨ ਦੀ ਫ਼ਸਲ ਤੇ ਭੂਮੀ ਨੂੰ ਵਖ ਵਖ ਕਿਸਮ ਦੀ ਖਾਦ ਦੀ ਲੋੜ ਹੈ।
- ਠੀਕ ਵਕਤ ਤੇ ਖਾਦ ਦੀ ਵਰਤੋਂ ਭਰਪੂਰ ਫਸਲ ਵਿੱਚ ਸਹਾਇਤਾ ਦੇਂਦੀ ਹੈ।

ਖਾਦ ਵਰਤੋਂ ਦੀ ਪਰਦਰਸ਼ਨੀ ਅਥਵਾ ਵਾਹੀ ਦੇ ਦਿਨਾਂ ਵਿੱਚ ਅਤੇ ਕਿਸਾਨ ਮੇਲਿਆਂ ਰਾਹੀਂ FCI ਕਿਸਾਨਾਂ ਨੂੰ ਅਮਲੀ ਰੂਪ ਵਿੱਚ ਖਾਦ-ਵਰਤੋਂ ਦੀ ਜਾਣਕਾਰੀ ਕਰਾਂਦੀ ਹੈ।

ਸੌਖਾ ਤੇ ਸਾਦਾ ਤਕਨੀਕੀ ਸਾਹਿਤ ਕਿਸਾਨਾਂ ਨੂੰ ਯੋਗ ਸਮੇਂ ਤੇ ਠੀਕ ਮਿਕਦਾਰ ਵਿੱਚ ਖਾਦ ਦੀ ਵਰਤੋਂ ਬਾਰੇ ਜਾਣਕਾਰੀ ਦੇਵੇਗਾ।

### ਕੇਵਲ ਇਹ ਹੀ ਨਹੀਂ

FCI ਚਲਦੇ ਫਿਰਦੇ ਮਿੱਟੀ ਟੇਸਟ ਪ੍ਰਯੋਗ-ਸ਼ਾਲਾ ਰਾਹੀਂ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਵਿੱਚ ਹੀ ਮੁਫਤ ਮਿੱਟੀ ਟੈਸਟ ਕਰਨ ਦੀ ਸੇਵਾ ਦੇਂਦਾ ਹੈ।

ਹਰ ਪ੍ਰਕਾਰ ਦੀ ਸਹਾਇਤਾ ਤੇ ਅਗਵਾਈ ਲਈ ਆਪਣੇ ਇਲਾਕੇ ਦੇ ਖੇਤੀ-ਬਾੜੀ ਦੇ ਸਲਾਹਕਾਰ ਅਥਵਾ ਹੇਠ ਲਿਖੇ ਪਤੇ ਤੇ ਲਿਖੋ :

ਦੀ ਰਿਜਨਲ ਚੀਫ ਐਗਰੋਨਾਮਿਸਟ
ਫਰਟੇਲਾਈਜ਼ਰ ਕਾਰਪੋਰੇਸ਼ਨ ਆਫ਼ ਇੰਡੀਆ ਲਿ॰
ਗੋਰਖਪੁਰ ਯੂਨਿਟ, ਗੋਰਖਪੁਰ (ਯੂ.ਪੀ.)

FCI ਫਰਟੇਲਾਈਜ਼ਰ ਕਾਰਪੋਰੇਸ਼ਨ ਆਫ਼ ਇੰਡੀਆ ਲਿ॰
55-ਨਹਿਰੂ ਪਲੇਸ, ਨਵੀਂ ਦਿੱਲੀ-110019